INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਤਿ।
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

## ਮਈ 2025

ਜਪ੍ਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ ॥



If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-9417214391,9417214379

**ਟਰਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਖਾਲਸੇ ਦੇ ਜਨਮ ਦਿਨ 'ਵਿਸਾਖੀ' ਦੇ ਸ਼ੁਭ ਦਿਹਾੜੇ ਤੇ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।**









ਵਿਸਾਖੀ ਦੇ ਸ਼ੁਭ ਦਿਹਾੜੇ ਤੇ ਗੁਰੂਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਲਈ ਨਵੀਂ ਬਣੀ ਪਾਲਕੀ ਦਾ ਸੁਆਗਤ ਕਰਦੀਆਂ ਸੰਗਤਾਂ।





ਵਿਸਾਖੀ ਦੇ ਸ਼ੁਭ ਦਿਹਾੜੇ ਤੇ ਰਤਵਾੜਾ ਸਾਹਿਬ ਸੰਗਤਾਂ ਦਾ ਇਕੱਠ





ਬਟਾਲਾ ਮੰਡੀ ਵਿਖੇ ਸਾਲਾਨਾ ਸਮਾਗਮ ਸਮੇਂ ਜੁੜੀਆਂ ਸੰਗਤਾਂ

# ਆਤਮ ਮਾਰਗ


ਸਾਲ-ਇਕੱਤੀਵਾਂ, ਮਹੀਨਾ-ਮਈ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ — ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5

*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 8

*ਡਾ. ਭਾਈ ਵੀਰ ਸਿੰਘ ਜੀ*

3. ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨਹੀ ਆਯਉ 9

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥ 33

*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਮਮਾ ਮਨ ਸਿਉ ਕਾਜ ਹੈ........। 38

*ਸੰਤ ਬਾਬਾ ਹਰਪਾਲ ਸਿੰਘ ਜੀ*

6. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 42

*ਡਾ. ਜਗਜੀਤ ਸਿੰਘ*

7. ਗੁਰਬਾਣੀ ਅਰਥ ਭੰਡਾਰ 44

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

8. ਜਨ ਪਰਉਪਕਾਰੀ ਆਏ - ਭਾਗ 4 49

*ਪ੍ਰੋ. ਗੁਰਦੇਵ ਸਿੰਘ*

9. ਗੁਰ ਨਾਨਕ ਆਗਮਨ 53

*ਡਾ. ਭਾਈ ਵੀਰ ਸਿੰਘ ਜੀ*

10. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਸਿਖੀ ਹੈ ਬਲਵਾਨ ਕਰਨਾ ਸੁਰਤਿ ਨੂੰ**
**ਚੜ੍ਹਦੀ ਕਲਾ ਨਿਵਾਸ, ਸਦ ਹੀ ਰੱਖਣਾ।**

ਗੁਰਮਤਿ ਦਾ ਮਾਰਗ, ਆਤਮ ਮਾਰਗ ਹੈ। ਇਸ ਆਤਮ ਮਾਰਗ ਵਿਚ ਸੁਰਤਿ ਦੀ ਯਾਤਰਾ ਹੈ। ਸੁਰਤਿ ਨੇ ਸਫ਼ਰ, ਗੁਰੂ ਦੇ ਸ਼ਬਦ ਦੇ ਬਲ ਨਾਲ ਤੈਅ ਕਰਨਾ ਹੈ। ਸਰੀਰ ਇਕ ਸਾਧਨ ਮਾਤਰ ਹੈ। ਜਿੰਨੇ ਵੀ ਸਰੀਰਧਾਰੀ ਜੀਵ ਹਨ ਸਾਰਿਆਂ ਵਿਚ ਸੁਰਤਿ ਹੈ। ਜਿਵੇਂ ਕਿ ਬਾਣੀ ਵਿਚ ਫੁਰਮਾਨ ਹੈ -

*ਏਕਾ ਸੁਰਤਿ ਜੇਤੇ ਹੈ ਜੀਅ ॥*
*ਸੁਰਤਿ ਵਿਹੂਣਾ ਕੋਇ ਨ ਕੀਅ ॥* ਅੰਗ - ੨੪

ਸੁਰਤਿ ਨੂੰ ਜਾਗ੍ਰਤਿ ਅਤੇ ਚੇਤਨਤਾ ਦੇ ਅਰਥਾਂ ਵਿਚ ਵੀ ਸਮਝਿਆ ਤੇ ਵਿਚਾਰਿਆ ਜਾ ਸਕਦਾ ਹੈ। ਸੁਰਤਿ ਪਦ ਸੰਸਕ੍ਰਿਤ ਸ਼ਬਦ ਸਰੁਤੀ ਦਾ ਤਦਭਵ ਰੂਪ ਹੈ। ਜਿਸ ਦੇ ਅਰਥ ਹਨ 'ਸੁਣਨਾ'। ਜੋ ਇਲਹਾਮ ਸਿੱਧੇ ਸੁਣੇ ਗਏ ਉਨ੍ਹਾਂ ਨੂੰ ਵੇਦ (ਸਰੁਤੀ) ਕਿਹਾ ਜਾਂਦਾ ਹੈ। ਪਰ ਸੁਣਨ ਦੇ ਨਾਲ-ਨਾਲ ਧਿਆਨ ਦੀ ਲੋੜ ਪੈਂਦੀ ਹੈ। ਜੇ ਧਿਆਨ ਨਾਲ ਨਾ ਸੁਣਿਆ ਜਾਵੇ ਤਾਂ ਸੁਣਨ ਦੇ ਅਰਥ ਹੀ ਕੋਈ ਨਹੀਂ ਰਹਿ ਜਾਂਦੇ। ਇਸ ਕਰਕੇ ਸੁਰਤਿ ਅਤੇ ਧਿਆਨ ਦਾ ਗੂੜ੍ਹਾ ਸਬੰਧ ਹੈ। ਅੱਨਿਖੜਵਾਂ ਮਿਲਾਪ ਹੈ। ਡਾ. ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ ਸਿੱਖੀ ਹੈ ਬਲਵਾਨ ਕਰਨਾ ਸੁਰਤਿ ਨੂੰ, ਬਾਹਰੀ ਧਾਰਮਿਕ ਚਿੰਨ, ਖੇਤ ਰੂਪੀ ਵਾੜ ਦਾ ਕੰਮ ਤਾਂ ਕਰਦੇ ਹਨ ਪਰ ਖੇਤ ਦੇ ਅੰਦਰ ਫਸਲ/ਫਲ ਆਦਿ ਹੋਣੇ ਜ਼ਰੂਰੀ ਹਨ। ਜੇਕਰ ਸਿਰਫ ਭੇਖ ਦੇ ਤੌਰ 'ਤੇ, ਧਾਰਮਿਕ ਚਿੰਨ੍ਹਾਂ ਰੂਪੀ ਵਾੜ ਤਾਂ ਹੈ ਪਰ ਅੰਦਰ ਫਲ ਰੂਪੀ ਸੁਰਤਿ ਬਲਵਾਨ ਨਹੀਂ ਹੈ, ਜਾਂ ਨਿਰਬਲ ਹੈ ਤਾਂ ਵਾੜ ਬਹੁਤਾ ਮਹੱਤਵ ਨਹੀਂ ਰਹਿ ਜਾਂਦੀ। ਜੇਕਰ ਸਰੀਰ ਰੂਪੀ ਖੇਤ ਵਿਚ ਸੁਰਤਿ ਰੂਪੀ ਫਲ ਮਿੱਠਾ ਹੈ, ਬਲਵਾਨ ਹੈ, ਜਾਗ੍ਰਤਿ ਹੈ ਤਾਂ ਵਾੜ ਵੀ ਮੁਬਾਰਕਵਾਦ ਹੈ। ਸਰੀਰ ਮਿੱਟੀ ਦਾ ਬਣਿਆ ਹੈ, ਉਹ ਬੇਸੁਰਤ ਹੈ ਪਰ ਵਾਹਿਗੁਰੂ ਨੇ ਇਸ ਅੰਦਰ ਸੁਰਤਿ ਟਿਕਾ ਦਿਤੀ ਤਾਂ ਹਰਕਤ ਸ਼ੁਰੂ ਹੋਈ। ਸੁਰਤਿ ਕੇਵਲ ਮਨੁੱਖ ਵਿਚ ਹੀ ਨਹੀਂ ਇਹ ਤਮਾਮ ਜੀਵਾਂ ਵਿਚ ਹੈ। ***'ਮਾਟੀ ਅੰਧੀ ਸੁਰਤਿ ਸਮਾਈ ॥'*** ਚੇਤਨਾ ਤੋਂ ਬਿਨਾਂ ਕੋਈ ਜੀਵ ਨਹੀਂ ਹੈ -

*ਏਕਾ ਸੁਰਤਿ ਜੇਤੇ ਹੈ ਜੀਅ ॥*
*ਸੁਰਤਿ ਵਿਹੂਣਾ ਕੋਇ ਨ ਕੀਅ ॥* ਅੰਗ - ੨੪

ਪਰ ਹਰ ਜੀਵ ਦੀ ਚੇਤਨਾ ਪਰਮ ਚੇਤਨਾ ਦੀ ਹੀ ਅੰਸ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
ਅੰਗ - ੪੪੧

ਜੀਵ ਦੀ ਜੋਤਿ, ਵਾਹਿਗੁਰੂ ਦੀ ਜੋਤਿ ਵਿਚ ਲੀਨ ਹੁੰਦੀ ਹੈ, ਨਾਲੋਂ ਨਾਲ ਸੁਰਤਿ ਦਾ ਮਹਾਂ ਸੁਰਤਿ ਨਾਲ ਸੰਜੋਗ ਹੁੰਦਾ ਹੈ -

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥* ਅੰਗ- ੮੪੬

ਜੀਵ ਦੀ ਸੁਰਤਿ, ਪਰਮ ਸੁਰਤਿ, ਪਰਮ ਚੇਤਨਾ ਦੇ ਸੰਯੋਗ ਨਾਲ ਵਿਗਸਦੀ ਹੈ, ਖੇੜੇ ਵਿਚ ਆਉਂਦੀ ਹੈ। ਕੇਵਲ ਸੁਰਤਿ ਹੀ ਨਹੀਂ, ਮਨ ਤੇ ਬੁੱਧ ਵੀ ਸਰਸ਼ਾਰ ਹੋ ਜਾਂਦੇ ਹਨ। ਭਾਵ ***'ਮੰਨੈ ਸੁਰਤਿ ਹੋਵੈ ਮਨਿ ਬੁਧਿ ॥' (ਅੰਗ-੩)*** ਇਸ ਦੇ ਵਿਪਰੀਤ ਜੇਕਰ ਸੁਰਤਿ ਮਾਇਆਵੀ ਪਦਾਰਥਾਂ ਵਿਚ ਲਿਪਤ ਹੋ ਜਾਂਦੀ ਹੈ ਤਾਂ ਫਿਰ ਉਹ ਨਿਰਬਲ ਹੋ ਕੇ ਆਪਣੇ ਆਪੇ ਨੂੰ ਗੁਆਚੀ ਮਹਿਸੂਸ ਹੁੰਦੀ ਹੈ। ਭਾਵ -

*ਮਿਲਿ ਮਾਇਆ ਸੁਰਤਿ ਗਵਾਈ ॥* ਅੰਗ - ੯੯੯

ਸੱਚੇ ਪਾਤਸ਼ਾਹ ਸਾਨੂੰ ਹੋਰ ਸਪੱਸ਼ਟ ਰੂਪ ਵਿਚ ਸੋਧ ਬਖਸ਼ਦੇ ਹਨ -

*ਮਾਇਆਧਾਰੀ ਅਤਿ ਅੰਨਾ ਬੋਲਾ ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥* ਅੰਗ - ੩੧੩

ਨਿਰਬਲ ਸੁਰਤਿ ਵਾਲੇ ਨੂੰ, ਕਮਜ਼ੋਰ ਚੇਤਨਾ ਵਾਲੇ ਨੂੰ ਗੁਰੂ ਦਾ ਸ਼ਬਦ ਬਾਹਰੋਂ ਵੀ ਸੁਣਾਈ ਨਹੀਂ ਦਿੰਦਾ, ਅੰਦਰੋਂ ਸੁਣਨਾ ਤਾਂ ਦੂਰ ਦੀ ਗੱਲ ਹੈ। ਇਸ ਹਾਲਤ ਵਿਚ ਵਿਚਰਨ ਵਾਲਿਆਂ ਦੀ ਸੁਰਤਿ ਫਿੱਕੀ

ਦਰਸਾਈ ਗਈ ਹੈ। ਗੁਰਮੁਖਾਂ ਦੀ ਸੁਰਤਿ ਸੁਹਾਵਣੀ ਹੈ, ਗੁਰੂ ਦੇ ਸ਼ਬਦ ਨਾਲ ਸ਼ਿੰਗਾਰੀ ਗਈ ਹੈ ਪਰ ਮਨ ਦੇ ਪਿੱਛੇ ਲੱਗਣ ਵਾਲਿਆਂ ਦੀ ਨਿਰਬਲ ਹੋ ਕੇ ਫਿੱਕੀ ਪੈ ਜਾਂਦੀ ਹੈ -

*ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ ॥*

*ਅੰਗ- ੧੦੧੧*

ਜੋ ਗੁਰੂ ਦੇ ਸ਼ਬਦ ਨਾਲ ਜੁੜ ਗਏ ਹਨ। ਜਿਨ੍ਹਾਂ ਨੇ ਗੁਰੂ ਨੂੰ ਤਨ, ਮਨ ਸਉਂਪ ਦਿਤਾ ਹੈ ਅਤੇ ਗੁਰੂ ਦੇ ਹੁਕਮ ਅੱਗੇ ਸੀਸ ਨਿਵਾਇਆ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ - ੯੧੮*

ਗੁਰੂ ਨੂੰ ਤਨ ਮਨ ਦੇਣ ਵਾਲਿਆਂ ਦੀ ਸੁਰਤਿ ਬਲਵਾਨ ਹੋ ਜਾਂਦੀ ਹੈ। ਸੱਚੇ ਸ਼ਬਦ ਵਿਚ ਸਮਾਈ ਹੋ ਜਾਂਦੀ ਹੈ। ਭਾਵ -

*ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ ॥ ਅੰਗ - ੧੦੨੭*

ਐਸੀ ਬਲਵਾਨ ਸੁਰਤਿ ਦਾ ਨਿਸ਼ਾਨਾ ਕੇਵਲ ਤੇ ਕੇਵਲ ਗੁਰੂ ਦੇ ਸ਼ਬਦ ਨੂੰ ਸਮਝਣਾ ਹੈ। ਭਾਵ -

*ਗੁਰਮੁਖਿ ਸੁਰਤਿ ਸਬਦੁ ਨੀਸਾਨੁ ॥* *ਅੰਗ - ੪੧੪*

ਸੁਰਤਿ ਤੇ ਸਬਦਿ ਦੇ ਸੁਮੇਲ ਨਾਲ ਹੀ ਭਵਸਾਗਰ ਸੁਖਾਲਾ ਤਰਿਆ ਜਾ ਸਕਦਾ ਹੈ -

*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥* *ਅੰਗ - ੯੩੮*

ਇਸੇ ਸੁਰਤਿ ਸਬਦਿ ਵਾਲੇ ਆਤਮ ਮਾਰਗ ਨੂੰ ਸੁਖੈਨ ਸਮਝਾਉਣ ਵਾਸਤੇ ਰਤਵਾੜਾ ਸਾਹਿਬ ਟਰੱਸਟ ਦੇ ਬਾਨੀ, ਪਿਆਰੇ ਮਹਾਂਪੁਰਸ਼ਾਂ (ਸਚਖੰਡ ਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ) ਵਲੋਂ 'ਸੁਰਤਿ ਸਬਦਿ ਮਾਰਗ' ਪੁਸਤਕ ਦੀ ਰਚਨਾ ਕੀਤੀ ਗਈ। ਇਸ ਪੁਸਤਕ ਵਿਚ ਸੁਰਤਿ ਤੇ ਸਬਦਿ ਦੇ ਸੁਮੇਲ ਦਾ ਬਿਰਤਾਂਤ 21 ਘੰਟੇ ਦੇ ਬਚਨਾਂ ਰਾਹੀਂ ਮਹਾਂਪੁਰਸ਼ਾਂ ਨੇ, ਸੌਖੇ ਸ਼ਬਦਾਂ ਵਿਚ ਸਮਝਾਉਣਾ ਕੀਤਾ ਹੈ। ਸੁਰਤਿ ਨੂੰ ਨਿਰਬਲ ਕਰਨ ਵਾਲੇ ਕਿਹੜੇ-ਕਿਹੜੇ ਨਕਾਰਾਤਮਕ (Negative) ਤੱਤ ਹਨ ਜੋ ਪੈਰ-ਪੈਰ 'ਤੇ ਆਤਮ ਮਾਰਗ, ਰੂਹਾਨੀ ਮਾਰਗ ਵਿਚ ਰੁਕਾਵਟ ਪੈਦਾ ਕਰਦੇ ਰਹਿੰਦੇ ਹਨ। ਉਨ੍ਹਾਂ ਦੀ ਵੀਚਾਰ ਹੈ। ਦੂਜੇ ਪਾਸੇ ਸਕਾਰਾਤਮਕ (postive) ਤੱਤ ਹਨ ਜੋ ਸਾਡੀ ਸੁਰਤਿ ਨੂੰ ਬਲਵਾਨ ਕਰਦੇ ਹਨ। ਹੁਣ ਸੋਚਣਾ ਅਸੀਂ ਹੈ ਕਿ ਸੁਰਤਿ ਨੂੰ ਬਲਵਾਨ ਕਰਨਾ ਹੈ ਜਾਂ ਨਿਰਬਲ (ਕਮਜ਼ੋਰ, ਫਿੱਕੀ) ਕਰਨਾ ਹੈ। ਜਿਸ ਨੂੰ ਸੁਰਤਿ ਨੂੰ ਬਲਵਾਨ ਕਰਨ ਦਾ ਚਾਅ ਹੈ, ਲਗਨ ਹੈ ਉਹ ਪ੍ਰੇਮੀ, ਜਗਿਆਸੂ, ਸੁਰਤਿ ਸਬਦਿ ਮਾਰਗ ਪੁਸਤਕ ਪੜ੍ਹੇ, ਦੇਖੋ ਕਿ ਕਿਵੇਂ ਸੁਰਤਿ ਗੁਰੂ ਦੇ ਸਬਦਿ ਨਾਲ ਜੁੜਨ ਲਈ ਉਤਸ਼ਾਹਿਤ ਹੋ ਰਹੀ ਹੈ। 'ਆਤਮ ਮਾਰਗ' ਦਾ ਰੂਹਾਨੀ ਸਫ਼ਰ ਬਹੁਤ ਹੀ ਸੂਖਸ਼ਮ ਹੈ। ਸੂਖਸ਼ਮ ਸਫ਼ਰ ਲਈ ਸਾਧਨ ਵੀ ਸੂਖਸ਼ਮ ਹੋਣੇ ਜ਼ਰੂਰੀ ਹਨ। ਇਨ੍ਹਾਂ ਸੂਖਸ਼ਮ ਸਾਧਨਾਂ ਦਾ ਵੇਰਵਾ ਮਹਾਂਪੁਰਸ਼ਾਂ ਵਲੋਂ ਰਚਿਤ 'ਸੁਰਤਿ ਸਬਦਿ ਮਾਰਗ' ਪੁਸਤਕ ਵਿਚ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਹੈ। ਇਹ ਪੁਸਤਕ ਹੁਣ ਤੱਕ ਇਕ ਲੱਖ ਦੇ ਕਰੀਬ ਛਪ ਕੇ ਜਗਿਆਸੂਆਂ ਨੂੰ ਸੇਧ ਦੇ ਚੁਕੀ ਹੈ।

ਆਉ! ਸਾਰੇ ਡਾ. ਭਾਈ ਵੀਰ ਸਿੰਘ ਦੇ ਉਸੇ ਕਥਨ ਵਲ ਨਜਰਸਾਨੀ ਕਰਦੇ ਹੋਏ ਆਪਣੇ ਆਪ ਲਈ ਅਤੇ ਹੋਰ ਸਭਨਾਂ ਲਈ ਉਪਰਾਲਾ ਕਰੀਏ ਕਿ ਸਭਨਾਂ ਦੀ ਸੁਰਤਿ, ਗੁਰੂ ਦੇ ਸ਼ਬਦ ਨਾਲ ਲੱਗ ਕੇ ਬਲਵਾਨ ਹੋਵੇ। ਇਹ ਆਤਮ ਮਾਰਗ ਹੈ, ਸਿੱਖੀ ਹੈ। ਅਰਦਾਸ ਹੈ ਸਭਨਾਂ ਨੂੰ ਇਹ ਅਵਸਰ ਪ੍ਰਾਪਤ ਹੋਵੇ-

ਸਿਖੀ ਹੈ ਬਲਵਾਨ ਕਰਨਾ ਸੁਰਤਿ ਨੂੰ
ਚੜ੍ਹਦੀ ਕਲਾ ਨਿਵਾਸ, ਸਦ ਹੀ ਰੱਖਣਾ।

ਆਪ ਜੀ ਸਮੂੰਹ ਸੰਗਤਾਂ ਅਤੇ 'ਆਤਮ ਮਾਰਗ' ਮੈਗਜ਼ੀਨ ਪੜ੍ਹਨ ਸੁਣਨ ਵਾਲੇ ਜਗਿਆਸੂ ਜਨਾਂ ਨੂੰ ਲੱਖ-ਲੱਖ ਵਧਾਈ ਹੋਵੇ -

*ਗੁਰਸਿਖਾ ਮਨਿ ਵਾਧਾਈਆ*
*ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ ॥ ਅੰਗ - ੪੫੧*

ਉਹ ਜਗਿਆਸੂ ਮੁਬਾਰਕਵਾਦ ਲੈਣ ਦੇ ਪਾਤਰ ਹਨ ਜਿਨ੍ਹਾਂ ਨੇ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਨੂੰ ਪੜ੍ਹ ਕੇ ਗੁਰਮਤਿ ਦੀ ਜੀਵਨ ਜੁਗਤਿ ਪ੍ਰਾਪਤ ਕੀਤੀ ਹੈ। ***'ਚੰਦ ਮੁਬਾਰਕ ਈਦ ਪ੍ਰਗ ਖਲੋਵਣਾ।'*** ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ ਅਤੇ ਪਿਆਰੇ ਮਹਾਂਪੁਰਸ਼ਾਂ (ਸੰਤ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਬੀਜੀ) ਦੇ ਆਸ਼ੀਰਵਾਦ ਸਦਕਾ ਅਤੇ ਸਮੂੰਹ ਸੰਗਤਾਂ ਦੇ ਮਿਲੇ ਪਿਆਰ ਤੇ ਸਹਿਯੋਗ ਨਾਲ ਅਪ੍ਰੈਲ 2025 ਦੇ ਅੰਕ

ਨਾਲ ਆਤਮ ਮਾਰਗ, ਰੂਹਾਨੀ ਸਫ਼ਰ ਤੈਅ ਕਰਦਾ, ਨਿਰੋਲ ਰੂਹਾਨੀ ਖੁਸ਼ਬੋਆਂ ਵੰਡਦਾ 31ਵੇਂ ਸਾਲ 'ਚ ਪ੍ਰਵੇਸ਼ ਹੋ ਗਿਆ ਹੈ। 30 ਸਾਲਾਂ ਦਾ ਪਿਛਲਾ ਸਫਰ ਪੂਰਾ ਕਰਨ ਤੇ ਸਮੂੰਹ ਸੰਗਤਾਂ ਤੇ ਜਗਿਆਸੂ ਜਨਾਂ ਨੂੰ ਲੱਖ-ਲੱਖ ਵਧਾਈ ਹੋਵੇ। ਇਹ ਇਕ ਨਿਰੋਲ ਰੂਹਾਨੀ, ਮੈਗਜ਼ੀਨ ਹੈ। ਇਸ ਵਿਚਲੀ ਲੇਖਣੀ ਸਮੱਗਰੀ ਕਿਸੇ ਤਰ੍ਹਾਂ ਦੀ ਮਨ ਪਰਚਾਵੇ ਦਾ ਸਾਧਨ ਨਹੀਂ ਹੈ। ਇਹ ਤਾਂ ਕੇਵਲ ਤੇ ਕੇਵਲ ਗੁਰਮਤਿ ਦੀ ਜੀਵਨ ਜੁਗਤਿ ਅਨੁਸਾਰ, ਰੂਹਾਨੀ ਮਾਰਗ, ਆਤਮ ਮਾਰਗ, ਸੁਰਤਿ ਸਬਦਿ ਦੇ ਮਾਰਗ ਦੀ ਸੇਧ ਤੇ ਸੋਝੀ ਬਖਸ਼ਦੀ ਹੈ। ਇਸ ਵਿਚ ਮਹਾਂਪੁਰਸ਼ਾਂ ਦੇ ਅਨੁਭਵੀ ਤੇ ਕਮਾਏ ਹੋਏ ਬਚਨ ਸੁਖੈਨ ਤੇ ਸਰਲ ਸ਼ੈਲੀ ਵਿਚ ਅਮੋਘ ਬਾਣ ਦੀ ਤਰ੍ਹਾਂ ਹਨ ਜੋ ਕਿ ਜਗਿਆਸੂ ਦੇ ਹਿਰਦੇ ਨੂੰ ਸਿੱਧੇ ਤੌਰ 'ਤੇ ਉਤਸ਼ਾਹ ਬਖਸ਼ਦੇ ਹਨ। ਸਾਰੇ ਹੀ ਮਜ਼੍ਹਬਾਂ ਨੂੰ ਮੰਨਣ ਵਾਲੇ, ਪਿਆਰ ਕਰਨ ਵਾਲੇ ਪ੍ਰੇਮੀ ਜਨ ਇਸ ਤੋਂ ਪਿਛਲੇ 30 ਸਾਲਾਂ ਤੋਂ ਸੇਧ ਲੈ ਰਹੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਟਰੱਸਟ ਰਤਵਾੜਾ ਸਾਹਿਬ ਵਲੋਂ ਇਸ ਦੀ ਛਪਾਈ, ਪ੍ਰੈਸ ਦਾ ਖਰਚਾ, ਕਾਗਜ਼, ਦਫ਼ਤਰੀ ਖਰਚਿਆਂ ਆਦਿ ਤੇ ਵਧ ਰਹੀ ਮਹਿੰਗਾਈ ਦੇ ਬਾਵਜੂਦ ਵੀ ਨਜ਼ਰਸਾਨੀ ਨਹੀਂ ਕੀਤੀ ਜਾਂਦੀ ਸਗੋਂ ਕੇਵਲ ਤੇ ਕੇਵਲ ਗੁਰਮਤਿ ਦੇ ਪ੍ਰਚਾਰ ਹਿਤ ਹੀ ਟਰੱਸਟ ਵਲੋਂ ਲੱਖਾਂ ਰੁਪਏ ਸਾਲਾਨਾ ਇਸ ਦੀ ਨਿਰੰਤਰਤਾ ਲਈ ਰਾਖਵੇਂ ਰੱਖੇ ਜਾਂਦੇ ਹਨ। ਤਾਂ ਜੋ ਇਹ ਸਮੇਂ ਸਿਰ ਛਪ ਕੇ ਬਿਨਾਂ ਕਿਸੇ ਰੁਕਾਵਟ ਤੋਂ ਤੁਹਾਡੇ ਹੱਥਾਂ ਵਿਚ ਜਾਂਦਾ ਰਹੇ।

ਸੋ ਇਸ ਕਰਕੇ ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਨੂੰ ਆਪ ਪੜ੍ਹਿਆ ਜਾਵੇ ਅਤੇ ਹੋਰਨਾਂ ਨੂੰ ਪੜ੍ਹਨ ਲਈ ਪ੍ਰੇਰਿਤ ਕਰਕੇ ਇਸ ਨੂੰ ਘਰ-ਘਰ, ਵੱਧ ਤੋਂ ਵੱਧ ਜਗਿਆਸੂ ਜਨਾਂ ਦੇ ਹੱਥਾਂ ਵਿਚ ਪਹੁੰਚਾਇਆ ਜਾਵੇ। ਇਹੀ ਸਾਡੀ ਵੱਡੀ ਸੇਵਾ ਹੋਵੇਗੀ। ਪਿਆਰੇ ਮਹਾਂਪੁਰਸ਼ਾਂ ਦੇ ਭਵਿੱਖਤ ਬਚਨਾਂ ਨੂੰ ਇਥੇ ਕੋਡ ਕਰਨਾ ਮੁਨਾਸਿਬ ਸਮਝਦੇ ਹਾਂ। "ਜਿਸ ਘਰ ਵਿਚ 'ਆਤਮ ਮਾਰਗ' ਪੜ੍ਹਿਆ ਸੁਣਿਆ ਅਤੇ ਵੀਚਾਰਿਆ ਜਾਵੇਗਾ, ਉਥੇ ਦੁਖਾਂ-ਕਲੇਸ਼ਾਂ ਦਾ ਖਾਤਮਾ ਹੋ ਕੇ ਸੁੱਖਾਂ ਦਾ ਪ੍ਰਕਾਸ਼ ਹੋ ਜਾਵੇਗਾ ਕਿਉਂਕਿ ਇਸ ਵਿਚੋਂ ਗੁਰਮਤਿ ਦੀ ਜੀਵਨ ਜੁਗਤਿ ਦੀ ਬਖਸ਼ਿਸ਼ ਹੁੰਦੀ ਹੈ। ਗੁਰਬਾਣੀ ਦਾ ਸਿਧਾਂਤ ਹੈ ***'ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ (ਅੰਗ-੯੨੨)***

ਆਉ! 31ਵੇਂ ਸਾਲ ਪ੍ਰਵੇਸ਼ ਨੂੰ ਮੁੱਖ ਰਖਦੇ ਹੋਏ 5-5 ਮੈਂਬਰ ਬਣਾ ਕੇ 'ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥' ਦੇ ਸਿਧਾਂਤ ਤੇ ਪਹਿਰਾ ਦੇ ਕੇ ਦਸ਼ਮੇਸ਼ ਪਿਤਾ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ।

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥* *ਅੰਗ - ੨੯੩*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਜੇਠਿ
## (ਸੰਗਰਾਂਦ : 14 ਮਈ, ਦਿਨ ਬੁੱਧਵਾਰ)

*ਡਾ. ਭਾਈ ਵੀਰ ਸਿੰਘ ਜੀ*

**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥**
**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥**
**ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥**
**ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥**
**ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥**
**ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥**
**ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥**
**ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥**
**ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥**

***ਅੰਗ - ੧੩੪***

(ਜੇਠ ਵਿਚ) ਉਸ ਜੇਠ (ਵੱਡੇ) ਹਰੀ ਨਾਲ, ਜਿਸ ਅੱਗੇ ਸਾਰੇ ਨੀਉਂਦੇ ਹਨ, ਜੁੜੇ ਰਹਿਣਾ ਚਾਹੀਏ (ਕਿਉਂਕਿ ਉਸ) ਹਰੀ ਰੂਪੀ ਸਜਣ ਦੇ ਪੱਲੇ ਲਗ ਗਿਆ (ਭਾਵ ਉਸ ਨਾਲ ਜੁੜ ਗਿਆਂ) ਕਿਸੇ (ਹੋਰਸ) ਨੂੰ ਫੇਰ (ਜਮ ਦੇ ਦੂਤ) ਬੰਨ੍ਹੇ ਹੋਏ ਨਹੀਂ ਘੱਲੇ ਜਾ ਸਕਦੇ। ਕਿਉਂਕਿ ਲੜ ਲੱਗਿਆਂ ਦੇ ਪੱਲੇ) ਮਾਣਕਾਂ ਮੋਤੀਆਂ (ਤੋਂ ਕੀਮਤੀ) ਨਾਮ (ਰੂਪੀ ਰਤਨ) ਹੁੰਦਾ ਹੈ (ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ) ਉਸ ਨੂੰ ਸੰਨ੍ਹ ਲਗ ਹੀ ਨਹੀਂ ਸਕਦੀ (ਭਾਵ ਇਹ ਹੈ ਕਿ ਇਸ ਰਤਨ ਨੂੰ ਜਮ ਜਗਾਤੀ ਕਿਸੇ ਪੱਜ ਨਾਲ ਭੀ ਖੋਹ ਨਹੀਂ ਸਕਦਾ)। ਜਿਤਨੇ (ਜੀਵ ਨੂੰ) ਮਨ ਭਾਉਂਦੇ ਆਨੰਦ (ਹੋ ਸਕਦੇ) ਹਨ ਵਾਹਿਗੁਰੂ ਪਾਸ ਸਾਰੇ ਹੈਨ (ਸੋ ਦਾਮਨ ਲੱਗਿਆਂ ਨੂੰ ਇਹ ਪ੍ਰਾਪਤ ਸਮਝੋ। ਪਰ ਇਹ ਲੜ ਲੱਗੇ ਜੀਵ ਐਸੇ ਰਜ਼ਾ ਦੇ ਨਾਲ ਇਕ ਸੁਰ ਹੋ ਜਾਂਦੇ ਹਨ ਕਿ (ਹਰੀ ਜੋ ਚਾਹੁੰਦਾ ਹੈ ਸੋ ਕਰਦਾ ਹੈ (ਤੇ ਇਹ ਲੜ ਲੱਗੇ) ਜੀਵ (ਭੀ) ਉਹੋ ਕੁਛ ਕਰਦੇ ਹਨ (ਜੋ ਹਰੀ ਚਾਹੁੰਦਾ ਹੈ। ਇਸ ਲਈ) ਜੋ (ਜੀਵ) ਹਰੀ ਨੇ ਆਪਣੇ ਕਰ ਲੀਤੇ ਹਨ ਉਹ ਧੰਨ ਕਹੀਦੇ ਹਨ। (ਪ੍ਰਭੂ ਪ੍ਰਾਪਤੀ ਦਾ ਇਹ) ਆਨੰਦ, ਹੇ ਨਾਨਕ! ਉਹੀ ਮਾਣਦੇ ਹਨ ਜਿਨ੍ਹਾਂ ਨੂੰ ਸਾਧੂ ਦਾ ਸੰਗ ਪ੍ਰਾਪਤ ਹੁੰਦਾ ਹੈ, (ਸਾਧੂ ਸੰਗ ਤੋਂ ਬਿਨਾ) ਅਪਣਾ ਲੀਤਾ ਹੀ ਜੇ ਮਿਲ ਸਕਦਾ ਹੁੰਦਾ ਤਾਂ (ਜਿਨ੍ਹਾਂ ਨੂੰ ਨਹੀਂ ਮਿਲਿਆ ਉਹ) ਵਿਛੁੜ ਕੇ ਕਿਉਂ ਰੋ ਰਹੇ ਹਨ। ਜਿਸ ਦੇ ਮੱਥੇ ਤੇ ਭਾਗ (ਲਿਖਿਆ) ਹੋਵੇ ਉਸ ਨੂੰ ਹਰੀ ਰੂਪੀ ਆਨੰਦ ਦਾਇਕ ਮਾਲਕ (ਪ੍ਰਾਪਤ ਹੁੰਦਾ ਹੈ), (ਉਸੇ ਨੂੰ) ਜੇਠ ਦਾ ਮਹੀਨਾ ਆਨੰਦ ਦਾਇਕ ਹੁੰਦਾ ਹੈ।

ਨਿਰੁਕਤ - ਜੇਠਿ - ਜੇਠ ਦੁਆਰਾ। ਜੇਠ–ਜਯੇਸ਼ਠ–ਉਤਮ।

ਸ੍ਰੇਸ਼ਟ - ਵੱਡਾ।

ਹਰਿ ਜੇਠ (ਸਭ ਤੋਂ ਵੱਡਾ) ਹਰੀ।

ਨਿਵੰਨਿ–ਨਿਉਂਦੇ ਹਨ।

ਦਾਵਣਿ - ਦਾਮਨ (ਪੱਲਾ)

ਸੰਨਿ ਪਾੜ।

ਮਥੰਨਿ - ਮੱਥੇ ਤੇ।

# ਜਪ੍ਹਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨਹੀ ਆਯਉ

## (ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਹਾਦਤ, ਮਈ 30, 2025, ਦੇ ਸੰਦਰਭ ਵਿਚ ਮਹਾਂਪੁਰਸ਼ਾਂ ਦਾ ਵਿਸ਼ੇਸ਼ ਦੀਵਾਨ)

***ਸੰਤ ਵਰਿਆਮ ਸਿੰਘ ਜੀ***
*ਬਾਨੀ, ਟਰੱਸਟ ਰਤਵਾੜਾ ਸਾਹਿਬ*

***ਸਤਿਨਾਮ ਸ੍ਰੀ ਵਾਹਿਗੁਰੂ***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ***

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

***ਧਾਰਨਾ - ਤੁਝ ਬਿਨ ਕਵਨ ਹਮਾਰਾ,***
***ਮੇਰੇ ਪ੍ਰੀਤਮ ਪ੍ਰਾਣ ਆਧਾਰਾ।***

*ਤੁਝ ਬਿਨੁ ਕਵਨੁ ਹਮਾਰਾ ॥*
*ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ੧ ॥ ਰਹਾਉ ॥*
*ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ ॥*
*ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ॥*
*ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ ॥*
*ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ ॥*
*ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ ॥*
*ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ ॥*
*ਚਰਣ ਪਖਾਰਿ ਕਰਉ ਗੁਰ ਸੇਵਾ*
*ਬਾਰਿ ਜਾਉ ਲਖ ਬਰੀਆ॥*
*ਜਿਹ ਪ੍ਰਸਾਦਿ ਇਹੁ ਭਉਜਲੁ ਤਰਿਆ*
*ਜਨ ਨਾਨਕ ਪ੍ਰਿਅ ਸੰਗਿ ਮਿਰੀਆ ॥ ਅੰਗ - ੨੦੨*

***ਧਾਰਨਾ - ਕੋਈ ਕਿਸੇ ਦਾ ਕਿਸੈ ਦਾ ਹੈ ਕੋਈ,***
***ਮੇਰਾ ਤੂੰ ਹੈਂ ਏਕੋ ਮਾਲਕਾ।***

***ਸਗਲ ਦੁਆਰ ਕਉ ਛਾਡਿ ਕੈ***
***ਗਹਿਓ ਤੁਹਾਰੋ ਦੁਆਰ॥***
***ਬਾਂਹਿ ਗਹੇ ਕੀ ਲਾਜ ਅਸ***
***ਗੋਬਿੰਦ ਦਾਸ ਤੁਹਾਰ।। ਦੋਹਰਾ***

ਗੁਰੂ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਜੀ ਦਾ ਪਾਵਨ ਸ਼ਹੀਦੀ ਦਿਹਾੜਾ ਜੋ ਕਿ ਸਾਰੇ ਸੰਸਾਰ ਭਰ ਵਿਚ ਮਨਾਇਆ ਜਾਏਗਾ। ਉਸ ਦੀ ਯਾਦ ਵਿਚ ਤੁਸੀਂ ਦੂਰ-ਦਰਾਜ਼ ਤੋਂ ਆ ਕੇ, ਕਾਰੋਬਾਰ ਛੱਡਦੇ ਹੋਏ, ਗੁਰੂ ਦੀ ਹਾਜ਼ਰੀ ਭਰ ਰਹੇ ਹੋਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਸਰਵਣ ਕਰਨਾ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਪਾਵਨ ਬਾਣੀ ਤੇ ਵਿਚਾਰ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ। ਫੇਰ ਹਿਰਦੇ 'ਚ ਧਾਰੋ। ਜਦੋਂ ਵਾਰੀ ਆਵੇ ਤਾਂ ਬਿਨਾਂ ਸੰਕੋਚ ਗੱਜ ਵਜ ਕੇ ਸਾਰੇ ਸ਼ਬਦ 'ਚ ਬੋਲੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ ਕਿੰਨਾ ਫਲ ਹੋਏਗਾ? ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਹੋ ਸਕਦਾ ਹੈ ਕਿ ਕਿਸੇ ਦੇ ਮਨ ਵਿਚ ਇਹ ਕਿੰਤੂ ਹੋਵੇ ਕਿ ਐਨੀ ਕੁ ਗੱਲ ਦਾ, ਸ਼ਾਮਿਆਨੇ ਦੇ ਥੱਲੇ ਬੈਠੇ ਹਾਂ, ਇਕ ਸਾਧੂ ਹੈ, ਤਪੀਆ ਪੁਰਸ਼ ਹੈ ਉਹ ਧੁੱਪੇ ਬੈਠਾ ਹੈ, ਜੇਠ ਹਾੜ ਦੀ ਧੁੱਪ ਦੇ ਅੰਦਰ, ਧੂਣੀਆਂ ਉਸਨੇ ਚਾਰ ਆਲੇ-ਦੁਆਲੇ ਲਾਈਆਂ ਹੋਈਆਂ ਨੇ, ਚਾਰੋਂ ਪਾਸਿਆਂ ਦੀ ਹਵਾ ਦੇ। ਲਹੂ ਸੁਕਾ ਰਿਹਾ ਹੈ। ਕੁਛ ਪਾਣੀ ਨਹੀਂ ਪੀ ਰਿਹਾ, ਸਵੇਰ ਦਾ ਬੈਠਾ ਹੈ, ਸ਼ਾਮ ਹੋ ਗਈ, ਮਹੀਨੇ ਲੰਘ ਗਏ। ਕੀ ਉਸ ਤੋਂ ਵੀ ਵੱਧ ਤਪ ਹੋ ਜਾਂਦਾ ਹੈ। ਮਹਾਰਾਜ ਕਹਿੰਦੇ ਉਹ ਤਾਂ ਜਿਵੇਂ ਲੱਖ ਰੁਪਈਏ 'ਚੋਂ ਇਕ ਰੁਪਿਆ ਕਹਿ ਦੇਈਏ, ਐਨਾ ਵੀ ਨਹੀਂ ਹੈ। ਇਸ ਤੋਂ ਵੀ ਘੱਟ ਹੈ, ਇਕ ਪੈਸੇ ਜਿੰਨਾ ਹੈ। ਇਹਦਾ ਫਲ ਕਿੰਨਾ ਹੈ? ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਜਿਹੜੇ ਸੁਣਦੇ ਨੇ ਪੂਰੀ ਵਿਧੀ ਦੇ ਨਾਲ, ਫੇਰ ਗਾਉਂਦੇ ਨੇ, ਕਈ ਕਰੋੜ ਜੱਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੁੰਦਾ ਹੈ। ਸੋ ਬਹੁਤ ਵੱਡੇ ਫਲ ਨੂੰ ਪ੍ਰਾਪਤ ਕਰਨ ਵਾਸਤੇ ਤੁਸੀਂ ਇਥੇ ਬੈਠੇ ਓਂ। ਜੋ ਵਿਚਾਰ ਹੁੰਦੀ ਹੈ ਧਿਆਨ ਨਾਲ ਸਰਵਣ ਕਰੋ।

ਗੁਰੂ ਅਰਜਨ ਸਾਹਿਬ ਮਹਾਰਾਜ ਜਿਨ੍ਹਾਂ ਦਾ ਨਾਮ ਲੈਣ ਦੇ ਨਾਲ ਹੀ ਜੰਮਣਾ ਮਰਨਾ ਕੱਟ ਜਾਇਆ ਕਰਦਾ ਹੈ, ਜਦੋਂ ਅਸੀਂ ਯਾਦ ਕਰਦੇ ਹਾਂ ਗੁਰੂ ਮਹਾਰਾਜ ਨੂੰ, ਉਨ੍ਹਾਂ ਦੀ ਯਾਦ ਵਿਚ ਸਾਡੇ ਮਨ ਦੀ ਸੂਈ ਸਿੱਧੀ ਹੁੰਦੀ ਹੈ ਤਾਂ ਉਸ ਵੇਲੇ ਫਲ ਕਿੰਨਾ ਹੁੰਦਾ ਹੈ? ਗੁਰੂ ਗ੍ਰੰਥ ਸਾਹਿਬ ਮਹਾਰਾਜ ਵਿਚ ਆਉਂਦਾ ਹੈ ਕਿ ਜੰਮਣਾ ਮਰਣਾ ਖਤਮ ਹੋ ਜਾਂਦਾ ਹੈ।

ਜਿਸ ਨੇ ਵੀ ਗੁਰੂ ਅਰਜਨ ਸਾਹਿਬ ਜੀ ਦੀ ਯਾਦ ਹਿਰਦੇ 'ਚ ਬਿਠਾਈ ਤੇ ਜਿਸ ਨੇ ਇਹ ਕਹਿ ਦਿਤਾ ਧੰਨ ਗੁਰੂ ਅਰਜਨ ਸਾਹਿਬ-ਧੰਨ ਗੁਰੂ ਅਰਜਨ ਸਾਹਿਬ।

ਕਹਿੰਦੇ, ਜਮਦੂਤਾਂ ਦੇ ਬਲ ਦੇ ਨਾਲ ਗਲ ਵਿਚ ਪਾਈ ਹੋਈ ਫਾਹੀ ਕਟ ਜਾਏਗੀ। ਓਸ ਗੁਰੂ ਦੀ ਯਾਦ ਵਿਚ ਜਿਹਨੂੰ ਸ਼ਹੀਦਾਂ ਦਾ ਸਿਰਤਾਜ ਕਹਿੰਦੇ ਨੇ ਅੱਜ ਤੁਸੀਂ ਦੂਰ-ਦਰਾਜ਼ ਤੋਂ ਆ ਕੇ ਇਕੱਠੇ ਹੋਏ ਓਂ। ਸੋ ਆਪਾਂ ਵਿਚਾਰ ਕਰਨੀ ਹੈ। ਭੱਟ ਸਾਰੇ ਭਾਰਤ ਵਰਸ਼ ਵਿਚ ਘੁੰਮਦੇ ਫਿਰਦੇ ਰਹੇ ਤੇ ਉਨ੍ਹਾਂ ਦੇ ਮਨ ਵਿਚ ਇਹ ਸੀ ਕਿ ਕੋਈ ਪੂਰਾ ਜੇ ਮਿਲ ਜਾਵੇ ਤਾਂ ਉਸ ਤੋਂ ਅਸੀਂ ਜੀਵਨ ਦੇ ਮਨੋਰਥ ਦਾ ਪਤਾ ਕਰੀਏ ਤੇ ਪਰਮ ਮਨੋਰਥ ਨੂੰ ਪ੍ਰਾਪਤ ਕਰੀਏ। ਉਹ ਬਹੁਤ ਘੁੰਮਦੇ ਰਹੇ ਲੇਕਿਨ ਕਿਤੇ ਨਾ ਮਿਲਿਆ। ਇਕ ਸਾਲ ਹੋ ਗਿਆ ਫਿਰਦਿਆਂ ਨੂੰ, ਲੇਕਿਨ ਕੋਈ ਮਿਲਿਆ ਨਾ ਐਸਾ ਜਿਹੜਾ ਤਸੱਲੀ ਕਰ ਸਕਦਾ ਹੋਵੇ। ਜਿਹੜਾ ਅੰਦਰਲੀ ਜੋਤੀ ਜਗਾ ਸਕਦਾ ਹੋਵੇ। ਜਿਹੜਾ ਅੰਦਰਲੇ-

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਅੰਗ - ੧੨੯੧*

ਇਸ ਥਾਂ ਦੇ ਉਤੇ ਪਹੁੰਚਾ ਦਿੰਦਾ। ਜਿਥੇ ਪੰਜੇ ਸ਼ਬਦਾਂ ਦਾ ਵਾਜਾ ਦਿਨ ਰਾਤ ਵਜਦਾ ਹੈ। ਜਿਥੇ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹਰ ਵਕਤ ਲਟ-ਲਟ ਕਰਦਾ ਹੈ, ਕੋਈ ਮਿਲਿਆ ਨਾ, ਵੱਡੇ-ਵੱਡੇ ਦੇਖੇ। ਕਹਿੰਦੇ ਕਹਾਉਂਦੇ ਦੇਖੇ, ਲੇਕਿਨ ਰਹਿਤ ਨਾ ਦੇਖੀ। ਪਰ ਹੁਣ ਕਹਿੰਦੇ, ਸਾਡੇ ਮੱਥੇ ਦੇ ਉਤੇ ਕੋਈ ਐਸਾ ਸ਼ੁੱਭ ਕਰਮ ਪ੍ਰਗਟ ਹੋ ਗਿਆ ਕਿ ਅਸੀਂ ਗੁਰੂ ਅਰਜਨ ਪਾਤਸ਼ਾਹ ਦੇ ਦਰਬਾਰ ਵਿਚ ਆ ਗਏ। ਜਿਨ੍ਹਾਂ ਚਿਰ ਨਹੀਂ ਪ੍ਰਗਟਿਆ ਸੀ ਓਨਾਂ ਚਿਰ ਅਸੀਂ ਭਰਮਦੇ ਫਿਰਦੇ ਸੀ -

*ਜਬ ਲਉ ਨਹੀ ਭਾਗ ਲਿਲਾਰ ਉਦੈ*
*ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ*
*ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ ॥ ਅੰਗ - ੧੪੦੯*

ਕੋਈ ਨਹੀਂ ਸੀ ਮਿਲਿਆ।

*ਤਤੁ ਬਿਚਾਰੁ ਯਹੈ ਮਥੁਰਾ*
*ਜਗ ਤਾਰਨ ਕਉ ਅਵਤਾਰੁ ਬਨਾਯਉ ॥*
*ਜਪ੍ਯ੍ਉ ਜਿਨ੍ ਅਰਜੁਨ ਦੇਵ ਗੁਰੂ*
*ਫਿਰਿ ਸੰਕਟ ਜੋਨਿ ਗਰਭ ਨ ਆਯਉ ॥ ਅੰਗ - ੧੪੦੯*

ਜਿਹਨੇ ਉਨ੍ਹਾਂ ਦਾ ਧਿਆਨ ਧਰ ਲਿਆ ਫੇਰ ਨਾ ਉਹਦੇ ਉਤੇ ਕੋਈ ਦੁੱਖ ਆਵੇ, ਨਾ ਜੂਨੀਆਂ 'ਚ ਆਵੇ। ਜੰਮਣ-ਮਰਣਾ, ਖਤਮ ਹੋ ਜਾਂਦਾ ਹੈ, ਭੂਤ ਪ੍ਰੇਤ ਨਹੀਂ ਬਣਦਾ।

ਗੁਰੂ ਅਰਜਨ ਪਾਤਸ਼ਾਹ, ਆਪ ਗੁਰੂ ਰਾਮਦਾਸ ਪਾਤਸ਼ਾਹ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਇਸੇ ਪਰਿਵਾਰ ਦੇ ਜੋ ਸਭ ਤੋਂ ਵੱਡੇ ਸੀ ਪ੍ਰਿਥੀ ਚੰਦ ਉਹ ਦੁਨਿਆਵੀ ਤੌਰ ਦੇ ਉਤੇ ਬਹੁਤ ਹੁਸ਼ਿਆਰ ਸੀ। ਕਾਰੋਬਾਰ ਦੇ ਹਿਸਾਬ ਨਾਲ ਨਵਾਂ ਅੰਮ੍ਰਿਤਸਰ ਸਾਹਿਬ ਦਾ ਸ਼ਹਿਰ ਵਸਾਇਆ ਸੀ। 52 ਕਿਸਮਾਂ ਵਾਲੇ ਬੰਦੇ ਉਥੇ ਲਿਆ ਕੇ ਵਸਾਏ, ਜਦੋਂ ਸ਼ਹਿਰ ਵਸਦਾ ਹੈ ਉਸ ਵੇਲੇ ਬਹੁਤ ਜ਼ਿੰਮੇਵਾਰੀ ਵਧ ਜਾਂਦੀ ਹੈ, ਵਸਾਉਣ ਵਾਲੇ ਦੀ। ਉਨ੍ਹਾਂ ਦਾ ਪਾਣੀ ਦਾ ਬੰਦੋਬਸਤ, ਉਨ੍ਹਾਂ ਦੀ ਸਿਹਤ ਦਾ ਬੰਦੋਬਸਤ, ਸਫਾਈ ਦਾ ਬੰਦੋਬਸਤ, ਖਾਣ ਪੀਣ ਦਾ ਬੰਦੋਬਸਤ, ਦੁਕਾਨਾਂ ਦਾ ਬੰਦੋਬਸਤ, ਲੋੜਵੰਦ ਬੰਦੋਬਸਤ, ਦੁੱਧ ਦਾ ਦਹੀਂ ਦਾ, ਘਿਉ ਦਾ। ਮੰਡੀ ਬਣਾਉਣੀ ਪੈਂਦੀ ਹੈ, ਸਾਰਾ ਢਾਂਚਾ ਬਣਾਉਣਾ ਪੈਂਦਾ ਹੈ। ਸੋ ਉਹਦੇ ਵਿਚ ਬੜਾ ਹੀ ਨਿਪੁੰਨ ਸੀ ਪ੍ਰਿਥੀ ਚੰਦ। ਕਮੇਟੀ ਕੋਈ ਨਹੀਂ ਸੀ ਬਣਾਈ ਹੋਈ ਜਿਵੇਂ ਮਿਉਂਸਪਲ ਹੁੰਦੀ ਹੈ ਅੱਜਕਲ੍ਹ। ਉਹ ਆਪ ਹੀ ਟੈਕਸ ਲਾਉਂਦਾ ਸੀ, ਆਪ ਹੀ ਸਭ ਕੰਮ ਕਰਦਾ ਸੀ। ਜਨਤਾ ਵੀ ਰਾਜ਼ੀ ਸੀ, ਗੁਰੂ ਕੇ ਲੰਗਰ ਵੀ ਚਲਦੇ ਸੀ। ਇਹਦੇ ਮਨ ਵਿਚ ਖਿਆਲ ਰਹਿੰਦਾ ਸੀ ਕਿ ਗੁਰਗੱਦੀ ਮੈਨੂੰ ਮਿਲ ਜਾਵੇ ਕਿਉਂਕਿ ਮੈਂ ਵੱਡਾ ਹਾਂ, ਮੇਰਾ ਹੱਕ ਹੈ। ਇਹ ਕਿਸੇ ਹੋਰ ਨੂੰ ਨਾ ਦੇ ਦੇਣ, ਪਰ ਗੁਰੂ ਰਾਮਦਾਸ ਮਹਾਰਾਜ ਜੀ ਇਹਦੀ ਅੰਦਰਲੀ ਗੱਲ ਨੂੰ ਜਾਣਦੇ ਸੀ ਤੇ ਉਨ੍ਹਾਂ ਨੂੰ ਇਹ ਪਤਾ ਸੀ ਕਿ ਸੰਸਾਰ ਦਾ ਬੋਝ ਨਹੀਂ ਇਹ ਚੁੱਕ ਸਕਦਾ। ਇਹ ਬੰਦਾ ਕਮਜ਼ੋਰ ਹੈ, ਇਹ ਹਿਤ ਦੇ ਪਿੱਛੇ ਲੱਗਿਆ ਹੋਇਆ ਹੈ। ਲਾਲਚ ਪਿੱਛੇ ਲੱਗਿਆ ਹੋਇਆ ਹੈ, ਮਾਇਆ ਪਿੱਛੇ ਲੱਗਿਆ ਹੋਇਆ ਹੈ। ਜਿਹੜਾ ਵੀ ਆਦਮੀ ਮਾਇਆ ਦੇ ਪਿੱਛੇ ਲੱਗੇਗਾ ਉਹ ਕਮਜ਼ੋਰ ਹੋਏਗਾ। ਉਹ ਸੱਚ ਨਹੀਂ ਬੋਲ ਸਕਦਾ ਕਦੇ ਵੀ। ਸੱਚ ਨੂੰ ਸਾਮ੍ਹਣੇ ਸਹਿ ਨਹੀਂ ਸਕਦਾ। ਓਸ ਨੂੰ ਝੂਠ ਦੀ ਓਟ ਲੈਣੀ ਪੈਂਦੀ ਹੈ। ਸੱਚ ਵਾਹਿਗੁਰੂ ਹੈ, ਜਿਹਦਾ ਵਾਹਿਗੁਰੂ ਦੇ ਉਤੇ ਭਰੋਸਾ ਹੈ ਉਹ ਫੇਰ ਓਸ ਭਰੋਸੇ ਨੂੰ ਛੱਡ ਕੇ ਹੋਰ ਕਿਸੇ ਦੇ ਭਰੋਸੇ ਤੇ ਨਹੀਂ ਜਾ ਸਕਦਾ।

ਸੋ ਰਾਮਦਾਸ ਮਹਾਰਾਜ ਜੀ ਨੇ ਏਸ ਗੱਲ ਨੂੰ ਪਰਖਣ ਵਾਸਤੇ ਥੋੜ੍ਹਾ ਬਚਨ ਕੀਤਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਸੀ। ਕਹਿਣ ਲੱਗੇ, ਪ੍ਰਿਥੀ ਚੰਦ ਤੂੰ ਚਲਿਆ ਜਾ, ਕਹਿੰਦਾ ਮਹਾਰਾਜ! ਮੈਂ ਕਿਸ ਤਰ੍ਹਾਂ ਜਾ ਸਕਦਾ ਹਾਂ। ਐਥੇ ਦੇਖੋ ਕਿੰਨੀਆਂ ਸੰਗਤਾਂ ਆਉਂਦੀਆਂ ਨੇ, ਕਿੱਡਾ ਭਾਰਾ ਲੰਗਰ ਚਲਦਾ ਹੈ। ਤੁਸੀਂ ਤਾਂ ਚਲੇ ਜਾਂਦੇ ਓਂ, ਮੈਨੂੰ ਹੀ ਪਤਾ ਹੈ ਕਿ ਕਿੰਨੀਆਂ

ਚੀਜ਼ਾਂ ਲਿਆਉਣੀਆਂ ਪੈਂਦੀਆਂ ਨੇ। ਅੰਦਰ ਖਿਆਲ ਇਹ ਸੀ ਕਿ ਕਿਤੇ ਮੈਨੂੰ ਬਾਹਰ ਭੇਜ ਕੇ ਐਸਾ ਨਾ ਹੋਵੇ ਗੁਰੂ ਅਰਜਨ ਪਾਤਸ਼ਾਹ ਨੂੰ ਗੁਰਿਆਈ ਦੇ ਦੇਣ। ਦੂਸਰਾ ਉਹਨੂੰ ਇਹ ਪਤਾ ਸੀ ਕਿ ਮਹਾਰਾਜ ਜੀ ਦੀ ਉਮਰ ਤਾਂ ਹੁਣ ਇਕ ਸਾਲ, ਇਕ ਮਹੀਨਾ ਜਾਂ ਡੇਢ ਮਹੀਨੇ ਦੀ ਰਹਿੰਦੀ ਹੈ ਤੇ ਮੈਨੂੰ ਬਾਹਰ ਭੇਜਣਾ ਚਾਹੁੰਦੇ ਨੇ। ਸੋ ਗਿਆ ਨਾ। ਗੁਰੂ ਅਰਜਨ ਪਾਤਸ਼ਾਹ ਜੀ ਛੋਟੇ ਸੀ ਅਠਾਰ੍ਹਾਂ ਸਾਲ ਦੇ। ਆਪ ਨੂੰ ਹੁਕਮ ਕੀਤਾ, ਆਪ ਗੁਰੂ ਰਾਮਦਾਸ ਮਹਾਰਾਜ ਜੀ ਦੇ ਦਰਸ਼ਨ ਕਰੇ ਤੋਂ ਬਗੈਰ ਜੀਉਂਦੇ ਨਹੀਂ ਸੀ ਰਹਿੰਦੇ। ਹਰ ਵਕਤ ਇਕ ਟੱਕ ਲਾ ਕੇ ਦਰਸ਼ਨ ਕਰਦੇ ਰਹਿੰਦੇ ਸੀ ਤੇ ਜੋ ਆਗਿਆ ਹੁੰਦੀ ਉਸਦੀ ਪੂਰਤੀ ਕਰਦੇ ਸੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਹਾ ਬੇਟਾ ਅਰਜਨ! ਤੂੰ ਹੀ ਜਾ ਆ। ਨੇਤਰਾਂ 'ਚ ਜਲ ਆ ਗਿਆ, ਕਹਿੰਦੇ ਪਾਤਸ਼ਾਹ! ਜੋ ਆਪ ਦੀ ਆਗਿਆ। ਪਰ ਆਪ ਦੇ ਦਰਸ਼ਨ ਤੋਂ ਬਗੈਰ ਮੇਰਾ ਜੀਉਣਾ ਔਖਾ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ - ੭੦੮*

ਪਾਤਸ਼ਾਹ ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ ਮੈਨੂੰ ਵੀ ਔਖਾ ਹੋ ਜਾਏਗਾ ਪਰ ਆਪ ਦੀ ਜੋ ਆਗਿਆ ਸਿਰ ਮੱਥੇ। ਕਹਿਣ ਲੱਗੇ ਕਿ ਦੂਸਰੀ ਆਗਿਆ ਇਹ ਹੈ ਕਿ ਉਥੇ ਸਤਿਸੰਗ ਕਰਨੇ ਨੇ। ਸੰਗਤ ਨੂੰ ਸੱਚ ਦੇ ਰਸਤੇ ਤੋਰਨਾ ਹੈ। ਤੀਸਰਾ ਇਹ ਹੈ ਕਿ ਜਦੋਂ ਤੱਕ ਅਸੀਂ ਬੁਲਾਈਏ ਨਾ, ਤਦ ਤਕ ਵਾਪਸ ਨਹੀਂ ਆਉਣਾ। ਸੋ ਹੁਕਮ ਦੀ ਤਾਮੀਲ ਹੋਈ, ਹਰ ਰੋਜ਼ ਉਡੀਕਦੇ ਰਹੇ ਕਿ ਅੱਜ ਸੰਦੇਸ਼ਾ ਆਉਂਦਾ ਹੈ, ਅੱਜ ਆਉਂਦਾ ਹੈ, ਇਕ ਸਾਲ ਲੰਘ ਗਿਆ, ਜੋ ਬਿਰਹਾ ਦੀ ਹਾਲਤ ਉਨ੍ਹਾਂ ਦੀ ਹੋਈ ਹੋਣੀ ਹੈ, ਉਹਨੂੰ ਮਹਾਰਾਜ ਜੀ ਹੀ ਜਾਣਦੇ ਨੇ, ਅਸੀਂ ਤਾਂ ਦੱਸ ਨਹੀਂ ਸਕਦੇ ਕਿਉਂਕਿ ਦੂਸਰਾ ਦੱਸਣ ਦੀ ਸਮਰੱਥਾ ਨਹੀਂ ਰੱਖਿਆ ਕਰਦਾ, ਐਸਾ ਫੁਰਮਾਨ ਹੈ –

***ਧਾਰਨਾ – ਜਿਸ ਤਨ ਲੱਗੀਆਂ ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦੈ।***

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥* *ਅੰਗ - ੩੨੭*

ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿੰਦੀ, ਸਾਨੂੰ ਵੀ ਨਹੀਂ ਇਸ ਗੱਲ ਦਾ ਪਤਾ ਕਿ ਇਹਦੀ ਜਾਨ ਕਿਵੇਂ ਨਿਕਲ ਜਾਂਦੀ ਹੈ। ਇਹ ਮੱਛੀ ਹੀ ਜਾਣਦੀ ਹੈ। ਸੋ ਇਸ ਤਰ੍ਹਾਂ ਕਿਵੇਂ ਵਿਜੋਗ ਵਿਚ ਇਕ ਸਾਲ ਕੱਟਿਆ। ਅਖੀਰ ਚਿੱਠੀਆਂ ਲਿਖਣੀਆਂ ਸ਼ੁਰੂ ਕਰੀਆਂ। ਅੱਧੀ ਰਾਤ ਚਿੱਠੀ ਲਿਖੀ, ਅੰਮ੍ਰਿਤ ਵੇਲਾ ਹੋਇਆ ਗੁਰਸਿੱਖ ਨੂੰ ਬੁਲਾਇਆ ਕਿ ਜਾ ਕੇ ਚਿੱਠੀ ਗੁਰੂ ਪਾਤਸ਼ਾਹ ਨੂੰ ਦੇਣਾ ਤੇ ਜੋ ਹੁਕਮ ਹੋਵੇ ਉਹ ਦੱਸਣਾ ਆ ਕੇ, ਆਪਣੇ ਪਿਆਰ ਦੇ ਨਕਸ਼ੇ ਦੀ ਪਹਿਲੀ ਚਿੱਠੀ ਇਸ ਤਰ੍ਹਾਂ ਦੇ ਨਾਲ ਲਿਖੀ –

***ਧਾਰਨਾ – ਗੁਰਾਂ ਦੇ ਦਰਸ਼ਨ ਤਾਈਂ***
***ਮੇਰਾ ਮਨ ਲੋਚਦੈ।***
***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥***

***ਸ਼ਬਦ ਹਜ਼ਾਰੇ***

ਇਕ ਨੰਬਰ ਦੇ ਕੇ ਚਿੱਠੀ ਬੰਦ ਕਰ ਦਿਤੀ। ਲੇਕਿਨ ਚਿੱਠੀ ਸਤਿਗੁਰੂ ਤੱਕ ਪ੍ਰਿਥੀ ਚੰਦ ਨੇ ਪਹੁੰਚਣ ਨਹੀਂ ਦਿਤੀ। ਝੂਠ ਮੂਠ ਕਹਿ ਕੇ ਸਿੱਖ ਨੂੰ ਮੋੜ ਦਿਤਾ ਕਿ ਅਰਜਨ ਜੀ ਨੂੰ ਕਹਿ ਦੇਣਾ ਕਿ ਪਿਆਰ ਦੇ ਨਾਲ ਸੰਗਤਾਂ ਦੀ ਸੇਵਾ ਕਰਨ, ਚਿੱਠੀ ਮਿਲ ਗਈ ਤੁਹਾਡੀ। ਦੂਸਰੀ ਭੇਜੀ, ਉਹ ਵੀ ਏਵੇਂ ਰੱਖ ਲਈ। ਲੇਕਿਨ ਤੀਸਰੀ ਚਿੱਠੀ ਬਾਰੇ ਤਾਕੀਦ ਕਰ ਦਿਤੀ ਕਿ ਗੁਰਸਿੱਖਾ! ਆਪਣੇ ਹੱਥ ਨਾਲ ਦਿੰਦਾ ਹੁੰਦਾ ਹੈਂ, ਗੁਰੂ ਪਿਤਾ ਜੀ ਨੂੰ? ਕਹਿੰਦੇ, ਨਹੀਂ ਵੱਡੇ ਭਰਾਤਾ ਜੀ ਲੈ ਲੈਂਦੇ ਨੇ ਤੁਹਾਡੇ। ਕਹਿੰਦੇ, ਨਾ ਹੁਣ ਆਪ ਦੇਈਂ। ਜਦੋਂ ਮਹਾਰਾਜ ਜੀ ਨੇ ਤਿੰਨ ਨੰਬਰ ਲਿਖਿਆ ਹੋਇਆ ਪੜ੍ਹਿਆ, ਬਿਰਹੁੰ ਦੀ ਹਾਲਤ ਨੂੰ ਵਾਚਿਆ –

***ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥***
***ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥***
***ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ***
***ਬਿਨੁ ਦੇਖੇ ਗੁਰ ਦਰਬਾਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਤਿਸ ਸਚੇ ਗੁਰ ਦਰਬਾਰੇ ਜੀਉ॥***

***ਸ਼ਬਦ ਹਜ਼ਾਰੇ***

ਮਹਾਰਾਜ ਜੀ ਨੇ ਦੇਖਿਆ ਕਿ ਦੋ ਚਿੱਠੀਆਂ

ਪਹਿਲਾਂ ਆਈਆਂ ਨੇ। ਪੁਛਿਆ ਕਿ ਗੁਰਸਿਖਾ! ਚਿੱਠੀਆਂ ਪਹਿਲੀਆਂ ਕਿੱਥੇ ਨੇ? ਕਹਿਣ ਲੱਗਿਆ, ਮਹਾਰਾਜ! ਮੈਂ ਇਨ੍ਹਾਂ ਨੂੰ ਦੇ ਦਿਤੀਆਂ। ਹੁਕਮ ਹੋ ਗਿਆ ਕਿ ਜਾਓ ਜਲਦੀ ਲੈ ਕੇ ਆਓ। ਲਾਹੌਰ ਜਾਓ, ਬਾਬਾ ਬੁੱਢਾ ਜੀ ਨੂੰ ਹੁਕਮ ਦਿਤਾ ਕਿ ਫੌਰਨ ਜਾ ਕੇ ਲੈ ਆਓ। ਉਡੀਕਦੇ ਸਨ, ਗੁਰੂ ਮਹਾਰਾਜ ਦੇ ਚਰਨਾਂ 'ਚ ਹਾਜ਼ਰ ਹੋ ਗਏ। ਪਤਾ ਲੱਗਿਆ ਕਿ ਚਿੱਠੀਆਂ ਲਿਖੀਆਂ ਸਨ, ਪ੍ਰਿਥੀ ਚੰਦ ਨੇ ਰੱਖ ਲਈਆਂ। ਪ੍ਰਿਥੀ ਚੰਦ ਨੂੰ ਬੁਲਾਇਆ ਤੇ ਪੁਛਿਆ ਕਿ ਬੇਟਾ ਪ੍ਰਿਥੀ ਚੰਦ! ਆਹ ਦੋ ਨੰਬਰ ਦੀਆਂ ਚਿੱਠੀਆਂ ਤੁਹਾਡੇ ਕੋਲ ਆਈਆਂ ਨੇ? ਹੁਣ ਪਤਾ ਨਹੀਂ ਹੁੰਦਾ ਕਿ ਝੂਠ ਨਹੀਂ ਬੋਲੀਦਾ ਹੁੰਦਾ। ਕਿਉਂਕਿ ਜਿਥੇ ਝੂਠ ਹੋਏਗਾ, ਉਥੇ ਪਾਪ ਹੋਇਆ ਕਰਦਾ, ਉਥੇ ਵਾਹਿਗੁਰੂ ਨਹੀਂ ਹੋਇਆ ਕਰਦਾ। ਝੂਠ ਆਇਆ ਤੇ ਵਾਹਿਗੁਰੂ ਅਤੇ ਨਾਮ ਦੋਵੇਂ ਚਲੇ ਗਏ ਕਿਉਂਕਿ ਇਹ ਹਉਮੈ ਦੀ ਚੀਜ਼ ਹੈ। ਨਾਮ ਵਾਹਿਗੁਰੂ।

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥* *ਅੰਗ - ੫੬੦*

ਇਕ ਨੇ ਰਹਿਣਾ ਹੈ ਚਾਹੇ ਝੂਠ ਰੱਖ ਲਓ, ਹੈਰਾਨ ਹੋ ਗਏ। ਮਹਾਰਾਜ ਕਿ ਕਾਹਦੇ ਵਾਸਤੇ? ਕਿਉਂ ਛੁਪਾਉਂਦਾ ਹੈਂ? ਅਖੀਰ ਕਹਿਣ ਲੱਗੇ ਕਿ ਚਿੱਠੀਆਂ ਕੱਢ ਲਿਆਓ। ਜੇਬ 'ਚੋਂ ਕਢਾ ਲਈਆਂ। ਕਹਿੰਦਾ, ਇਹ ਤਾਂ ਮੈਂ ਆਪ ਹੀ ਲਿਖੀਆਂ ਸੀਗੀਆਂ। ਮੇਰੀਆਂ ਲਿਖੀਆਂ ਹੋਈਆਂ ਨੇ। ਕਹਿੰਦੇ ਜੇ ਤੇਰੀਆਂ ਲਿਖੀਆਂ ਹੋਈਆਂ ਨੇ ਫੇਰ ਚੌਥਾ ਅੰਕ ਪੂਰਾ ਕਰ। ਹੁਣ ਆਵੇ ਕਿੱਥੋਂ ਬਾਣੀ? ਕਰ ਨਾ ਸਕਿਆ, ਜਦੋਂ ਮਹਾਰਾਜ ਜੀ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਉਸੇ ਵੇਲੇ -

'ਭਾਗੁ ਹੋਆ ਗੁਰ ਸੰਤ ਮਿਲਾਇਆ' ਵਾਲੀ ਪਉੜੀ ਲਿਖ ਦਿਤੀ। ਅਖੀਰ ਗੁਰਗੱਦੀ ਦੇਣ ਦਾ ਨਿਹਚਾ ਕਰ ਲਿਆ, ਤੇ ਪ੍ਰਿਥੀ ਚੰਦ ਨੂੰ ਵੀ ਪਤਾ ਲੱਗ ਗਿਆ। ਝਗੜਾ ਪਾ ਲਿਆ, ਕਹਿੰਦਾ ਪਿਤਾ ਜੀ ਜ਼ੋਰ ਲਾ ਲਵੇ, ਮੈਂ ਇਹਨੂੰ ਸੁਖੀ ਨਹੀਂ ਰਹਿਣ ਦੇਣਾ। ਸੂਲੀ ਤੇ ਟੰਗ ਕੇ ਰੱਖਾਂਗਾ, ਗੁਰਿਆਈ ਕੀ ਕਰ ਲਏਗੀ, ਮੈਂ ਵਿਹਲ ਹੀ ਨਹੀਂ ਲੈਣ ਦੇਣਾ। ਮੇਰੀ ਤਾਕਤ ਦਾ ਤੁਹਾਨੂੰ ਵੀ ਪਤਾ ਹੈ ਇਹ ਅਣਜਾਣ ਬੱਚਾ ਹੈ ਇਹਨੂੰ ਕੀ ਪਤਾ ਹੈ। ਕਿੰਨੀਆਂ ਜ਼ਿੰਮੇਵਾਰੀਆਂ ਨੇ ਤੇ ਕਿਵੇਂ ਰਹੀਦਾ ਹੈ? ਸੋ ਮਹਾਰਾਜ ਨੇ ਦੇਖ ਲਿਆ ਕਿ ਇਹ ਤਾਂ ਬਹੁਤ ਗਲਤ ਬੰਦਾ ਸਾਬਤ ਹੋਇਆ ਹੈ ਤੇ ਆਪ ਨੇ ਫੁਰਮਾਨ ਕੀਤਾ ਕਿ ਬੇਟਾ ਪਿਤਾ ਦੇ ਨਾਲ ਨਹੀਂ ਝਗੜੀਦਾ ਹੁੰਦਾ। ਜਿਨ੍ਹਾਂ ਦੇ ਤੁਸੀਂ ਪੈਦਾ ਕੀਤੇ ਹੋਏ, ਪਾਲੇ ਹੋਏ ਓਂ, ਉਨ੍ਹਾਂ ਨਾਲ ਝਗੜਦਿਆਂ ਪਾਪ ਹੋਇਆ ਕਰਦਾ ਹੈ। ਮੰਨੀ ਨਹੀਂ ਗੱਲ। ਗੁਰੂ ਮਹਾਰਾਜ ਅੰਮ੍ਰਿਤਸਰ ਤੋਂ ਗੋਇੰਦਵਾਲ ਸਾਹਿਬ ਚਲੇ ਗਏ। ਉਥੇ ਜਾ ਕੇ ਗੁਰਿਆਈ ਦੇ ਦਿਤੀ ਤੇ ਆਪ ਸਰੀਰ ਛੱਡ ਦਿਤਾ। ਜਦੋਂ ਦਸਤਾਰ ਵਾਲਾ ਦਿਨ ਆਇਆ, ਉਸ ਵੇਲੇ ਉਸ ਨੇ ਸਾਰਿਆਂ ਆਪਣੀ ਪਾਰਟੀ ਦੇ ਮਸੰਦਾਂ ਨੂੰ ਕਿਹਾ ਕਿ ਮੈਂ ਵੱਡਾ ਲੜਕਾ ਹਾਂ। ਮੈਨੂੰ ਦਸਤਾਰ ਦਿਓ। ਜਦੋਂ ਮੈਨੂੰ ਦਸਤਾਰ ਮਿਲ ਗਈ ਤਾਂ ਮੈਂ ਗੁਰੂ ਬਣਾਂਗਾ। ਲੇਕਿਨ ਇਹ ਗੱਲ ਗੁਰਸਿੱਖਾਂ ਨੇ ਨਾ ਮੰਨੀ, ਇਹਨੇ ਜਬਰਦਸਤੀ ਜਦੋਂ ਸਾਰੇ, ਭੋਗ ਪੈ ਰਿਹਾ ਸੀ, ਜਬਰਦਸਤੀ ਹੱਥੋਪਾਈ ਕਰਕੇ ਦਸਤਾਰ ਖੋਹ ਲਈ, ਬਾਬਾ ਬੁੱਢਾ ਜੀ ਤੋਂ। ਉਹ ਕਹਿੰਦੇ, ਇਹਦੇ ਨਾਲ ਤਾਂ ਕੁਛ ਨਹੀਂ ਬਣਨਾ, ਦਸਤਾਰ ਤਾਂ ਮਿਲ ਗਈ, ਜਿਹੜੀ ਮਿਲਣੀ ਸੀ। ਸੋ ਇਸ ਤਰ੍ਹਾਂ ਵੈਰ ਮੁੱਢ ਬੱਝ ਗਿਆ।

ਦੂਜੇ ਪਾਸੇ ਮਹਾਰਾਜ ਗੁਰੂ ਅਰਜਨ ਪਾਤਸ਼ਾਹ ਆਪ ਬੜਾ ਯਤਨ ਕਰਦੇ ਨੇ ਕਿ ਭ੍ਰਾਤਾ ਜੀ! ਮੈਨੂੰ ਤਾਂ ਗੁਰੂ ਬਣਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦੀ ਜੋਤੀ ਦਾ ਪ੍ਰਕਾਸ਼ ਹੈ ਜਿਸ ਸਰੀਰ 'ਚ ਹੋ ਜਾਵੇ, ਜਿਸ ਤੋਂ ਕੰਮ ਲੈਣਾ ਹੈ, ਉਹ ਕੰਮ ਲੈਣਾ ਹੀ ਹੈ। ਤੁਸੀਂ ਐਉਂ ਨਾ ਕਰੋ। ਲੇਕਿਨ ਮੰਨਦਾ ਨਹੀਂ ਹੈ। ਅਖੀਰ ਏਸ ਨੇ ਗੁਰੂ ਮਹਾਰਾਜ ਨਾਲ ਵੈਰ ਕਰਨਾ ਸ਼ੁਰੂ ਕਰ ਦਿਤਾ। ਗੁਰਿਆਈ 'ਤ ਆਪ ਬੈਠ ਗਏ। ਪਹਿਲਾ ਕੰਮ ਏਸ ਨੇ ਇਹ ਕਰਿਆ ਕਿ ਅੰਮ੍ਰਿਤਸਰ ਦੀ ਜਿੰਨੀ ਚੁੰਗੀ ਸੀ ਸਾਰੀ ਆਪਣੇ ਹੱਥ ਵਿਚ ਕਰ ਲਈ ਕਿ ਗੁਰੂ ਘਰ ਦੇ ਅੰਦਰ ਜਾਣ ਹੀ ਨਹੀਂ ਦੇਣੀ, ਕਿੱਥੋਂ ਖਰਚ ਕਰਨਗੇ, ਕਿਥੋਂ ਸੜਕਾਂ ਬਣਾਉਣਗੇ, ਕਿੱਥੋਂ ਚੌਕੀਦਾਰ ਰੱਖਣਗੇ, ਕਿੱਥੋਂ ਲਾਈਟਾਂ ਕਰਨਗੇ, ਕਿੱਥੋਂ ਬਾਕੀ ਕੰਮ ਕਰਨਗੇ। ਦੂਸਰਾ ਇਹਨੇ ਕਰਿਆ ਕਿ ਜਿੰਨੀ ਭੇਟਾ ਬਾਹਰੋਂ ਆਉਂਦੀ ਸੀ, ਉਹ ਸਾਰੀ ਦੀ ਸਾਰੀ ਰਾਹ ਵਿਚ ਰੋਕਣੀ ਸ਼ੁਰੂ ਕਰ ਦਿਤੀ। ਕੋਈ ਪੈਸਾ ਗੁਰੂ ਘਰ ਵਿਚ ਨਾ ਆਉਣ ਦਿਤਾ ਤੇ ਏਜੰਟ ਰੱਖ ਲਏ, ਬਹੁਤ ਸਾਰੇ ਨਾਲ ਮਿਲਾ ਲਏ। ਜਿਹੜੇ-ਜਿਹੜੇ ਰਾਹਾਂ ਤੋਂ ਸੰਗਤ ਆਇਆ ਕਰਦੀ, ਦੂਰ-ਦਰਾਜ਼ ਤੱਕ ਬਿਠਾ ਕੇ, ਜਦੋਂ ਸੰਗਤ ਨੇ ਆਉਣਾ, ਪੁੱਛਣਾ, ਥੋੜ੍ਹਾ ਬਹੁਤਾ ਖਾਣ ਪੀਣ ਨੂੰ ਦੇਣਾ, ਮਾੜਾ ਮੋਟਾ, ਛਕ ਲੈਣਾ, ਕਹਿਣਾ ਆਓ ਹੁਣ ਤੁਹਾਨੂੰ ਗੁਰੂ ਦੇ ਦਰਸ਼ਨ ਕਰਾਈਏ। ਭੇਟਾ ਕਰੋ ਤੁਸੀਂ ਜੀਅ ਭਰ ਕੇ, ਪ੍ਰਿਥੀ ਚੰਦ ਕੋਲ ਲੈ ਜਾਣਾ। ਭੋਲੇ-ਭਾਲੇ ਗੁਰਸਿੱਖਾਂ ਨੂੰ ਪਤਾ ਨਾ ਲੱਗਣਾ। ਸਾਰੀ ਭੇਟਾ ਲੈ ਲੈਣੀ, ਕਿਉਂਕਿ

ਪਤਾ ਨਹੀਂ ਸੀ ਕਿ ਇਹ ਤਾਂ ਇਕੋ ਹੀ ਘਰ ਹੈ ਦੋ ਤਾਂ ਹੈ ਨਹੀਂ। ਜਦੋਂ ਪ੍ਰਸ਼ਾਦੇ ਦਾ ਸਮਾਂ ਹੋ ਜਾਣਾ, ਕਹਿਣਾ ਚਲੋ ਭਾਈ ਆਪਣਾ ਲੰਗਰ ਜਿਧਰ ਚਲਦਾ ਹੈ ਉਧਰ ਛੱਡ ਆਓ। ਇਹ ਵੀ ਝੂਠ ਬੋਲਣਾ ਕਿ ਲੰਗਰ ਸਾਡਾ ਹੀ ਚਲਦਾ ਹੈ ਤੇ ਗੁਰੂ ਅਰਜਨ ਪਾਤਸ਼ਾਹ ਜਿੱਥੇ ਸੰਗਤਾਂ ਦਾ ਉਧਾਰ ਕਰਦੇ ਹੁੰਦੇ, ਓਸ ਥਾਂ ਜਾ ਕੇ ਉਨ੍ਹਾਂ ਨੇ ਛੱਡ ਆਉਣਾ, ਸੋ ਇਹ ਵੈਰ ਹੁੰਦਾ ਹੈ ਸਾਧਸੰਗਤ ਜੀ। ਜਿਹੜਾ ਨਿਰਵੈਰਾਂ ਦੇ ਨਾਲ ਕੀਤਾ ਜਾਂਦਾ ਹੈ। ਜਦੋਂ ਵੀ ਨਿਰਵੈਰ ਦੇ ਨਾਲ ਕੋਈ ਵੈਰ ਕਰਦਾ ਹੈ। ਮਹਾਰਾਜ ਕਹਿੰਦੇ, ਅਕਾਲ ਪੁਰਖ ਦਾ ਵਿਧਾਨ ਹੈ ਕਿ ਉਹ ਪਚ-ਪਚ ਕੇ ਮਰਦਾ ਹੈ। ਐਸ ਤਰ੍ਹਾਂ ਫੁਰਮਾਨ ਹੈ –

***ਧਾਰਨਾ – ਵੈਰ ਕਰਨ ਨਿਰਵੈਰਾਂ ਨਾਲ,***
***ਪਚ-ਪਚ ਕੇ ਉਹ ਮਰਦੇ ਨੇ***

*ਵੈਰੁ ਕਰਨਿ ਨਿਰਵੈਰ ਨਾਲਿ*
*ਧਰਮਿ ਨਿਆਇ ਪਚੰਦੇ ॥* *ਅੰਗ – ੩੧੭*

ਪਚਣਾ ਪੈਂਦਾ ਹੈ ਉਸਨੂੰ, ਖ਼ੁਆਰ ਹੋਣਾ ਪੈਂਦਾ ਹੈ। ਸੋ ਵੈਰ ਬੰਨ੍ਹ ਲਿਆ ਕਿ ਇਕ ਦਾਣਾ ਵੀ ਗੁਰੂ ਕੇ ਲੰਗਰ ਵਿਚ ਨਹੀਂ ਜਾਣ ਦੇਣਾ। ਐਨੀ ਜ਼ਿਆਦਾ ਝੂਠ ਦੀ ਬਾੜ ਖਿਲਾਰ ਦਿਤੀ, ਭੋਲੇ ਭਾਲੇ ਗੁਰਸਿੱਖ ਜੋ ਦਰਸ਼ਨ ਕਰਨ ਵਾਸਤੇ ਆਉਂਦੇ ਨੇ, ਉਨ੍ਹਾਂ ਨੂੰ ਬਹਿਕਾਅ ਲਿਆ ਜਾਂਦਾ ਹੈ ਕਿ ਅਸਲੀ ਗੁਰੂ ਤਾਂ ਵੱਡੇ ਸਾਹਿਬਜ਼ਾਦੇ ਨੇ। ਛੋਟੇ ਸਾਹਿਬਜ਼ਾਦੇ ਨਹੀਂ ਹੈਗੇ। ਪਹਿਲਾਂ ਵੀ ਓਹੀ ਸੀਗੇ ਹੁਣ ਵੀ ਉਹੀ ਨੇ। ਦੇਖਦੇ ਨੇ ਕਿ ਆਹ ਮਸੰਦਾਂ ਨੂੰ ਤਾਂ ਅਸੀਂ ਪਹਿਲਾਂ ਵੀ ਜਾਣਦੇ, ਇਹ ਪਹਿਲਾਂ ਵੀ ਗੁਰੂ ਦੀਆਂ ਸੰਗਤਾਂ ਦਾ ਆਦਰ ਸਤਿਕਾਰ ਕਰਿਆ ਕਰਦੇ ਸੀ। ਜਾਣੇ-ਪਛਾਣੇ ਬੰਦੇ ਸਾਰੇ ਗੱਠ ਲਏ ਯਾਨਿ ਮਾਇਆ ਦਾ ਜਾਲ ਵਿਛਾ ਦਿਤਾ। ਨੌਬਤ ਇਥੇ ਤੱਕ ਆਈ ਕਿ ਘਰ ਦੇ ਅੰਦਰ ਜੋ ਸਮਾਨ, ਜੋ ਚੀਜ਼ਾਂ ਸੀ ਹੌਲੀ-ਹੌਲੀ ਘਟਣੀਆਂ ਸ਼ੁਰੂ ਹੋ ਗਈਆਂ ਤੇ ਲੰਗਰ ਇਕ ਟਾਈਮ ਹੋ ਗਿਆ। ਉਹ ਵੀ ਛੋਲਿਆਂ ਦਾ ਲੰਗਰ। ਛੋਲਿਆਂ ਦੇ ਪ੍ਰਸ਼ਾਦੇ ਲਾਹੁਣੇ ਤੇ ਰੁੱਖਾ ਹੀ ਖਾਣ ਵਾਸਤੇ, ਬਗੈਰ ਦਾਲ ਤੋਂ ਬਗੈਰ ਕਿਸੇ ਚੀਜ਼ ਤੋਂ ਮਿਲਣਾ। ਆਗਰੇ ਦੇ ਵਿਚ ਭਾਈ ਗੁਰਦਾਸ ਜੀ ਨੂੰ ਗੁਰੂ ਰਾਮਦਾਸ ਜੀ ਨੇ ਪ੍ਰਚਾਰ ਵਾਸਤੇ ਭੇਜਿਆ ਸੀ, ਆਪ ਜੀ ਨੂੰ ਪਤਾ ਲੱਗਿਆ ਕਿ ਉਹ ਜੋਤੀ ਜੋਤ ਸਮਾ ਗਏ ਨੇ, ਸੰਗਤਾਂ ਲੈ ਕੇ ਆਪ ਗੁਰੂ ਘਰ ਦੀ ਮਹਿਮਾ, ਗੁਰੂ ਘਰ ਦੇ ਲੰਗਰ ਦੀ ਮਹਿਮਾ ਕਰਦੇ ਜਦ ਉਥੇ ਪਹੁੰਚਦੇ ਨੇ, ਜਦ ਪ੍ਰਸ਼ਾਦਾ ਛਕਣ ਲੱਗੇ ਤਾਂ ਛੋਲਿਆਂ ਦੀ ਰੋਟੀ ਮਾਤਾ ਜੀ ਨੇ ਉਨ੍ਹਾਂ ਦੇ ਹੱਥ ਦੇ ਉਤੇ ਰੱਖ ਦਿਤੀ। ਇਕ ਬੁਰਕੀ ਤੋੜੀ ਲੰਘਦੀ ਨਹੀਂ ਹੈ ਅੱਗੇ। ਕਹਿਣ ਲੱਗੇ, ਇਹ ਕੀ ਗੱਲ? ਗੁਰੂ ਘਰ ਦੀ ਤਾਂ ਇਹ ਮਰਿਆਦਾ ਸੀ ਕਿ ਇਥੇ ਕਦੇ ਘਿਉ ਤੇ ਦੁੱਧ ਨਹੀਂ ਸੀ ਖਤਮ ਹੁੰਦਾ। ਇਹ ਕੀ ਗੱਲ? ਆਹ ਗੱਲ ਤਾਂ ਹੋਣੀ ਨਹੀਂ ਚਾਹੀਦੀ। ਕਹਿਣ ਲੱਗੇ, ਭ੍ਰਾਤਾ ਜੀ! ਕੀ ਦੱਸਿਆ ਜਾਵੇ-

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥*

*ਅੰਗ – ੪੭੦*

ਝੂਠ ਨੇ ਐਸ ਵੇਲੇ ਸੱਚ ਦੇ ਚੰਦਰਮਾ ਨੂੰ ਗ੍ਰਹਿਣ ਲਾਇਆ ਹੋਇਆ ਹੈ। ਤੁਹਾਡੇ ਵੱਡੇ ਭਾਣਜੇ ਨੇ ਸਾਰੇ ਮਸੰਦਾਂ ਨੂੰ ਗੱਠ ਕੇ ਦੂਰ-ਦਰਾਜ ਤੱਕ ਸਿੱਖਾਂ ਨੂੰ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ ਗੁਰਿਆਈ ਮੈਨੂੰ ਦੇ ਕੇ ਗਏ ਨੇ ਤੇ ਜਿੰਨੀਆਂ ਭੇਟਾ ਬਾਹਰੋਂ ਆਉਂਦੀਆਂ ਨੇ ਉਹ ਤਾਂ ਉਹ ਰੱਖ ਲੈਂਦੇ ਨੇ, ਜਦੋਂ ਲੰਗਰ ਦਾ ਸਮਾਂ ਹੁੰਦਾ ਹੈ ਫੇਰ ਬੜੀ ਢੀਠਤਾਈ ਦੇ ਨਾਲ ਇਥੇ ਲਿਆ ਕੇ ਗੁਰੂ ਦੀਆਂ ਸੰਗਤਾਂ ਨੂੰ ਛੱਡ ਜਾਂਦੇ ਨੇ। ਉਨ੍ਹਾਂ ਭੋਲਿਆਂ ਨੂੰ ਕੋਈ ਪਤਾ ਨਹੀਂ ਹੈ ਕਿਸੇ ਗੱਲ ਦਾ। ਸੋ ਇਸ ਤਰ੍ਹਾਂ ਦੇ ਨਾਲ ਭੇਟਾ ਉਧਰ ਜਾਂਦੀ ਹੈ ਤੇ ਲੰਗਰ ਇਧਰ ਛੱਕਦੇ ਨੇ। ਭਾਈ ਗੁਰਦਾਸ ਜੀ ਦੇ ਬੜਾ ਮਨ ਵਿਚ ਆਇਆ ਕਿ ਇਹ ਤਾਂ ਬਹੁਤ ਗਲਤ ਗੱਲ ਹੋ ਰਹੀ ਹੈ। ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ 18 ਸਾਲ ਦੀ ਉਮਰ ਦੇ ਸੀ ਤੇ ਆਪ ਜੀ ਦੇ ਕੋਲ ਜਾ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਤਾਂ ਗੁਰੂ ਨਾਨਕ ਦਾ ਲੰਗਰ ਹੈ ਇਥੇ ਤੋਟ ਕਦੇ ਨਹੀਂ ਆਉਂਦੀ। ਇਹ ਕੀ ਗੱਲ ਹੋ ਗਈ? ਮਹਾਰਾਜ ਜੀ ਨੇ ਕਿਹਾ ਕਿ ਕੋਈ ਗੱਲ ਨਹੀਂ ਹੋਈ, ਅਕਾਲ ਪੁਰਖ ਜੀ ਦਾ ਹੀ ਕੋਈ ਕੌਤਕ ਹੋ ਰਿਹਾ ਹੈ। ਕਿਉਂਕਿ ਕਿਸੇ ਨਾਲ ਵੈਰ ਨਹੀਂ ਹੋਇਆ ਕਰਦਾ। ਸਤਿਗੁਰੂ ਜੋ ਹੈ ਸਭ ਦਾ ਭਲਾ ਮਨਾਉਂਦਾ ਹੈ, ਸਾਰੇ ਸੰਸਾਰ ਨੂੰ ਕਹਿੰਦਾ ਹੈ –

***ਨਾਨਕ ਨਾਮ ਚੜ੍ਹਦੀ ਕਲਾ***
***ਤੇਰੇ ਭਾਣੇ ਸਰਬੱਤ ਦਾ ਭਲਾ।***

ਕਿਸੇ ਦਾ ਬੁਰਾ ਨਹੀਂ ਮੰਗਦਾ, ਨਾ ਸਿੱਖ ਮੰਗਦਾ ਹੈ ਨਾ ਗੁਰੂ ਮੰਗਦਾ ਹੈ। ਗੁਰੂ ਬੁਰਾ ਨਹੀਂ ਮੰਨਦਾ, ਸਗੋਂ ਅਕਾਲ ਪੁਰਖ ਤਾਂਈ ਇਹ ਕਹਿੰਦਾ ਹੈ –

*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥*

*ਅੰਗ – ੮੫੩*

ਹੇ ਵਾਹਿਗੁਰੂ! ਜਿਵੇਂ ਵੀ ਕੋਈ ਤਰ ਸਕਦਾ ਹੈ, ਉਹਨੂੰ ਤਾਰੋ। ਚਾਹੇ ਪਾਪੀ ਹੈ, ਚਾਹੇ ਪੁੰਨੀ ਹੈ, ਚਾਹੇ ਭੁੱਲਿਆ ਹੋਇਆ ਹੈ, ਚਾਹੇ ਨਾਸਤਕ ਹੈ। ਤੂੰ ਕ੍ਰਿਪਾ ਕਰ, ਤੇਰੀ ਜਨਤਾ ਹੈ। ਇਨ੍ਹਾਂ ਤੇ ਬਖਸ਼ਿਸ਼ ਕਰ। ਕਹਿਣ

ਲੱਗੇ, ਕੋਈ ਨਾ ਅਕਾਲ ਪੁਰਖ ਦੀ ਮੌਜ ਹੈ। ਕਹਿਣ ਲੱਗੇ, ਪਾਤਸ਼ਾਹ! ਥੋੜ੍ਹਾ ਉਦਮ ਕਰਨਾ ਬਣਦਾ ਹੈ। ਉਦਮ ਕਰੀਏ ਤੇ ਅਸੀਂ ਜਾ ਕੇ ਸਮਝਾਈਏ ਸਾਰਿਆਂ ਨੂੰ, ਇਹ ਝੂਠ ਕਿੰਨਾ ਕੁ ਚਿਰ ਪ੍ਰਬਲ ਰਹੇਗਾ। ਆਪ ਨੇ ਕਿਹਾ ਕਿ ਭਾਈ ਗੁਰਦਾਸ ਜੀ! ਇਹ ਜੋ ਰਿਜਕ ਹੈ ਇਹ ਤਾਂ ਮਾਲਕ ਆਪ ਰਾਜ਼ਕ ਕਹਾਉਂਦਾ ਹੈ। ਵਿਸ਼ੰਭਰ ਕਹਿੰਦੇ ਨੇ ਉਹਨੂੰ। ਸਾਰਿਆਂ ਦੇ ਪੇਟ ਨੂੰ ਭਰਨ ਵਾਲਾ। ਇਥੇ ਤਾਂ ਤੁਸੀਂ ਕਰ ਲਵੋਂਗੇ ਤੇ ਬਾਕੀ ਜਿਹੜਾ ਸੰਸਾਰ ਹੈ, ਜਾਨਵਰ ਐਨੇ ਨੇ, ਪੰਛੀ ਐਨੇ ਨੇ, 83 ਲੱਖ, 99 ਹਜ਼ਾਰ, 9 ਸੌ 99 ਜੂਨੀਆਂ ਨੇ, ਬਾਕੀ ਸਾਰਾ ਸੰਸਾਰ ਪਿਆ ਹੈ ਮਨੁੱਖਾਂ ਦਾ, ਉਹ ਇਕੋ ਹੀ ਹੈ ਜਿਹੜਾ ਸਾਰਿਆਂ ਨੂੰ ਦਿੰਦਾ ਹੈ। ਤੁਸੀਂ ਇਸਦੇ ਬਾਰੇ ਉਦਮ ਨਾ ਕਰੋ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ,***
***ਚਿੰਤਾ ਕਾਹਤੋਂ ਕਰੇਂ ਬੰਦਿਆਂ।***

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ – ੧੦*

ਕਹਿਣ ਲੱਗੇ, ਭਾਈ ਗੁਰਦਾਸ ਜੀ! ਦੇਖੋ ਪੱਥਰ ਦੇ ਅੰਦਰ ਕੀੜਾ ਰਹਿੰਦਾ ਹੈ –

*ਪਾਖਣਿ ਕੀਟੁ ਗੁਪਤੁ ਹੋਇ ਰਹਤਾ*
*ਤਾ ਚੋ ਮਾਰਗੁ ਨਾਹੀ ॥ ਅੰਗ – ੪੮੮*

ਉਹਨੂੰ ਕੋਈ ਰਸਤਾ ਹੀ ਨਹੀਂ ਹੈ ਰੋਜ਼ੀ ਦੇਣ ਦਾ।

*ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥*
*ਅੰਗ – ੪੮੮*

ਆਦਮੀ ਨੂੰ ਤਾਂ ਡਰਨਾ ਹੀ ਨਹੀਂ ਚਾਹੀਦਾ। ਇਹ ਤਾਂ ਉਨ੍ਹਾਂ ਕੀੜਿਆਂ ਨੂੰ ਵੀ ਰੋਜ਼ੀ ਪਹੁੰਚਾਉਂਦਾ ਹੈ ਜਿਥੇ ਰਾਹ ਹੀ ਨਹੀਂ ਹੈ ਪਹੁੰਚਣ ਦਾ। ਜਿਥੇ ਹਵਾ ਨਹੀਂ ਪਹੁੰਚਦੀ, ਪਾਣੀ ਨਹੀਂ ਪਹੁੰਚਦਾ। ਵਿਚਾਲੇ ਹੁੰਦਾ ਹੈ ਕੀੜਾ, ਉਥੇ ਰੋਜ਼ੀ ਦਿੰਦਾ ਹੈ।

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ – ੧੦*

ਸੋ ਦੂਸਰੀ ਮਿਸਾਲ ਦੇਖੋ ਕੂੰਜਾਂ ਨੇ –

*ਊਡੇ ਊਡਿ ਆਵੈ ਸੈ ਕੋਸਾ*
*ਤਿਸੁ ਪਾਛੈ ਬਚਰੇ ਛਰਿਆ ॥*
*ਤਿਨ ਕਵਣੁ ਖਲਾਵੈ ਕਵਣੁ ਚੁਗਾਵੈ*
*ਮਨ ਮਹਿ ਸਿਮਰਨੁ ਕਰਿਆ ॥ ਅੰਗ – ੧੦*

ਆਂਡੇ ਦੇ ਚਲੀਆਂ ਜਾਂਦੀਆਂ ਨੇ। ਪਿਛੋਂ ਬੱਚੇ ਨਿਕਲਦੇ ਨੇ, ਜਦੋਂ ਇਥੋਂ ਮੁੜ ਕੇ ਜਾਂਦੀਆਂ ਨੇ ਗਰਮ ਦੇਸ਼ਾਂ 'ਚੋਂ, ਤਾਂ ਉਸ ਵੇਲੇ ਜਾਂਦੀਆਂ ਨੂੰ ਉਨ੍ਹਾਂ ਦੇ ਬੱਚੇ ਪਲੇ-ਪਲਾਏ ਹੋ ਜਾਂਦੇ ਨੇ ਤੇ ਇਹ ਤਾਂ ਅਕਾਲ ਪੁਰਖ ਦਾ ਕੰਮ ਹੈ। ਕਹਿੰਦੇ, ਸੱਚੇ ਪਾਤਸ਼ਾਹ! ਰੋਜ਼ੀ ਤਾਂ ਨਾ ਸਹੀ, ਇਹ ਜਿਹੜਾ ਝੂਠ ਦਾ ਇਨ੍ਹਾਂ ਨੇ ਕਿਲ੍ਹਾ ਉਸਾਰਿਆ ਹੈ ਮਹਾਰਾਜ, ਝੂਠ ਦੇ ਖਿਲਾਫ ਤਾਂ ਸੱਚ ਨੂੰ ਪ੍ਰਕਾਸ਼ ਕਰਨਾ ਚਾਹੀਦਾ ਹੈ। ਸੋ ਆਪ ਨੇ ਬਾਬਾ ਬੁੱਢਾ ਜੀ ਸਮੇਤ ਦੂਰ-ਦਰਾਜ਼ ਜਾ ਕੇ ਪਿੱਪਲੀ ਸਾਹਿਬ ਦੇ ਰਾਹ 'ਤੇ ਹੋਰ ਰਾਹ 'ਤੇ, ਉਥੇ ਜਾ ਕੇ ਦੱਸਿਆ ਕਿ ਭੋਲਿਓ! ਪਾਤਸ਼ਾਹ ਸਮੇਂ ਦਾ, ਜਿਹਨੇ ਸਮੇਂ ਦਾ ਉਧਾਰ ਕਰਨਾ ਹੈ, ਉਹ ਤਾਂ ਗੁਰੂ ਅਰਜਨ ਪਾਤਸ਼ਾਹ ਨੇ। ਸੰਗਤਾਂ ਨੂੰ ਪਤਾ ਲੱਗ ਗਿਆ, ਅਖੀਰ ਚਲਦੇ-ਚਲਦੇ ਆਪ ਦੇ ਉਲਾਦ ਨਹੀਂ ਬੜੀ ਦੇਰ ਤੱਕ ਹੋਈ ਤੇ ਪ੍ਰਿਥੀ ਚੰਦ ਦਾ ਜੋ ਲੜਕਾ ਸੀ ਮਿਹਰਵਾਨ ਉਹ ਜ਼ਿਆਦਾ ਕੋਲ ਰਿਹਾ ਕਰਦਾ ਸੀ। ਮਨ ਵਿਚ ਘਰ ਜਾ ਕੇ ਗੱਲ ਕਰਨੀ ਕਿ ਇਨ੍ਹਾਂ ਦੇ ਤਾਂ ਉਲਾਦ ਹੀ ਨਹੀਂ, ਗੁਰਗੱਦੀ ਹੁਣ ਕਿਹਨੂੰ ਦੇਣਗੇ ਤੇ ਬਚਨ ਇਹ ਹੋਇਆ ਹੈ ਕਿ ਗੱਦੀ ਹੁਣ ਘਰ 'ਚ ਰਹੇਗੀ। ਸਹਿਜੇ ਹੀ ਮੇਰੇ ਕੋਲ ਆ ਜਾਣੀ ਹੈ। ਸੋ ਇਸ ਤੋਂ ਵੀ ਜ਼ਿਆਦਾ ਤਾਅਨੇ ਮਾਰੇ। ਇਕ ਦਿਨ ਮਾਤਾ ਜੀ ਕੋਠੇ ਤੇ ਚੜ੍ਹੇ ਆਪਣੇ ਕੇਸ ਹਰੇ ਕਰ ਰਹੇ ਸੀ, ਤੇ ਵਾਲ ਝਟਕੇ ਤਾਂ ਇਕ ਕਤਰਾ ਨਾਲ ਦੇ ਕੋਠੇ 'ਚ, ਜੋ ਨੀਵਾਂ ਸੀ ਥੋੜ੍ਹਾ ਉਥੇ ਜਾ ਪਿਆ। ਉਸ ਵੇਲੇ ਤਾਅਨਾ ਦਿਤਾ ਕਿ ਤੇਰੇ ਤਾਂ ਉਲਾਦ ਨਹੀਂ ਹੋਈ, ਤੂੰ ਮੇਰੇ ਉਤੇ ਕੇਸਾਂ ਦਾ ਕਤਰਾ ਕਿਉਂ ਪਾਇਆ ਹੈ। ਕੱਪੜੇ ਸੁੱਕਣੇ ਪਾ ਦਿਤੇ, ਗੋਲੀ ਨੇ ਕਿਹਾ ਕਿ ਕਿੰਨੇ ਵਧੀਆ ਕੱਪੜੇ ਗੁਰਸਿੱਖ ਲਿਆਉਂਦੇ ਨੇ। ਕਹਿੰਦੀ, ਸਾਰੇ ਆਪਣੇ ਹੀ ਨੇ ਇਨ੍ਹਾਂ ਦੇ ਤਾਂ ਹੁੰਦਾ ਹੀ ਨਹੀਂ ਕੋਈ। ਅਖੀਰ ਬਾਬਾ ਬੁੱਢਾ ਜੀ ਦੇ ਬਚਨ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ ਤੇ ਪ੍ਰਿਥੀਚੰਦ ਏਸ ਗੱਲ ਤੇ ਤੁਰ ਪਿਆ ਕਿ ਮੈਂ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਜੀ ਨੇ ਜੋ ਉਸ ਵੇਲੇ ਸਾਹਿਬਜ਼ਾਦੇ ਸੀ ਕਿ ਇਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਦੇ ਨਾਲ ਮਾਰ ਦੇਣਾ ਹੈ। ਪਹਿਲੀ ਗੱਲ ਇਹ ਸੀ ਕਿ ਇਕ ਜਾਦੂਗਰ ਦੇ ਕੋਲ ਗਿਆ, ਜਦੋਂ ਆਪ ਪੇਟ ਵਿਚ ਸੀ। ਉਸ ਵੇਲੇ ਇਕ ਮੁੱਠ ਸੁਟਵਾਈ ਗਈ। ਕੋਈ ਅਸਰ ਨਾ ਹੋਇਆ, ਕਿਉਂਕਿ ਜਿਹਦਾ ਰਾਖਾ ਆਪ

ਵਾਹਿਗੁਰੂ ਹੋਵੇ ਉਹਦਾ ਕੋਈ ਨੁਕਸਾਨ ਨਹੀਂ ਕਰ ਸਕਿਆ ਕਰਦਾ। ਬਾਕੀ ਜੋ ਨਿਰਵੈਰਾਂ ਦੇ ਨਾਲ ਵੈਰ ਕਰਦੇ ਨੇ, ਸਾਧੂਆਂ ਨਾਲ ਵੈਰ ਕਰਦੇ ਨੇ, ਬੰਦਗੀ ਵਾਲਿਆਂ ਨਾਲ ਵੈਰ ਕਰਦੇ ਨੇ, ਉਨ੍ਹਾਂ ਨੂੰ ਕਦੇ ਸੁੱਖ ਨਹੀਂ ਹੋਇਆ ਕਰਦਾ।

***ਧਾਰਨਾ - ਸੁਖ ਕਦੇ ਨ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

*ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥*

*ਅੰਗ - ੩੦੬*

ਸਾਰੇ ਸਾਧੂ, ਮੁਨੀ ਤੇ ਪੀਰ, ਪੈਗੰਬਰ, ਔਲੀਏ, ਚਾਰੇ ਵੇਦ -

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥*
*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥ ਅੰਗ - ੧੦*

ਇਹ ਕਹਿੰਦੇ ਨੇ ਜਿਹੜਾ ਕੁਛ ਸੰਤਾਂ ਦੇ ਮੂੰਹੋਂ ਨਿਕਲ ਜਾਵੇ ਉਹ ਬਚਨ ਹੋਇਆ ਕਰਦਾ ਹੈ। ਜੋ-ਜੋ ਵੀ ਸੰਤਾਂ ਦੇ ਨਾਲ ਖਹੇਗਾ, ਉਹ ਆਪਣੇ ਨਾਸ਼ ਨੂੰ ਨੇੜੇ ਬਲਾਉਂਦਾ ਚਲਿਆ ਜਾਏਗਾ।

***ਸੰਤਨ ਸੇਤੀ ਮਸਕਰੀ ਇਹ ਡੂਬਨ ਕੀ ਰੀਤ।***

ਡੁੱਬ ਜਾਏਗਾ ਉਹ ਬੰਦਾ ਕੋਈ ਹੋਵੇ ਚਾਹੇ। ਦੁਨੀਆਂ ਦੇਖਦੀ ਹੈ, ਮਹਾਰਾਜ ਕਹਿੰਦੇ ਸਾਰਾ ਸੰਸਾਰ ਦੇਖਦਾ ਹੈ, ਡੁਬਦਿਆਂ ਨੂੰ, ਪਰ ਫੇਰ ਮੂਰਖ ਸਮਝਦੇ ਨਹੀਂ। ਪਤਾ ਨਹੀਂ ਲਗਦਾ ਕਿ ਇਹ ਗੱਲਾਂ ਕਿਉਂ ਹੋਣੀਆਂ ਸ਼ੁਰੂ ਹੋ ਗਈਆਂ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ, ਆਪ ਜੀ ਦੇ ਆਸ਼ਰਮ ਦੇ ਅੱਗੇ ਇਕ ਬੜਾ ਜਬਰਦਸਤ ਪਿੰਡ ਸੀ ਪਠਾਣਾਂ ਦਾ। ਬੜੇ ਹੰਕਾਰੇ ਹੋਏ ਪਠਾਣ। ਗੁਰੂ ਸੰਗਤਾਂ ਉਥੋਂ ਦੀ ਲੰਘ ਕੇ ਜਾਇਆ ਕਰਦੀਆਂ ਸੀ। ਪੂਰਨਮਾਸ਼ੀ ਤੇ ਜਾਣਾ, ਸੰਗਰਾਂਦ ਤੇ ਜਾਣਾ, ਹੋਰ ਜਿਸ ਤਰ੍ਹਾਂ ਗੁਰਪੁਰਬ ਮਨਾਏ ਜਾਂਦੇ ਨੇ ਉਸ ਤਰ੍ਹਾਂ ਜਾਣਾ। ਪਰ ਉਹ ਪਿੰਡ ਵਾਲੇ ਹਮੇਸ਼ਾਂ ਲੰਘਣ ਵਾਲੀਆਂ ਸੰਗਤਾਂ ਨੂੰ ਤੰਗ ਕਰਿਆ ਕਰਦੇ ਸੀ। ਤਰ੍ਹਾਂ-ਤਰ੍ਹਾਂ ਦੇ ਮਿਹਣੇ, ਤਰ੍ਹਾਂ-ਤਰ੍ਹਾਂ ਦੀਆਂ ਬੋਲੀਆਂ ਬੀਬੀਆਂ ਨੂੰ ਮਾਰਨੀਆਂ। ਵਿਚਾਰੇ ਚੁੱਪ ਕਰ ਰਹਿੰਦੇ ਸੀ, ਕੋਈ ਕੁਛ ਨਹੀਂ ਸੀ ਕਹਿੰਦਾ, ਕਿਉਂਕਿ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਜਾਂਦੇ ਸੀ। ਤਾਂ ਅਖੀਰ ਜਦ ਕੁਛ ਨਾ ਕਿਹਾ, ਐਸਾ ਹੋਇਆ ਕਿ ਉਨ੍ਹਾਂ ਨੇ ਪਾਲਤੂ ਕੁੱਤੇ ਜਿਹੜੇ ਸੀ, ਸ਼ਿਕਾਰੀ ਕੁੱਤੇ, ਉਹ ਲੈ ਆਉਣੇ ਤੇ ਜਦੋਂ ਕਿਸੇ ਜੱਥੇ ਨੇ, ਦੋ ਚਾਰ ਬੀਬੀਆਂ ਦੋ ਚਾਰ ਭਾਈ ਆਏ। ਦੋ ਤਿੰਨ ਕੁੱਤੇ ਛੱਡ ਦੇਣੇ। ਉਨ੍ਹਾਂ ਕੁੱਤਿਆਂ ਨੇ ਕੱਪੜੇ ਫਾੜ ਦੇਣੇ, ਜ਼ਖਮ ਕਰ ਦੇਣੇ। ਬਾਬਾ ਜੀ ਕੋਲ ਰੋਜ਼ ਸ਼ਿਕਾਇਤਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸੰਗਤਾਂ ਬਹੁਤ ਜ਼ਖਮੀ ਹੋਣ ਲੱਗ ਗਈਆਂ। ਕਹਿਣ ਲੱਗੇ, ਬਾਬਾ ਜੀ! ਕੋਈ ਉਪਾਅ ਦੱਸੋ, ਅਸੀਂ ਇਥੇ ਤੁਹਾਡੇ ਕੋਲ ਆਏ ਤੋਂ ਬਗੈਰ ਤਾਂ ਰਹਿ ਨਹੀਂ ਸਕਦੇ।

ਬਾਬਾ ਜੀ ਨੇ ਕਿਹਾ ਕਿ ਤੁਸੀਂ ਐਉਂ ਕਰੋ ਪ੍ਰੇਮੀਓ! ਏਸ ਪਿੰਡ 'ਚੋਂ ਤੁਸੀਂ ਆਉਂਦੇ ਓਂ, ਐਧਰ ਦੀ ਤੁਸੀਂ ਨਾ ਆਓ, ਤੁਸੀਂ ਦੂਸਰੇ ਰਸਤਿਓਂ ਆ ਜਾਇਆ ਕਰੋ, ਥੋੜ੍ਹਾ ਜਿਹਾ ਵਲ ਪਏਗਾ। ਪਿੰਡਾਂ ਵਿਚੋਂ ਨਾ ਆਓ, ਸੁੰਨੇ-ਸੁੰਨੇ ਆ ਜਾਓ। ਉਸੇ ਤਰ੍ਹਾਂ ਆਉਣਾ ਸ਼ੁਰੂ ਕਰ ਦਿਤਾ। ਉਹ ਆਪਣੇ ਪਿੰਡ 'ਚੋਂ ਕੁੱਤੇ ਫੜਿਆ ਕਰਨ ਤੇ ਜਿਧਰ ਦੀ ਉਹ ਲੰਘਦੇ ਸੀ ਉਥੇ ਜਾ ਕੇ ਫੇਰ ਛੱਡ ਦਿਆ ਕਰਨ। ਉਨ੍ਹਾਂ ਕੁੱਤਿਆਂ ਨੇ ਕੱਪੜੇ ਫਾੜ ਦੇਣੇ, ਬੱਚਿਆਂ ਦੇ ਜ਼ਖਮ ਹੋ ਜਾਣੇ। ਅਖੀਰ ਬਾਬਾ ਜੀ ਨੂੰ ਕਿਹਾ ਪਾਤਸ਼ਾਹ! ਹੁਣ ਤਾਂ ਉਥੇ ਵੀ ਸਾਨੂੰ ਲੰਘਣ ਨਹੀਂ ਦਿੰਦੇ, ਢਾਹਣੀਆਂ ਲਾ ਕੇ ਕੁੱਤੇ ਲੈ ਕੇ ਬਹਿ ਜਾਂਦੇ ਨੇ। ਬਾਬਾ ਜੀ ਕਹਿੰਦੇ, ਕੋਈ ਨਾ ਪ੍ਰੇਮੀਓ, ਅਤਿ ਦਾ ਤੇ ਖੁਦਾ ਦਾ ਵੈਰ ਹੁੰਦਾ ਹੈ। ਜਿਹੜਾ ਸੰਗਤ ਨੂੰ ਦੁਖੀ ਕਰੇਗਾ, ਉਹ ਆਪ ਦੁਖੀ ਹੋ ਕੇ ਮਰ ਜਾਏਗਾ, ਖਤਮ ਹੋ ਜਾਏਗਾ, ਘਰ ਖਤਮ ਹੋ ਜਾਂਦਾ ਹੈ, ਬਾਲ ਬੱਚਾ ਕੋਈ ਨਹੀਂ ਰਹਿੰਦਾ।

***ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ਅੰਗ - ੩੦੬***

ਜੇ ਦਰਖਤ ਨੂੰ ਮੁੱਢ ਤੋਂ ਕੱਟ ਦਿਓ ਤੇ ਬਾਹਰਲੇ ਡਾਲ ਕੀ ਕਰਨੇ ਨੇ। ਜਿਹੜਾ ਸੰਤਾਂ ਨੂੰ ਦੁਖੀ ਕਰੇਗਾ ਉਹਦਾ ਮੁੱਢ ਕੱਟਿਆ ਜਾਂਦਾ ਹੈ। ਫੇਰ ਉਹ ਮਰਨਾ ਸ਼ੁਰੂ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ। ਕਹਿੰਦੇ, ਕੋਈ ਨਾ ਸਾਧਸੰਗਤ ਜੀ, ਤੁਸੀਂ ਵਾਹਿਗੁਰੂ ਤੇ ਭਰੋਸਾ ਰੱਖੋ। ਥੋੜ੍ਹੇ ਦਿਨਾਂ ਤੋਂ ਬਾਅਦ ਕੀ ਹੋਇਆ, ਰੋਜ਼ ਇਕ ਬੰਦਾ ਮਰਨ ਲੱਗ ਗਿਆ, ਫੇਰ ਦੋ-ਦੋ ਮਰਨ ਲੱਗ ਗਏ, ਤਿੰਨ ਤਿੰਨ ਮਰਨ ਲੱਗ ਗਏ। ਐਸੇ ਢੀਠ ਨੇ, ਪਤਾ ਹੈ ਕਿ ਅਸੀਂ ਆਹ ਕਰਦੇ ਹਾਂ। ਪਰ ਅਹੰਕਾਰ ਐਨਾ ਵਧਿਆ ਹੋਇਆ ਸੀ ਕਿ ਕਹਿੰਦੇ ਸੰਤ ਸਾਨੂੰ ਕੀ ਕਰ ਦਏਗਾ। ਅਖੀਰ ਐਸਾ ਹੋਇਆ ਕਿ ਸਾਰੇ ਹੀ ਮਰਦ ਮਰ ਗਏ। ਛੋਟੇ ਬੱਚੇ ਵੀ ਤੇ ਵੱਡੇ ਵੀ। ਇਕ ਬੱਚਾ ਬਚ ਗਿਆ, ਉਹਦੀ ਮਾਤਾ ਨੇ ਉਸੇ ਵੇਲੇ ਬੱਚੇ ਨੂੰ ਗੋਦੀ ਚੁੱਕ ਕੇ ਬਾਬਾ ਜੀ ਦੇ ਚਰਨਾਂ 'ਚ ਲਿਆ ਕੇ ਲਿਟਾ ਦਿਤਾ ਤੇ ਕਿਹਾ

ਕਿ ਬਾਬਾ ਜੀ! ਜੜ੍ਹ ਰੱਖ ਲਓ ਪਿੰਡ ਦੀ। ਕਹਿੰਦੇ, ਬੀਬੀ ਇਹ ਪਿੰਡ ਜੜ੍ਹ ਰੱਖਣ ਵਾਲਾ ਹੈ ਨਹੀਂ, ਗਰਕ ਹੋਣ ਵਾਲਾ ਪਿੰਡ ਹੈ, ਇਨ੍ਹਾਂ ਨੇ ਸੰਗਤਾਂ ਦੀ ਬੇਅਦਬੀ ਕਰੀ ਹੈ। ਚਾਹੀਦਾ ਇਹ ਹੈ ਅੱਲਾਹ ਤਾਲਾ ਹੋਇਆ, ਵਾਹਿਗੁਰੂ ਹੋਇਆ, ਰਾਮ ਹੋਇਆ ਜਿਥੇ ਸੰਗਤਾਂ ਹਰੀ ਦੇ ਜਸ ਵਾਸਤੇ ਜਾਂਦੀਆਂ ਨੇ, ਉਥੇ ਦੇ ਪਿੰਡ ਵਾਲਿਆਂ ਨੂੰ ਚਾਹੀਦਾ ਹੇ ਕਿ ਰਸਤੇ ਵੀ ਠੀਕ ਕਰੋ, ਉਨ੍ਹਾਂ ਦਾ ਆਦਰ ਸਤਿਕਾਰ ਵੀ ਕਰੋ। ਕੁਛ ਨਹੀਂ ਹੋ ਸਕਦਾ ਫਤਹਿ ਹੀ ਬੁਲਾ ਦਿਓ। ਐਨੇ ਨਾਲ ਹੀ ਪਿੰਡ ਦਾ ਭਲਾ ਹੋ ਜਾਏਗਾ। ਇਹ ਤਾਂ ਨਹੀਂ ਹੈ ਕਿ ਸੰਗਤਾਂ ਦੀ ਵਿਰੋਧਤਾ ਕਰੋ। ਜਾਹ, ਹੁਣ ਤੂੰ ਗੁਰੂ ਨਾਨਕ ਦੀ ਸ਼ਰਨ ਆ ਗਈ ਹੈਂ ਤੇ ਇਹਦਾ ਨਾਉਂ ਅੱਲਾਹ ਦਿੱਤਾ ਰੱਖ ਲੈ। ਬੱਚਾ ਬਚ ਗਿਆ, ਸੋ ਇਕ ਬੱਚਾ ਬਚਾ ਲਿਆ।

ਸੋ ਮਹਾਰਾਜ ਕਹਿੰਦੇ –

*ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥*

*ਅੰਗ – ੩੦੬*

ਪ੍ਰਿਥੀ ਚੰਦ ਜੀ ਨੇ ਇਕ ਦਾਈ ਨੂੰ ਪੈਸੇ ਦੇ ਦਿਤੇ, ਕਹਿੰਦੇ ਇਹ ਤਾਂ ਲੈ-ਲੈ ਤੂੰ ਐਡਵਾਂਸ ਤੇ ਆਪਣੇ ਦੁੱਧਾਂ ਨੂੰ ਜ਼ਹਿਰ ਲਾ ਕੇ ਸਾਹਿਬਜ਼ਾਦਾ ਹਰਿਗੋਬਿੰਦ ਜੀ ਨੂੰ ਜਾ ਕੇ ਦੁੱਧ ਪਿਲਾ ਦੇ, ਬਹੁਤ ਤੇਜ਼ ਕਿਸਮ ਦੀ ਦਵਾਈ ਲਾ ਦਿਤੀ ਕਿ ਜੇ ਮੂੰਹ ਨੂੰ ਲੱਗ ਵੀ ਜਾਵੇ ਤਾਂ ਉਸੇ ਵੇਲੇ ਚੜ੍ਹਾਈ ਕਰ ਜਾਵੇ। ਸੋ ਉਹਨੇ ਆ ਕੇ ਮਾਤਾ ਜੀ ਤੋਂ ਬੱਚਾ ਫੜ ਲਿਆ। ਇਕ ਪਾਸੇ ਲੈ ਗਈ। ਬਟਨ ਖੋਲ੍ਹ ਕੇ ਦੁੱਧ ਮੂੰਹ ਵਿਚ ਪਾਉਣਾ ਚਾਹੁੰਦੀ ਹੈ। ਮਹਾਰਾਜ ਫੜਦੇ ਨਹੀਂ। ਉਹ ਕਦੇ ਏਧਰੋਂ ਫੜਾਉਂਦੀ ਹੈ ਕਦੇ ਓਧਰੋਂ ਫੜਾਉਂਦੀ ਹੈ, ਉਹ ਫੜਦੇ ਨਹੀਂ। ਅਖੀਰ ਕੁਦਰਤ ਐਸੀ ਹੋਈ ਕਿ ਉਸੇ ਨੂੰ ਜ਼ਹਿਰ ਚੜ੍ਹ ਗਈ। ਆਕੜ ਗਈ, ਗਿਰ ਗਈ ਦੜੰਮ ਕਰ ਕੇ। ਸਾਰੇ ਇਕੱਠੇ ਹੋ ਗਏ, ਮਹਾਰਾਜ ਆ ਗਏ ਕਹਿੰਦੀ ਮੈਂ ਤਾਂ ਪਾਪ ਕਰਿਆ ਹੈ ਮੈਂ ਪਾਪ ਭੋਗ ਲਿਆ। ਮੈਨੂੰ ਪ੍ਰਿਥੀ ਚੰਦ ਜੀ ਨੇ ਪੈਸੇ ਦਿਤੇ ਸੀ, ਅਜੇ ਹੋਰ ਦੇਣ ਦਾ ਮੇਰੇ ਨਾਲ ਵਾਇਦਾ ਕਰਿਆ ਸੀ, ਮੈਂ ਜਾ ਰਹੀ ਹਾਂ ਮੇਰੇ ਗੁਨਾਹ ਬਖਸ਼ ਦਿਓ। ਦੇਖਦੇ-ਦੇਖਦੇ ਹੀ ਮਰ ਗਈ। ਕਹਿੰਦੀ, ਮੈਂ ਜ਼ਹਿਰ ਲਾ ਕੇ ਪਿਲਾਉਣਾ ਚਾਹੁੰਦੀ ਸੀ। ਇਹ ਵੀ ਵਾਰ ਨਾ ਚੱਲਿਆ।

ਦੂਸਰੀ ਵਾਰੀ ਇਕ ਸਪੇਰਾ ਸੀ, ਉਹਨੂੰ ਕਹਿਣ ਲੱਗਿਆ ਪ੍ਰਿਥੀ ਚੰਦ ਕਿ ਤੇਰੇ ਕੋਲ ਸਭ ਤੋਂ ਜ਼ਹਿਰੀ ਸੱਪ ਕਿਹੜਾ ਹੈ? ਕਹਿਣ ਲੱਗਿਆ, ਗੁਰੂ ਲੋਕੋ! ਮੇਰੇ ਕੋਲ ਸਭ ਤੋਂ ਜ਼ਹਿਰੀ ਆਹ ਸੱਪ ਹੈ। ਕਹਿੰਦੇ ਇਹ ਜੇ ਮੂੰਹ ਲਾ ਦੇਵੇ ਨਾ, ਤਾਂ ਹਾਇ ਨਹੀਂ ਕਹਿਣ ਦਿੰਦਾ। ਐਨੀ ਜ਼ਹਿਰ ਤੇਜ਼ੀ ਨਾਲ ਚੜ੍ਹਦੀ ਹੈ। ਪਿੱਛੇ ਨੂੰ ਸੁੱਟਦਾ ਹੈ, ਮੂਹਰੇ ਨੂੰ ਨਹੀਂ ਸੁੱਟਦਾ। ਕਹਿਣ ਲੱਗਿਆ ਆਹ ਲੈ, ਪੰਜ ਸੌ ਰੁਪਿਆ। ਓਹ ਬੱਚਾ ਖੇਡਦਾ ਹੈ, ਤੇ ਜੇ ਇਹ ਸੱਪ ਤੂੰ ਉਸਨੂੰ ਲੜਾ ਦੇਵੇਂ ਤਾਂ ਤੈਨੂੰ ਮੂੰਹ ਮੰਗਿਆ ਇਨਾਮ ਮਿਲੇਗਾ। ਸਪੇਰਾ ਗਿਆ ਜਾ ਕੇ ਮਲਕ ਦੇ ਕੇ ਸੱਪ ਛੱਡ ਦਿਤਾ। ਮਹਾਰਾਜ ਜੀ ਦੇ ਪਾਸ ਚਲਿਆ ਗਿਆ। ਹੁਣ ਡੰਗ ਨਹੀਂ ਮਾਰਦਾ, ਖੇਲ੍ਹਦਾ ਹੈ ਉਨ੍ਹਾਂ ਨਾਲ, ਕਦੇ ਇਧਰ ਹੋ ਜਾਂਦਾ ਹੈ, ਕਦੇ ਓਧਰ ਹੋ ਜਾਂਦਾ ਹੈ। ਮਹਾਰਾਜ ਜੀ ਨੇ ਸਿਰੀ ਤੋਂ ਫੜ ਲਿਆ, ਦੇਖ ਲਿਆ ਕਿ ਸੱਪ ਹੈ। ਸਪੇਰਾ ਵੀ ਫੜ ਲਿਆ। ਜਦੋਂ ਮਾਰ ਪਈ ਤਾਂ ਦੱਸ ਦਿਤਾ ਕਿ ਮੈਨੂੰ ਤਾਂ ਪੈਸੇ ਦਿਤੇ ਨੇ ਕਿ ਸੱਪ ਲੜਾ ਦੇ। ਇਥੇ ਹੀ ਬੱਸ ਨਹੀਂ ਕਰੀ, ਜਿਹੜਾ ਖਿਡਾਵਾਂ ਸੀ ਬ੍ਰਾਹਮਣ, ਉਹ ਖਿਡਾਇਆ ਕਰਦਾ ਸੀ, ਉਸਨੂੰ ਕਿਹਾ ਕਿ ਅਸੀਂ ਤੈਨੂੰ ਐਨੇ ਪੈਸੇ ਦੇਵਾਂਗੇ, ਤੂੰ ਜ਼ਹਿਰ ਪਿਲਾ ਦੇ ਇਹਨੂੰ। ਦਹੀਂ ਪਿਲਾ ਦੇ ਇਹਨੂੰ। ਕਿਉਂਕਿ ਰੋਜ਼ ਆਪਣੇ ਹੱਥ ਦੇ ਨਾਲ ਦਹੀਂ ਖਿਲਾਇਆ ਕਰਦਾ ਸੀ। ਬਹੁਤ ਤੇਜ਼ ਕਿਸਮ ਦੀ ਜ਼ਹਿਰ ਪਾ ਦਿਤੀ ਦਹੀਂ ਵਿਚ। ਜਦੋਂ ਖਿਲਾਉਣ, ਲੱਗਿਆ, ਮਹਾਰਾਜ ਜੀ, ਮੂੰਹ ਹੀ ਨਹੀਂ ਖੋਲ੍ਹਦੇ। ਦੂਜੇ ਪਾਸੇ ਮੂੰਹ ਕਰਕੇ, ਜ਼ੋਰ ਨਾਲ ਚੀਕ ਮਾਰੀ। ਉਹਦਾ ਸੀ ਕਿ ਜਦੋਂ ਮੂੰਹ ਖੋਲ੍ਹੇਗਾ, ਉਸੇ ਵੇਲੇ ਪਾ ਦੇਣਾ। ਜ਼ਹਿਰ ਐਨੀ ਤੇਜ਼ ਹੈ ਕਿ ਉਥੇ ਹੀ ਖਤਮ ਹੋ ਜਾਣਾ ਹੈ। ਉਹ ਮੂੰਹ ਨਹੀਂ ਖੋਲ੍ਹਦੇ, ਹੱਥ ਮੂਹਰੇ ਕਰਿਆ ਹੋਇਆ ਹੈ, ਛੋਟੇ ਬੱਚੇ ਨੇ। ਰੌਲਾ ਪਿਆ, ਨੱਠ ਕੇ ਮਹਾਰਾਜ ਜੀ ਆ ਗਏ। ਮਾਤਾ ਜੀ ਆ ਗਏ, ਕਹਿੰਦੇ ਕੀ ਗੱਲ? ਕਹਿੰਦਾ, ਦਹੀਂ ਨਹੀਂ ਖਾਂਦੇ। ਕਹਿੰਦੇ, ਦਹੀਂ 'ਚ ਕੋਈ ਗੱਲ ਹੋਣੀ ਹੈ ਤਾਂ ਹੀ ਨਹੀਂ ਖਾਂਦੇ। ਪਤਾ ਤਾਂ ਸਭ ਨੂੰ ਸੀ ਕਿ ਇਹ ਕਰਨ ਕਾਰਨ ਆਪੇ ਹੀ ਨੇ। ਚਾਹੇ ਬੱਚਾ ਸਰੀਰ ਹੋਵੇ, ਚਾਹੇ ਵੱਡਾ ਹੋਵੇ, ਸ਼ਕਤੀ ਨਹੀਂ ਘੱਟ ਹੋਇਆ ਕਰਦੀ, ਸ਼ਕਤੀ ਓਨੀ ਹੀ ਹੋਇਆ ਕਰਦੀ ਹੈ। ਗੁਰੂ ਹਰਿਕ੍ਰਿਸ਼ਨ ਮਹਾਰਾਜ 'ਚ ਕੀ ਸ਼ਕਤੀ ਘੱਟ ਸੀ। ਛਟੀ ਰੱਖਦੇ ਨੇ ਗੂੰਗੇ ਤੇ ਬੋਲੇ ਦੇ ਸਿਰ 'ਤੇ। ਅਰਥ ਕਰਾ ਦਿੰਦੇ ਨੇ ਗੀਤਾ ਦੇ । ਕਿੰਨੀ ਉਮਰ ਸੀ ਸਾਢੇ ਸੱਤ ਸਾਲ। ਸੋ ਇਸ ਤਰ੍ਹਾਂ ਦੇ ਨਾਲ ਦਹੀਂ ਲੈ ਕੇ ਕੁੱਤੇ ਨੂੰ ਪਾ ਦਿਤਾ। ਕੁੱਤੇ ਨੇ ਅਜੇ ਮਾੜਾ ਜਿਹਾ ਹੀ ਅੰਦਰ ਨੂੰ ਕਰਿਆ, ਦੜੰਮ ਕਰਕੇ ਗਿਰ ਗਿਆ। ਐਡੀ ਤੇਜ਼ ਜ਼ਹਿਰ ਪਾਈ। ਸੋ ਇਹ ਵੈਰ ਹੋਇਆ ਕਰਦਾ ਹੈ ਸਾਧਸੰਗਤ ਜੀ। ਇਹ ਲੋਕ ਸੁਖ ਨਹੀਂ

ਪਾਇਆ ਕਰਦੇ –

***ਧਾਰਨਾ – ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

ਸਪੇਰਾ ਮਰ ਗਿਆ, ਦੁਸ਼ਟ ਬਾਮ੍ਹਣ ਦੇ ਸੂਲ ਐਸਾ ਉਠਿਆ ਕਿ ਉਹ ਚੜ੍ਹਾਈ ਕਰ ਗਿਆ। ਸੋ ਇਸ ਤਰ੍ਹਾਂ ਦੇ ਨਾਲ ਵੈਰ ਵਧਦਾ ਹੀ ਜਾਂਦਾ ਹੈ ਦਿਨੋ ਦਿਨ। ਇਕ ਤਾਂ ਇਹ ਹੁੰਦਾ ਹੈ ਕਿ ਇਕ ਪਾਸਾ ਵੈਰ ਨਾ ਕਰੇ, ਤਾਂ ਦੂਸਰਾ ਹੌਲੀ-ਹੌਲੀ ਦਬ ਜਾਂਦਾ ਹੈ। ਇਕ ਐਸਾ ਹੁੰਦਾ ਹੈ ਕਿ ਦਬਦਾ ਨਹੀਂ, ਸੁਭਾਅ ਐਸਾ ਹੁੰਦਾ ਹੈ, ਸਾਰੀ ਜ਼ਿੰਦਗੀ ਵੈਰ ਕਰੀ ਜਾਂਦਾ ਹੈ, ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ। ਮਹਾਰਾਜ ਕਹਿੰਦੇ, ਇਹ ਤਾਂ ਹੁੰਦਾ ਨਹੀਂ ਪਿਆਰਿਓ।

***ਵੈਰੁ ਕਰਨਿ ਨਿਰਵੈਰ ਨਾਲਿ***
***ਧਰਮਿ ਨਿਆਇ ਪਚੰਦੇ॥***
***ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਅੰਗ – ੩੧੭***

ਪਚਦੇ ਨੇ ਜਿਹੜੇ ਨਿਰਵੈਰ ਨਾਲ ਵੈਰ ਕਰਦੇ ਨੇ। ਸੋ ਹੁਣ ਪੇਸ਼ ਨਹੀਂ ਜਾਂਦੀ, ਗੁਰਦਾਸਪੁਰ ਜ਼ਿਲੇ ਦਾ ਇਕ ਬ੍ਰਾਹਮਣ ਜਿਸਦਾ ਨਾਮ ਬੀਰਬਲ ਸੀ ਇਹ ਕਿਸੇ ਰਾਜੇ ਦੇ ਪਾਸ ਨੌਕਰ ਸੀ, ਉਸ ਰਾਜੇ ਨੇ ਹੌਲੀ-ਹੌਲੀ ਅਕਬਰ ਦੇ ਪਾਸ ਭੇਜ ਦਿਤਾ। ਹੁਸ਼ਿਆਰ ਬੜਾ ਸੀ, ਹਾਜ਼ਰ ਜਵਾਬ ਸੀ, ਪੂਜਾ ਪਾਠ ਬਹੁਤ ਕਰਿਆ ਕਰਦਾ ਸੀ। ਕਥਾ ਕਰਨੀ, ਸਭ ਕੁਛ ਕਰਨਾ, ਬ੍ਰਾਹਮਣਾਂ ਵਾਲੇ ਕਰਮ ਵੀ ਪੂਰੇ ਕਰਨੇ ਤੇ ਨਾਲ ਲਤੀਫੇ ਵੀ ਸੁਣਾਉਣੇ ਉਸ ਨੇ। ਬੀਰਬਲ ਦੇ ਲਤੀਫੇ ਮਸ਼ਹੂਰ ਨੇ।

ਇਕ ਵਾਰੀ ਯੂਸਫਦੇਹੀ ਦੇ ਵਿਚ ਯੁੱਧ ਲੱਗਿਆ, ਅਫਗਾਨਿਸਤਾਨ 'ਚ। ਤਾਂ ਉਸ ਥਾਂ ਦੇ ਉਤੇ ਇਕ ਜਰਨੈਲ ਜੈਨ ਖਾਨ ਨਾਮ ਦਾ ਭੇਜਿਆ ਤੇ ਅਕਬਰ ਇਥੇ ਆਇਆ ਹੋਇਆ ਸੀ ਤੇ ਉਸ ਨੂੰ ਪਤਾ ਲੱਗਿਆ ਕਿ ਜੈਨ ਖਾਨ ਕਾਮਯਾਬ ਨਹੀਂ ਹੋ ਸਕਦਾ ਤਾਂ ਅਕਬਰ ਨੇ ਖੁਦ ਤਿਆਰੀ ਕਰੀ ਤੇ ਬੀਰਬਲ ਨੂੰ ਕਿਹਾ ਕਿ ਤੂੰ ਪੰਜਾਬ ਵਿਚੋਂ ਲੰਘ। ਕਹਿਣ ਲੱਗਿਆ, ਮਹਾਰਾਜ! ਮੈਂ ਪੰਜਾਬ ਦਾ ਬ੍ਰਾਹਮਣ ਹਾਂ ਤੇ ਕ੍ਰਿਪਾ ਕਰਕੇ ਮੈਨੂੰ ਇਕ ਹਕੂਕ ਦੇ ਦਿਓ ਕਿ ਮੈਂ ਸਾਰੇ ਖਤਰੀਆਂ ਤੋਂ ਜਜ਼ਮਾਨੀ ਪਰੋਹਤੀ ਲੈਂਦਾ ਚਲਿਆ ਜਾਵਾਂ, ਜਿਹੜਾ ਨਾ ਦੇਵੇ, ਮੈਨੂੰ ਅਖਤਿਆਰ ਦੇ ਦਿਓ ਕਿ ਜੋ ਮੈਂ ਸਜ਼ਾ ਚਾਹਵਾਂ, ਉਹ ਮੈਂ ਦੇਵਾਂ। ਯਾਨਿ ਇਕ ਟੈਕਸ ਉਗਰਾਹੁਣ ਵਾਸਤੇ ਤੁਰਿਆ ਆਉਂਦਾ ਹੈ। ਜਿਥੇ-ਜਿਥੇ ਵੀ ਦੇਖਦਾ ਹੈ ਜਿਹੜੇ-ਜਿਹੜੇ ਵੀ ਪਿੰਡ ਨੇ, ਚਾਹੇ ਜੱਟਾਂ ਦੇ ਨੇ, ਚਾਹੇ ਖੱਤਰੀਆਂ ਦੇ ਨਾਲ, ਸਾਰਿਆਂ ਤੋਂ ਦੱਛਣਾ ਲੈਂਦਾ ਤੁਰਿਆ ਜਾਂਦਾ ਹੈ। ਚਲਦਾ-ਚਲਦਾ ਜਦੋਂ ਰਾਮਦਾਸਪੁਰੇ, ਅੰਮ੍ਰਿਤਸਰ ਦੇ ਨੇੜੇ ਆਇਆ ਉਥੇ ਪ੍ਰਿਥੀ ਚੰਦ ਮਿਲ ਗਿਆ, ਭੇਟਾ ਲੈ ਕੇ। ਕਹਿੰਦਾ ਲਓ ਪੰਡਤ ਜੀ! ਤੁਸੀਂ ਤਾਂ ਸਾਡੇ ਪਰੋਹਤ ਹੋਂ। ਪਰ ਮੈਂ ਤਾਂ ਦੇ ਦਿਤੀ। ਪਰ ਮੇਰਾ ਭਰਾ ਜਿਹੜਾ ਅੱਜਕਲ੍ਹ ਬੈਠਾ ਗੁਰੂ ਅਰਜਨ ਕਹਾਉਂਦਾ ਹੈ, ਉਹ ਐਡਾ ਅਭਿਮਾਨੀ ਹੈ ਕਿ ਉਸਨੇ ਤੁਹਾਨੂੰ ਇਕ ਪੈਸਾ ਨਹੀਂ ਦੇਣਾ। ਜੇ ਇਤਬਾਰ ਨਹੀਂ ਹੈ ਤਾਂ ਪ੍ਰਤਿਆ ਕੇ ਦੇਖ ਲਓ। ਉਹਨੇ ਮੈਨੂੰ ਬੜਾ ਦੁਖੀ ਕਰਿਆ ਹੈ, ਵਲ ਛਲ ਦੇ ਨਾਲ ਗੁਰਿਆਈ ਲੈ ਲਈ ਹੈ। ਮੈਂ ਵੱਡਾ ਹਾਂ, ਮੈਂ ਵਾਂਝਾ ਰਹਿ ਗਿਆ, ਮੈਂ ਰੋਟੀ ਤੋਂ ਮੁਹਤਾਜ ਤੁਰਿਆ ਫਿਰਦਾ ਹਾਂ। ਉਹਦੇ ਕੋਲ ਅੰਬਾਰ ਲਗਦੇ ਨੇ। ਤੁਸੀਂ ਜੀਅ ਭਰ ਕੇ ਦੱਛਣਾ ਲਓ। ਮਿਲ ਗਏ ਦੋਵੇਂ, ਗੱਲਾਂ ਕਰੀ ਜਾਂਦੇ ਨੇ। ਉਹ ਵੀ ਬਹੁਤ ਖਿਝਿਆ ਹੋਇਆ ਸੀ ਉਸ ਨੇ ਕਿਹਾ ਕਿ ਇਨ੍ਹਾਂ ਨੇ ਸਾਰੇ ਬ੍ਰਾਹਮਣੀ ਕਰਮ ਤੋੜ ਦਿਤੇ। ਤੀਰਥਾਂ ਨੂੰ ਇਹ ਪਸੰਦ ਨਹੀਂ ਕਰਦੇ, ਵਰਤਾਂ ਨੂੰ ਇਹ ਪਸੰਦ ਨਹੀਂ ਕਰਦੇ, ਚੰਦਰਮਾ ਦੀ ਪੂਜਾ ਨੂੰ, ਦਰਖਤਾਂ ਦੀ ਪੂਜਾ ਨੂੰ, ਇਹ ਤਾਂ ਸਾਰੀਆਂ ਹੀ ਚੀਜ਼ਾਂ ਨੂੰ ਗਲਤ ਕਹੀ ਜਾਂਦੇ ਨੇ। ਮੈਂ ਤਾਂ ਪ੍ਰਿਥੀ ਚੰਦ ਤੇਰੇ ਤੋਂ ਵੀ ਪਹਿਲਾਂ ਤਿਆਰ ਹਾਂ ਕਿ ਮੈਂ ਇਹਨੂੰ ਚੰਗੀ ਤਰ੍ਹਾਂ ਸਜ਼ਾ ਦੇਵਾਂ। ਇਹ ਦੇਖੀ ਜਾਏਗੀ। ਜੇ ਨਹੀਂ ਦੇਵੇਗਾ ਫੇਰ ਤਾਂ ਮੈਨੂੰ ਪੂਰਾ ਬਹਾਨਾ ਮਿਲ ਜਾਏਗਾ। ਫੇਰ ਤੂੰ ਦੇਖੀਂ ਮੈਂ ਕੀ ਕਰਾਂਗਾ।

ਸੋ ਗੁਰੂ ਮਹਾਰਾਜ ਦੇ ਕੋਲ ਆਪਣੇ ਪਿਆਦੇ ਭੇਜ ਦਿਤੇ। ਕਹਿੰਦੇ, ਦੇਖੋ ਤੁਸੀਂ ਓਂ ਖੱਤਰੀ, ਕਹਿ ਦਿਓ ਉਹਨੂੰ ਕਿ ਬ੍ਰਾਹਮਣ ਬੀਰਬਲ ਨੇ ਭੇਜੇ ਨੇ ਤੇ ਐਨੇ ਹਜ਼ਾਰ ਦੱਛਣਾ ਦੇਵੇ। ਜੇ ਨਾ ਦੇਵੇ ਤਾਂ ਤਿਆਰ ਹੋ ਜਾਵੇ ਸਜ਼ਾ ਭੁਗਤਣ ਵਾਸਤੇ। ਮਹਾਰਾਜ ਜੀ ਦੇ ਪਾਸ ਚਲੇ ਗਏ, ਜਾ ਕੇ ਉਨ੍ਹਾਂ ਨੇ ਕੁਛ ਅਦਬ ਰੱਖਿਆ ਥੋੜ੍ਹਾ, ਸਮਝਦਾਰ ਸੀ। ਕਹਿਣ ਲੱਗੇ, ਪਾਤਸ਼ਾਹ! ਅਕਬਰ ਤੋਂ ਬੀਰਬਲ ਹੁਕਮ ਲੈ ਆਇਆ ਹੈ ਤੇ ਹਰ ਥਾਂ ਤੋਂ ਉਹ ਆਪਣੀ ਦੱਛਣਾ ਲੈਂਦਾ ਫਿਰਦਾ ਹੈ। ਪੈਸੇ ਉਗਰਾਉਂਦਾ ਫਿਰਦਾ ਹੈ। ਤੁਹਾਡੇ ਭਰਾਤਾ ਜੀ ਨੇ ਵੀ ਦੇ ਦਿਤੇ ਨੇ ਤੇ ਕੁਛ ਗੁਪਤ ਗੱਲਾਂ ਵੀ ਇਨ੍ਹਾਂ ਨੇ ਆਪਸ ਵਿਚ ਕਰੀਆਂ ਨੇ, ਕਿਤੇ ਐਸਾ ਨਾ ਹੋਵੇ ਕਿ ਆਪ ਨੂੰ ਸੰਕਟ ਖੜ੍ਹਾ ਹੋ ਜਾਵੇ, ਚੰਗਾ ਹੋਵੇ ਕਿ ਬਲਾ ਗਲੋਂ ਲਾਹੋ ਤੇ ਜਿਹੜਾ ਮੰਗਿਆ ਹੈ ਇਹ ਦੇ ਦਿਓ।

ਮਹਾਰਾਜ ਕਹਿੰਦੇ, ਪ੍ਰੇਮੀਓ! ਆਹ ਜਿੰਨਾ ਤੁਹਾਨੂੰ ਪੈਸਾ ਟਕਾ ਨਜ਼ਰ ਆਉਂਦਾ ਹੈ, ਇਹ ਮੇਰਾ ਤਾਂ ਹੈ ਨਹੀਂ। ਮੈਂ ਤਾਂ ਇਹਦੇ ਵਿਚੋਂ ਪ੍ਰਸ਼ਾਦਾ ਵੀ ਨਹੀਂ ਛਕਦਾ,

ਬਸਤਰ ਵੀ ਨਹੀਂ ਪਹਿਨਦਾ। ਇਹ ਤਾਂ ਸਾਰਾ ਸੰਗਤਾਂ ਲਿਆਉਂਦੀਆਂ ਨੇ, ਸੰਗਤਾਂ 'ਤੇ ਹੀ ਲਗ ਜਾਂਦਾ ਹੈ। ਅਸੀਂ ਤਾਂ ਆਪਣਾ ਪ੍ਰਸ਼ਾਦਾ ਪਾਣੀ ਜਿਹੜੀ ਸਾਡੇ ਕੋਲ ਜ਼ਮੀਨ ਹੈ ਉਹਦੇ 'ਚੋਂ ਖਾਂਦੇ, ਉਹਦੇ 'ਚੋਂ ਵੀ ਅਸੀਂ ਗੁਰੂ ਦੇ ਲੰਗਰ 'ਚ ਪਾ ਦਿੰਦੇ ਹਾਂ ਜਿੰਨਾ ਵਾਧੂ ਹੁੰਦਾ ਹੈ। ਸੋ ਪੈਸਾ ਤਾਂ ਇਨ੍ਹਾਂ ਸੰਗਤਾਂ ਦਾ ਹੈ, ਸੰਗਤਾਂ ਦਾ ਪੈਸਾ ਕਿਸੇ ਨੂੰ ਦੇਣਾ ਮੇਰਾ ਅਖਤਿਆਰ ਨਹੀਂ।

ਕਹਿੰਦੇ, ਮਹਾਰਾਜ! ਜ਼ਿੱਦੀ ਬੰਦਾ ਹੈ, ਅਕਬਰ ਦੇ ਮੂੰਹ ਬਹੁਤ ਚੜ੍ਹਿਆ ਹੋਇਆ ਹੈ ਤੇ ਆਪ ਜੇ ਦੇ ਦਿਓ ਤਾਂ ਚੰਗਾ ਹੈ, ਨਹੀਂ ਤਾਂ ਫੇਰ ਨੁਕਸਾਨ ਬਹੁਤ ਹੋ ਜਾਂਦਾ ਹੈ। ਅਸੀਂ ਤਾਂ ਤੁਹਾਡਾ ਵੀ ਸਤਿਕਾਰ ਰੱਖਣਾ ਹੈ ਤੇ ਓਧਰ ਵੀ ਰੱਖਣਾ ਹੈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਵਿਚੋਂ ਜਿਹੜੀ ਗੱਲ ਹੈ ਕਿ ਏਸ ਨੂੰ ਬਹੁਤ ਅਭਿਮਾਨ ਹੈ ਬ੍ਰਾਹਮਣਪੁਣੇ ਦਾ, ਇਹ ਸਿੱਖੀ ਨੂੰ ਮੇਟਣਾ ਚਾਹੁੰਦਾ ਹੈ ਕਿ ਮੈਂ ਇਹਨੂੰ ਖਤਮ ਕਰ ਦੇਵਾਂ। ਪਰ ਵਾਹਿਗੁਰੂ ਦਾ ਅਸੂਲ ਕੁਛ ਹੋਰ ਹੈ। ਪੜ੍ਹੋ ਪਿਆਰ ਨਾਲ –

***ਧਾਰਨਾ – ਤੇਰਾ ਮਾਣ ਓ – 3***
***ਪ੍ਰਭੂ ਨੂੰ ਨਾ ਭਾਵੇ ਭਾਈ ਤੇਰਾ ਮਾਣ ਜੀ।***

***ਹਰਿ ਜੀਉ ਅਹੰਕਾਰੁ ਨ ਭਾਵਈ***
***ਵੇਦ ਕੂਕਿ ਸੁਣਾਵਹਿ ॥ ਅੰਗ – ੧੦੮੯***

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਧਰਮ ਗ੍ਰੰਥ ਸਾਰੇ ਇਹ ਕਹਿੰਦੇ ਨੇ ਕਿ ਰੱਬ ਨੂੰ ਹੰਕਾਰ ਨਹੀਂ ਭਾਇਆ ਕਰਦਾ। 'ਹੰਕਾਰਿਆ ਸੋ ਮਾਰਿਆ।' ਹੰਕਾਰੀ ਜਿਹੜਾ ਪੁਰਸ਼ ਹੈ ਉਹਨੂੰ ਹਾਰਨਾ ਪਏਗਾ। ਮਹਾਰਾਜ ਕਹਿੰਦੇ, ਤੁਸੀਂ ਅਕਾਲ ਪੁਰਖ 'ਤੇ ਭਰੋਸਾ ਰੱਖੋ। ਪਿਆਦਿਆਂ ਨੂੰ ਕਹਿਣ ਲੱਗੇ, ਦੇਖੋ ਤੁਸੀਂ ਉਨ੍ਹਾਂ ਨੂੰ ਕਹਿ ਦਿਓ ਕਿ ਲੰਗਰ ਛਕਣਾ ਹੈ ਤਾਂ ਤਿਆਰ ਹੈ ਕਿਉਂਕਿ ਗੁਰੂ ਨਾਨਕ ਦੇ ਦਰ ਦੇ ਉਤੇ ਕੋਈ ਦ੍ਵੈਸ਼ ਨਹੀਂ ਹੈ, ਲੇਕਿਨ ਅਸੀਂ ਜਾਤ ਪਾਤ ਨੂੰ ਨਹੀਂ ਮੰਨਦੇ ਕਿ ਬ੍ਰਾਹਮਣਾਂ ਨੂੰ ਕਿਸੇ ਖਾਸ ਥਾਂ ਬੈਠ ਕੇ ਪ੍ਰਸ਼ਾਦਾ ਛਕਾਇਆ ਜਾਵੇ ਤੇ ਗੁਰੂ ਅਮਰਦਾਸ ਮਹਾਰਾਜ ਜੀ ਦੇ ਦਰਬਾਰ ਵਿਚ ਆ ਕੇ ਅਕਬਰ ਬਾਦਸ਼ਾਹ ਨੇ ਭੁੰਜੇ ਬੈਠ ਕੇ ਹੱਥਾਂ 'ਤੇ ਲੈ ਕੇ ਪ੍ਰਸ਼ਾਦਾ ਛਕਿਆ ਸੀ। ਗੁਰੂ ਨਾਨਕ ਦਾ ਲੰਗਰ ਹੈ ਇਹਦਾ ਮਿਲ ਜਾਣਾ ਹੀ ਬਹੁਤ ਵੱਡੀ ਕਿਸਮਤ ਹੋਇਆ ਕਰਦੀ ਹੈ। ਬਾਕੀ ਜਿਹੜਾ ਰਹਿ ਗਿਆ ਕਿ ਇਹ ਜਜ਼ਮਾਨੀ ਪਰੋਹਤੀ ਦੀ ਗੱਲ ਕਰਦਾ ਹੈ, ਅਸੀਂ ਤਾਂ ਨਾ ਕਿਸੇ ਤੀਰਥ ਨੂੰ ਮੰਨਦੇ ਹਾਂ, ਨਾ ਚੰਦ ਨੂੰ, ਨਾ ਸੂਰਜ ਨੂੰ, ਨਾ ਕਿਸੇ ਧਰਮਰਾਜ ਨੂੰ, ਨਾ ਕਿਸੇ ਗ੍ਰਹਿ ਨੂੰ ਮੰਨਦੇ, ਨਾ ਕਿਸੇ ਨਛੱਤ੍ਰ ਨੂੰ ਮੰਨਦੇ ਹਾਂ, ਨਾ ਅਸੀਂ ਕਿਸੇ ਦੇਵੀ ਨੂੰ ਮੰਨਦੇ ਹਾਂ, ਨਾ ਦੇਵਤਾ ਨੂੰ ਮੰਨਦੇ ਹਾਂ। ਸਾਡਾ ਤਾਂ ਜਜਮਾਨ ਸਿੱਧਾ ਹੀ ਵਾਹਿਗੁਰੂ ਹੈ। ਵਿਚਾਲੇ-ਵਿਚਾਲੇ ਕੋਈ ਨਹੀਂ ਹੈ। ਸੋ ਉਨ੍ਹਾਂ ਨੂੰ ਕਹਿ ਦਿਓ ਕਿ ਗੁਰੂ ਨਾਨਕ ਦਾ ਧਰਮ ਜੋ ਹੈ, ਉਹ ਤਾਂ ਮੰਨਦਾ ਨਹੀਂ ਹੈ ਕਿਸੇ ਨੂੰ, ਦੱਛਣਾ ਵਗੈਰਾ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

ਸੋ ਉਹ ਜਵਾਬ ਲੈ ਕੇ ਚਲੇ ਜਾਂਦੇ ਨੇ। ਉਸ ਵੇਲੇ ਗੋਂਦਾ ਗੁੰਦਣੀਆਂ ਸ਼ੁਰੂ ਕਰ ਲਈਆਂ ਉਸਨੇ ਤੇ ਨਾਲ ਇਹ ਗੱਲ ਕਹੀ ਕਿ ਦੇਖਾਂਗਾ ਮੇਰੀ ਤਾਕਤ ਨੂੰ ਚੈਲੰਜ ਕਰਿਆ ਹੈ ਤੇ ਮੈਂ ਦੱਸਾਂਗਾ ਕਿ ਕੀ ਤਾਕਤ ਹੋਇਆ ਕਰਦੀ ਹੈ ਬ੍ਰਾਹਮਣ ਦੇ ਅੰਦਰ। ਅਭਿਮਾਨ ਦੇ ਹੰਕਾਰੇ ਹੋਏ ਬਚਨ ਕਰਦਾ ਹੈ। ਆ ਕੇ ਗੁਰਸਿੱਖਾਂ ਨੇ ਦੱਸਿਆ ਕਿ ਸੱਚੇ ਪਾਤਸ਼ਾਹ! ਉਹ ਤਾਂ ਬਹੁਤ ਹੰਕਾਰੇ ਹੋਏ ਬਚਨ ਕਰ ਰਿਹਾ ਹੈ। ਮਹਾਰਾਜ! ਕਹਿੰਦੇ, ਕੋਈ ਨਾ ਪ੍ਰੇਮੀਓ! ਜਿਹੜਾ ਨਿਰਵੈਰਾਂ ਦੇ ਉਤੇ, ਵੈਰ ਕਰਨ ਵਾਸਤੇ ਚੜ੍ਹ ਕੇ ਆਉਂਦਾ ਹੈ, ਉਹ ਫੇਰ ਵਾਹਿਗੁਰੂ ਜੀ ਦਾ ਫਰਜ਼ ਬਣ ਜਾਂਦਾ ਹੈ। ਆਪਾਂ ਤਾਂ ਸਰਬੱਤ ਦਾ ਭਲਾ ਮੰਗੋ। ਜੇ ਫੇਰ ਵੀ ਕੋਈ ਨਹੀਂ ਹਟਦਾ ਤਾਂ ਫੇਰ ਵਾਹਿਗੁਰੂ ਜੀ ਦੀ ਡਿਊਟੀ ਹੁੰਦੀ ਹੈ ਕਿ ਦੈਂਤਾਂ ਨੂੰ ਮਾਰਦਾ ਹੈ ਤੇ ਸੰਤਾਂ ਨੂੰ ਉਭਾਰਦਾ ਹੈ।

***ਧਾਰਨਾ – ਦੈਂਤਾਂ ਨੂੰ ਮਾਰ ਕੇ***
***ਸੰਤਾਂ ਦੀ ਰਾਖੀ ਕਰਦੈ।***

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥***
***ਹਰਣਾਖਸੁ ਦੁਸਟੁ ਹਰਿ ਮਾਰਿਆ***
***ਪ੍ਰਹਲਾਦੁ ਤਰਾਇਆ॥***
***ਅਹੰਕਾਰੀਆ ਨਿੰਦਕਾ ਪਿਠਿ ਦੇਇ***
***ਨਾਮਦੇਉ ਮੁਖਿ ਲਾਇਆ ॥***
***ਜਨ ਨਾਨਕ ਐਸਾ ਹਰਿ ਸੇਵਿਆ***
***ਅੰਤਿ ਲਏ ਛਡਾਇਆ ॥ ਅੰਗ – ੪੫੧***

ਸਾਧਸੰਗਤ ਜੀ! ਘਬਰਾਉਣ ਦੀ ਲੋੜ ਨਹੀਂ। ਅਕਾਲ ਪੁਰਖ ਨੇ ਜੁਗਾਂ ਜੁਗਾਤਰਾਂ ਤੋਂ ਭਗਤਾਂ ਦੀ ਰਾਖੀ ਆਪ ਆ ਕੇ ਕਰੀ ਹੈ। ਦੇਖੋ, ਪ੍ਰਹਿਲਾਦ ਦੀ ਰਾਖੀ ਵਾਸਤੇ ਨਰਸਿੰਗ ਦਾ ਰੂਪ ਧਾਰਨਾ ਪਿਆ ਤੇ ਅਨੇਕਾਂ ਦੀ ਰਾਖੀ ਕਰੀ ਹੈ।

***ਸਹਸਬਾਹੁ ਮਧੁ ਕੀਟ ਮਹਿਖਾਸਾ ॥***
***ਹਰਣਾਖਸੁ ਲੇ ਨਖਹੁ ਬਿਧਾਸਾ ॥***
***ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥***
***ਜਰਾਸੰਧਿ ਕਾਲਜਮੁਨ ਸੰਘਾਰੇ ॥***

*ਰਕਤਬੀਜੁ ਕਾਲੁਨੇਮੁ ਬਿਦਾਰੇ ॥*
*ਦੈਤ ਸੰਘਾਰਿ ਸੰਤ ਨਿਸਤਾਰੇ ॥ ਅੰਗ - ੨੨੪*

ਦੈਂਤਾਂ ਦਾ ਸੰਘਾਰ ਕਰਨਾ ਵਾਹਿਗੁਰੂ ਦੀ ਆਪਣੀ ਡਿਊਟੀ ਹੈ। ਤੁਸੀਂ ਬੇਫਿਕਰ ਰਹੋ। ਪਾਤਸ਼ਾਹ! ਬੜਾ ਉਹ ਤਾਂ ਹੰਕਾਰ ਦੇ ਬਚਨ ਕਰਦਾ ਹੈ। ਕਹਿੰਦੇ, ਕੋਈ ਨਾ। ਐਨੇ ਨੂੰ ਅਕਬਰ ਨੂੰ ਖਬਰ ਆਈ, ਲਾਹੌਰ ਕਿ ਜੈਨ ਖਾਂ ਭੱਜਣ ਦੀਆਂ ਤਿਆਰੀਆਂ ਕਰਦਾ ਹੈ ਕਿ ਛੇਤੀ ਫੌਜ ਭੇਜ ਦਿਓ। ਉਸ ਵੇਲੇ ਉਨ੍ਹਾਂ ਨੇ ਫੌਰਨ ਬੀਰਬਲ ਨੂੰ ਸੁਨੇਹਾ ਭੇਜਿਆ ਕਿ ਇਕ ਦਮ ਡਬਲ ਮਾਰਚ ਕਰਦਾ-ਕਰਦਾ ਪਹੁੰਚ ਜਾਹ ਤੇ ਜਾ ਕੇ ਯੁੱਧ ਦਾ ਪਲਟਾ ਪਲਟ। ਉਸੇ ਵੇਲੇ ਜਦੋਂ ਤੁਰਨ ਲੱਗਿਆ ਤਾਂ ਪ੍ਰਿਥੀ ਚੰਦ ਕਹਿਣ ਲੱਗਿਆ ਕਿ ਬੀਰਬਲ ਜੀ! ਦੱਛਣਾ ਤਾਂ ਤੁਹਾਨੂੰ ਦਿਤੀ ਨਹੀਂ। ਕਹਿੰਦਾ ਮੈਂ ਆਇਆ ਆ ਕੇ ਦੇਖੀਂ ਤੂੰ ਮੈਂ ਕਿਸ ਤਰ੍ਹਾਂ ਦੇ ਨਾਲ ਦੱਛਣਾ ਲੈਂਦਾ ਹਾਂ।

ਸਿਖਾਂ ਨੇ ਆ ਕੇ ਮਹਾਰਾਜ ਜੀ ਨੂੰ ਬੇਨਤੀ ਕਰੀ ਗਈ ਕਿ ਪਾਤਸ਼ਾਹ! ਉਹ ਤਾਂ ਐਉਂ ਕਹਿੰਦਾ ਹੈ ਕਿ ਮੈਂ ਯੁੱਧ ਤੋਂ ਹੁਣੇ ਹੀ ਆਇਆ ਤੇ ਬਾਦਸ਼ਾਹ ਵੀ ਮੇਰੇ 'ਤੇ ਬਹੁਤ ਖੁਸ਼ ਹੋਏਗਾ। ਫੇਰ ਮੈਂ ਮਨਮਰਜ਼ੀ ਕਰਾਂਗਾ। ਫੇਰ ਮੈਂ ਅਗਲਾ ਪਿਛਲਾ ਹਿਸਾਬ ਕਿਤਾਬ ਨਿਬੇੜ ਲਵਾਂਗਾ। ਮਹਾਰਾਜ ਕਹਿੰਦੇ ਇਹਦਾ ਕੀ ਭਰੋਸਾ ਹੈ ਕਿ ਇਹਨੇ ਆਉਣਾ ਵੀ ਹੈ ਕਿ ਨਹੀਂ ਆਉਣਾ। ਕੋਈ ਪਤਾ ਨਹੀਂ ਹੈ।

***ਧਾਰਨਾ - ਅਜੇ ਨਉਕਾ ਵਿਚ ਸਮੁੰਦਰ ਦੇ***
***ਕਿਆ ਜਾਨੇ ਕਿਆ ਹੋਏ।***

*ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥*
*ਅਜਹੁ ਸੁ ਨਾਉ ਸਮੁੰਦ੍ਰ ਮਹਿ*
*ਕਿਆ ਜਾਨਉ ਕਿਆ ਹੋਇ ॥ ਅੰਗ - ੧੩੬੬*

ਕੀ ਪਤਾ ਕੀ ਹੋ ਜਾਵੇ, ਦੂਸਰਿਆਂ ਨੂੰ ਹਾਸਾ ਮਖੌਲ ਮਸਕਰੀਆਂ ਕਰਦਾ ਹੈਂ। ਮਹਾਰਾਜ ਕਹਿੰਦੇ, ਜਦੋਂ ਆਏਗਾ ਉਦੋਂ ਹੀ ਕੁਛ ਕਰੇਗਾ।

ਉਥੇ ਜਾਂਦਾ ਹੀ ਪਠਾਣਾਂ ਨੇ ਮਾਰ ਦਿਤਾ। ਬੜਾ ਉਦਾਸ ਹੋਇਆ ਪ੍ਰਿਥੀ ਚੰਦ। ਸਭ ਤੋਂ ਜ਼ਿਆਦਾ ਸਦਮਾ ਇਹਨੂੰ ਪਹੁੰਚਿਆ ਕਿ ਮਸਾਂ-ਮਸਾਂ ਤਿਆਰ ਕਰਿਆ ਸੀ। ਉਹ ਵੀ ਜਾਂਦਾ ਰਿਹਾ। ਚਾਰ-ਪੰਜ, ਵਾਰ ਵੀ ਕਰੇ, ਸਾਰੇ ਖਾਲੀ ਗਏ। ਖਬਰੇ ਕਿਹੋ ਜਿਹੀ ਕਿਸਮਤ ਹੈ ਮੇਰੀ। ਅਜੇ ਵੀ ਪਛਤਾਉਂਦਾ ਨਹੀਂ ਹੈ। ਪਹਿਲੇ ਗੁਰੂ ਸਾਹਿਬਾਨ ਦੀ ਲਿਹਾਜ਼ ਨਹੀਂ ਹੈ ਕਿ ਚਲੋ ਇਨ੍ਹਾਂ ਦੀ ਨਾ ਕਰ, ਪਹਿਲਿਆਂ ਦੀ ਤਾਂ ਕਰ ਲੈ ਕਿ ਗੁਰਿਆਈ ਗੁਰੂ ਨਾਨਕ ਦੀ ਐਵੇਂ ਤਾਂ ਨਹੀਂ ਚਲੀ ਆਉਂਦੀ। ਬੇ-ਭਰੋਸੇ ਬੰਦਾ ਸੀਗਾ, ਨਾਸਤਕ ਬੰਦਾ।

ਸੋ ਇਸ ਤਰ੍ਹਾਂ ਗੁਰੂ ਮਹਾਰਾਜ ਵਾਪਸ ਚਲੇ ਜਾਂਦੇ ਨੇ। ਜਾਂਦੇ-ਜਾਂਦੇ ਜਦੋਂ ਖਡੂਰ ਸਾਹਿਬ ਪਹੁੰਚਦੇ ਨੇ, ਉਸ ਥਾਂ ਦੇ ਉਤੇ ਦਾਸੂ ਜੀ ਜੋ ਗੁਰੂ ਅੰਗਦ ਸਾਹਿਬ ਮਹਾਰਾਜ ਦੇ ਸਾਹਿਬਜ਼ਾਦੇ ਸੀ। ਉਨ੍ਹਾਂ ਨੂੰ ਮਿਲਣ ਆਪ ਗਏ। ਸਮਾਧੀ ਸਥਿਤ ਆਪ ਬੈਠੇ ਸਨ, ਆਪ ਨੇ ਸਮਾਧੀ ਖੁਲਾਈ ਤੇ ਫੇਰ ਆਪ ਨੇ ਦਰਸ਼ਨ ਮੇਲੇ ਕਰੇ। ਐਨੇ ਨੂੰ ਦਾਤੂ ਜੀ ਆ ਗਏ, ਆ ਕੇ ਕਹਿਣ ਲੱਗੇ ਮਹਾਰਾਜ! ਅਸੀਂ ਬੜੀ ਭਾਰੀ ਭੁੱਲ ਕੀਤੀ ਹੈ ਕਿ ਜਦੋਂ ਪਿਤਾ ਜੀ ਨੇ ਗੁਰਿਆਈ ਗੁਰੂ ਅਮਰਦਾਸ ਜੀ ਨੂੰ ਦਿਤੀ ਤਾਂ ਮੈਨੂੰ ਕੋਝਿਆਂ ਮਸੰਦਾਂ ਨੇ ਚੁੱਕ ਚੁਕਾਂ ਕੇ ਇਹ ਗੱਲ ਕਹੀ ਕਿ ਦੇਖ, ਗੁਰਿਆਈ ਉਨ੍ਹਾਂ ਨੇ ਕਿਵੇਂ ਦੇ ਦਿਤੀ, ਤੁਸੀਂ ਤਾਂ ਪੁੱਤਰ ਹੋ ਉਨ੍ਹਾਂ ਦੇ। ਜੇ ਤੁਸੀਂ ਹੁਣ ਨਾ ਗੁਰਿਆਈ ਸੰਭਾਲੀ, ਇਹ ਬਾਹਰ ਚਲੀ ਜਾਏਗੀ। ਪਹਿਲਾਂ ਸ੍ਰੀ ਚੰਦ ਜੀ ਨੇ ਗੁਰਿਆਈ ਨਾ ਸੰਭਾਲੀ। ਪਹਿਲਾਂ ਗੁਰੂ ਨਾਨਕ ਦੇ ਘਰ 'ਚੋਂ ਬਾਹਰ ਚਲੀ ਗਈ, ਹੁਣ ਤੁਹਾਡੇ ਬਾਹਰ ਚਲੀ ਗਈ। ਉਹ ਕੱਲ੍ਹ ਤੱਕ ਤਾਂ ਤੁਹਾਡੀ ਸੇਵਾ ਕਰਦਾ ਰਿਹਾ ਹੈ, ਜਾਓ ਜਾ ਕੇ ਤੁਸੀਂ ਤਖਤ ਲਾ ਕੇ ਬੈਠੋ, ਉਹਦੀ ਕੀ ਮਜ਼ਾਲ ਹੈ ਕਿ ਤੁਹਾਡੇ ਬਰਾਬਰ ਬੈਠ ਜਾਵੇ। ਸੋ ਇਹ ਦਾਤੂ ਜੀ ਖਡੂਰ ਸਾਹਿਬ ਤੋਂ ਗੋਇੰਦਵਾਲ ਸਾਹਿਬ ਆ ਗਏ। ਅੱਗੇ ਦਰਬਾਰ ਲੱਗਿਆ ਹੋਇਆ ਹੈ, ਸੰਗਤ ਆਈ ਬੈਠੀ ਹੈ। ਦੂਰ-ਤਕ ਬੈਠੀ ਹੈ ਹਜ਼ਾਰਾਂ ਦੀ ਤਾਦਾਦ 'ਚ। ਅੰਬਾਰ ਲੱਗੇ ਪਏ ਨੇ ਭੇਟਾਵਾਂ ਦੇ ਸੰਗਤਾਂ ਵਲੋਂ। ਮਹਾਰਾਜ ਜੀ ਨੇ ਵੀ ਦੇਖ ਲਿਆ ਕਿ ਦਾਤੂ ਜੀ ਆ ਰਹੇ ਨੇ, ਕਿਹਾ, ਕਿ ਇਨ੍ਹਾਂ ਨੂੰ ਆਦਰ ਸਤਿਕਾਰ ਦੇ ਨਾਲ ਬਿਠਾ ਦਿਓ। ਲੇਕਿਨ ਉਹ ਤਾਂ ਅੱਗ ਬਗੋਲਾ ਹੋਏ ਸੀ, ਆਉਂਦੇ ਨੇ ਤਖਤ ਦੇ ਉਤੇ ਚੜ੍ਹ ਕੇ ਮਹਾਰਾਜ ਜੀ ਦੀ ਪਿੱਠ 'ਤੇ ਜ਼ੋਰ ਨਾਲ ਲੱਤ ਮਾਰੀ। ਥੱਲੇ ਭੁੰਜੇ ਸੁੱਟ ਦਿਤੇ। ਮਹਾਰਾਜ ਜੀ ਜਦੋਂ ਹੇਠਾਂ ਗਿਰੇ ਜੇ ਇਕ ਬਚਨ ਕਰ ਦਿੰਦੇ, ਮਾੜੀ ਜਿਹੀ ਇਛਿਆ ਕਰ ਦਿੰਦੇ, ਫਨਾਹ ਕਰ ਦਿੰਦੇ ਸਭ ਚੀਜ਼ਾਂ ਨੂੰ।

ਕਿਉਂਕਿ ਮਹਾਂਪੁਰਸ਼ ਐਵੇਂ ਨਹੀਂ ਹੋਇਆ ਕਰਦੇ ਸਾਧਸੰਗਤ ਜੀ। ਇਸੇ ਕਰਕੇ ਕਹਿੰਦੇ ਨੇ ਕਿ ਕਿਸੇ ਨਾਲ ਐਵੇਂ ਨਾ ਝਗੜਾ ਕਰੋ। ਪਤਾ ਨਹੀਂ ਕਿਸੇ ਪੂਰੇ ਨਾਲ ਹੀ ਵਾਹ ਪੈ ਜਾਵੇ।

ਬਾਬਾ ਫਰੀਦ ਜੀ, ਉਨ੍ਹਾਂ ਦੀ ਭੈਣ ਦੇ ਲੜਕੇ ਦਾ ਨਾਮ ਮਖਦੂਮ ਸੀ। ਉਹ ਤਪਸਿਆ ਕਰਿਆ ਕਰਦਾ

ਸੀ, ਭੈਣ ਨੇ ਇਨ੍ਹਾਂ ਨੂੰ ਦੇ ਦਿਤਾ ਕਿ ਤੁਸੀਂ ਭਰਾਤਾ ਜੀ ਮੇਰੇ ਪੁੱਤਰ ਨੂੰ ਆਪਣੇ ਕੋਲ ਰੱਖੋ। ਪਾਕ ਪਟਨ ਰਹਿਣਾ ਸ਼ੁਰੂ ਕਰ ਦਿਤਾ ਬਾਬਾ ਜੀ ਨੇ। ਬਾਬਾ ਜੀ ਦੀਆਂ ਤਿੰਨ ਸ਼ਾਦੀਆਂ ਸੀ। ਇਕ ਸ਼ਾਦੀ ਉਨ੍ਹਾਂ 'ਚੋਂ ਦਿੱਲੀ ਦੇ ਬਾਦਸ਼ਾਹ ਦੀ ਲੜਕੀ ਨਾਲ ਗਿਆਸੂਦੀਨ ਬਲਬਨ ਦੀ ਲੜਕੀ ਨਾਲ ਹੋਈ ਹੋਈ ਸੀ। ਇਹ ਹਜ਼ਰਤ ਮੁਹੰਮਦ ਦੇ ਖਾਨਦਾਨ ਵਿਚੋਂ ਸੀਗੇ। ਬੜਾ ਸਤਿਕਾਰ ਸੀ ਮੁਸਲਿਮ ਸੰਸਾਰ ਦੇ ਅੰਦਰ ਬਾਬਾ ਜੀ ਦਾ। ਕਿਉਂਕਿ ਸੂਫੀ ਪੀਰਾਂ ਦੇ ਅੰਦਰ ਹਠ ਯੋਗ ਬੜਾ ਜ਼ਬਰਦਸਤ ਹੋਇਆ ਕਰਦਾ ਸੀ ਤੇ ਉਹਦੇ ਨਾਲ ਰਿੱਧੀਆਂ ਸਿੱਧੀਆਂ, ਸ਼ਕਤੀਆਂ ਬੇਅੰਤ ਪ੍ਰਾਪਤ ਕਰ ਲੈਂਦੇ ਸੀ। ਫੇਰ ਦੂਜਾ ਪਾਸਾ ਵੀ ਪੂਰਾ ਹੁੰਦਾ ਕਿਉਂਕਿ ਸਾਧੂ ਦੇ ਕੋਲ ਸ਼ਕਤੀ ਨਾ ਹੋਵੇ ਸ਼ਿੰਗਾਰ ਨਹੀਂ ਹੋਇਆ ਕਰਦਾ, ਵਰਤੇ ਨਾ ਵਰਤੇ। ਲੇਕਿਨ ਹੋਇਆ ਕੁਦਰਤੀ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਉਨ੍ਹਾਂ ਨੂੰ ਬਾਬਾ ਜੀ ਨੇ ਲੰਗਰ ਵਰਤਾਉਣ ਦੀ ਡਿਊਟੀ ਦੇ ਦਿਤੀ ਤੇ ਇਕ ਦਿਨ ਜਾ ਕੇ ਲੰਗਰ ਸਮੇਂ ਸਿਰ ਵਰਤਾ ਨਾ ਸਕੇ। ਅਜੇ ਸਮਾਧੀ ਵਿਚ ਬੈਠੇ ਨੇ ਤਾਂ ਬਾਬਾ ਜੀ ਦਾ ਵੱਡਾ ਲੜਕਾ ਜਮਾਲ ਹੈ, ਜਿਸਦਾ ਨਾਮ, ਉਹ ਆ ਗਿਆ। ਉਹਨੇ ਕਿਹਾ ਕਿ ਲੰਗਰ ਨਹੀਂ ਵਰਤਿਆ ਅਜੇ, ਕਹਿੰਦੇ ਨਹੀਂ ਜੀ, ਲੰਗਰ ਤਾਂ ਅਜੇ ਵਰਤਿਆ ਨਹੀਂ। ਚਲੋ, ਕਹਿੰਦੇ ਲੰਗਰ ਮੈਂ ਵਰਤਾਉਂਦਾ ਹਾਂ। ਲੰਗਰ ਵਰਤਾ ਦਿਤਾ, ਜਦੋਂ ਇਨ੍ਹਾਂ ਦੀ ਸਮਾਧੀ ਖੁਲ੍ਹੀ, ਇਨ੍ਹਾਂ ਨੇ ਕਿਹਾ ਕਿ ਲੰਗਰ ਵਰਤ ਗਿਆ, ਕਹਿੰਦੇ ਹਾਂ ਜੀ। ਕਹਿੰਦੇ, ਕੀਹਨੇ ਵਰਤਾਇਆ ਹੈ? ਕਹਿੰਦੇ, ਕੀਹਨੇ ਵਰਤਾਇਆ ਹੈ? ਕਹਿੰਦੇ, ਜੀ ਵੱਡੇ ਸਾਹਿਬਜ਼ਾਦੇ ਜਮਾਲ ਜੀ ਨੇ। ਉਥੇ ਗਏ ਜਾ ਕੇ ਕਹਿਣ ਲੱਗੇ ਕਿ ਕੁਛ ਬਚਿਆ ਹੋਇਆ ਹੈ? ਦਾਲ ਲੱਗੀ ਹੋਈ ਸੀ ਮੂੰਹ ਪਾ ਲਈ ਲਾਹ ਕੇ, ਯਾ ਅੱਲਾਹ ਕਹਿ ਕੇ। ਪਤਾ ਨਹੀਂ ਕੀ ਮਨ 'ਚ ਆਇਆ ਕਿ ਉਹ ਵੱਡਾ ਲੜਕਾ ਸੁਆਹ ਦੀ ਉਥੇ ਹੀ ਢੇਰੀ ਬਣ ਗਿਆ। ਜਿਹੜਾ ਛੋਟਾ ਸੀ ਇਕ ਦਿਨ ਇਹ ਭਜਨ ਕਰਦੇ ਸੀ। ਝੀਥਾਂ ਥਾਈਂ ਦੇਖਣ ਲੱਗ ਗਿਆ ਤੇ ਇਨ੍ਹਾਂ ਨੇ ਅੱਖ ਖੋਲ੍ਹ ਕੇ ਜਦੋਂ ਉਸ ਵਲ ਦੇਖਿਆ ਉਹ ਵੀ ਸੁਆਹ ਦੀ ਢੇਰੀ ਬਣਾ ਦਿਤੇ। ਦੋਵੇਂ ਬੱਚੇ ਮਾਰ ਦਿਤੇ। ਬਾਬਾ ਫਰੀਦ ਸਮਚਿੱਤ ਕੋਈ ਗੱਲ ਦਾ ਨਾ ਉਤਰਾਅ ਨਾ ਚੜ੍ਹਾਅ, ਨ ਇਹਨੂੰ ਕੋਈ ਗੱਲ ਕਹੀ। ਭੈਣ ਆ ਗਈ, ਦੱਸ ਸਾਲ ਬਾਅਦ ਈਰਾਨ ਤੋਂ, ਕਹਿਣ ਲੱਗੀ ਭਰਾਤਾ! ਹੁਣ ਇਨ੍ਹਾਂ ਦੀ ਸ਼ਾਦੀ ਦਾ ਬੰਦੋਬਸਤ ਕਰੋ। ਕਹਿੰਦੇ ਬੀਬੀ! ਇਹ ਸ਼ਾਦੀ ਵਾਲਾ ਤਾਂ ਹੈ ਨਹੀਂ, ਇਹਦਾ ਤਾਂ ਐਨਾ ਜਲਾਲ, ਐਨਾ ਤੇਜ਼ ਵਧ ਗਿਆ ਕਿ ਇਹਦੇ ਕੋਲ ਕੋਈ ਬੈਠੇ ਇਹ ਤਾਂ ਅੱਖ ਖੋਲ੍ਹ ਕੇ ਹੀ ਜਾਲ ਦਏਗਾ। ਮਾੜੀ ਜਿਹੀ ਗੱਲ ਆਉਣ ਦੀ ਦੇਰ ਹੈ, ਕਹਿੰਦੇ ਜਾਲ ਹੀ ਦਿੰਦਾ। ਵਿਚਾਲੇ ਹੀ ਨਹੀਂ ਛੱਡਦਾ। ਕਹਿੰਦੇ, ਫੇਰ ਤੁਸੀਂ ਆਪਣੀ ਲੜਕੀ ਦੀ ਸ਼ਾਦੀ ਕਰ ਦਿਓ। ਉਨ੍ਹਾਂ ਨੇ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ। ਸ਼ਾਦੀ ਹੋ ਗਈ ਤੇ ਉਸ ਤੋਂ ਬਾਅਦ ਮਾਂ ਨੇ ਕਿਹਾ ਕਿ ਜਾਹ ਤੂੰ ਉਹਦੇ ਕੋਲ, ਮਖਮੂਦ ਕੋਲ ਜਾਹ। ਲੜਕੀ ਹੁਕਮ ਮੰਨ ਕੇ ਚਲੀ ਗਈ, ਉਹ ਸਮਾਧੀ ਲਾਈ ਬੈਠਾ ਸੀ। ਸਵੇਰ ਤੱਕ ਖੜ੍ਹੀ ਰਹੀ ਸਾਰੀ ਰਾਤ। ਸਵੇਰੇ ਉਹਨੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਕਹਿਣ ਲੱਗਿਆ ਕਿ ਤੈਨੂੰ ਕੀਹਨੇ ਭੇਜਿਆ ਹੈ ਮੇਰੇ ਕੋਲ। ਕਹਿੰਦੀ, ਮਾਤਾ ਜੀ ਨੇ। ਕਹਿੰਦੇ, ਤੂੰ ਕਿਉਂ ਆਈ? ਐਨੀਓਂ ਗੱਲ ਕਹੀ ਹੈ, ਜਦੋਂ ਅੱਖ ਚੁੱਕ ਕੇ ਦੱਖਿਆ, ਉਥੇ ਹੀ ਸੁਆਹ ਦੀ ਢੇਰੀ ਉਹ ਬਣਾ ਦਿਤੀ। ਤਿੰਨ ਮਾਰ ਦਿਤੇ। ਉਸ ਤੋਂ ਬਾਅਦ ਬਾਬਾ ਜੀ ਕਹਿੰਦੇ ਮਖਦੂਮ ਤੂੰ ਹੁਣ ਐਉਂ ਕਰ, ਦਿੱਲੀ ਤੈਨੂੰ ਦਿਤੀ। ਉਥੇ ਚਲਿਆ ਜਾਹ, ਉਥੇ ਪ੍ਰਚਾਰ ਕਰ।

ਸੋ ਸੰਤ ਇਹ ਗੱਲ ਕਹਿੰਦੇ ਹੁੰਦੇ ਨੇ ਕਿ ਤੈਨੂੰ ਫਲਾਣਾ ਇਲਾਕਾ ਦਿਤਾ। ਉਸ ਇਲਾਕੇ 'ਤੇ ਹੱਕ ਹੋ ਜਾਂਦਾ ਹੈ ਸਾਧੂ ਦਾ, ਸ਼ਕਤੀ ਨਾਲ ਆਇਆ ਕਰਦੀ ਹੈ। ਜਦੋਂ ਇਹ ਕਹਿ ਦਿੰਦੇ ਨੇ ਕਿ ਤੈਨੂੰ ਆਹ ਇਲਾਕੇ 'ਚ ਪ੍ਰਚਾਰ ਕਰਨ ਲਈ ਥਾਪਿਆ, ਨਾਲ ਸ਼ਕਤੀ ਦਿੰਦੇ ਨੇ। ਐਵੇਂ ਨਹੀਂ ਫਿਰਦੇ ਹੁੰਦੇ। ਪਿੱਛੇ ਹੱਥ ਹੁੰਦਾ ਹੈ ਪੂਰਨ ਮਹਾਂਪੁਰਸ਼ ਦਾ। ਲੇਕਿਨ ਐਉਂ ਕਰੀਂ ਜਾਂਦਾ-ਜਾਂਦਾ ਪਾਣੀਪਤ ਮੇਰੇ ਛੋਟੇ ਭਰਾ ਤੋਂ ਮੋਹਰ ਲਵਾ ਜਾਈਂ। ਹੁਕਮਨਾਮਾ ਲੈ ਲਿਆ ਤੇ ਮੋਹਰ ਲੁਆਉਣ ਵਾਸਤੇ ਜਦੋਂ ਪਾਣੀਪਤ ਦੇ ਕੋਲ ਗਿਆ। ਸੂਰਜ ਛਿਪ ਗਿਆ, ਜਾ ਕੇ ਪਰਵਾਨਾ ਕੱਢ ਕੇ ਪਕੜਾਅ ਦਿਤਾ, ਉਨ੍ਹਾਂ ਦੇ ਭਰਾ ਨੂੰ ਛੋਟੇ ਨੂੰ। ਐਨੇ ਨੂੰ ਦੀਵੇ ਬੁੱਝ ਗਏ, ਉਹ ਇਧਰ-ਉਧਰ ਦੇਖਦੇ ਨੇ ਕਿ ਕਿਸੇ ਨੂੰ ਆਵਾਜ਼ ਦਿੰਦੇ ਨੇ, ਦੀਵੇ ਜਾਲ ਦੇਵੇ। ਇਹਨੇ ਫੂਕ ਮਾਰੀ ਸਾਰੇ ਹੀ ਦੀਵੇ ਜਗਾ ਦਿਤੇ। ਕਹਿੰਦੇ ਕੀਹਨੇ ਜਗਾਏ ਨੇ। ਕਹਿੰਦਾ ਮੈਂ ਜਗਾ ਦਿਤੇ ਸੀ। ਕਿਉਂਕਿ ਹਨ੍ਹੇਰਾ ਸੀ। ਉਹਨੇ ਪਰਵਾਨੇ ਦੇ ਟੁਕੜਾ-ਟੁਕੜਾ ਕਰਕੇ ਔਹ ਸੁੱਟ ਦਿਤਾ। ਕਹਿੰਦੇ, ਤੂੰ ਤਾਂ ਦਿੱਲੀ ਜਾਲ ਦਏਂਗਾ ਸਾਰੀ। ਭੌਰਾ ਵੀ ਜ਼ਬਤ ਨਹੀਂ ਤੇਰੇ ਵਿਚ ਤਾਂ। ਕਹਿੰਦੇ ਜਾਹ ਭਰਾ ਨੂੰ ਕਹਿ ਦੇ ਕਿ ਉਹ ਨਹੀਂ ਮੋਹਰ ਲਾਉਣੀ। ਵਾਪਸ ਆ ਗਿਆ, ਬਾਬਾ ਫਰੀਦ ਜੀ ਦੇ ਕੋਲ। ਕਹਿੰਦੇ ਕਿ ਉਹਦਾ ਪਾਟਿਆ ਹੋਇਆ ਮੈਂ ਨਹੀਂ ਸਿਉਂ ਸਕਦਾ। ਤੂੰ ਐਉਂ ਕਰ ਤੈਨੂੰ ਕਾਵੇਰੀ ਚਲਿਆ ਜਾਹ। ਉਥੇ

ਚਲਿਆ ਗਿਆ, ਜਾ ਕੇ ਬਹੁਤ ਸਾਰੇ ਮੁਰੀਦ ਹੋ ਗਏ ਥੋੜ੍ਹੇ ਦਿਨਾਂ 'ਚ। ਨਮਾਜ਼ ਪੜ੍ਹਨ ਵਾਸਤੇ ਮਸਜਿਦ 'ਚ ਆ ਗਿਆ। ਉਥੇ ਕੱਟੜਾਂ ਦਾ ਤੇ ਸੰਤਾਂ ਦਾ ਮੁੱਢ ਤੋਂ ਹੀ ਚਲਦਾ ਹੈ। ਕਿਉਂਕਿ ਸੰਤ ਹੁੰਦੇ ਨੇ ਤਰੀਕਤ, ਹਕੀਕਤ ਤੇ ਮਾਰਫਤ ਵਿਚ ਤੇ ਉਹ ਹੁੰਦੇ ਨੇ ਸ਼ਰ੍ਹਾ ਵਿਚ। ਸ਼ਰ੍ਹਾ ਦੇ ਸੰਗਲ ਨਹੀਂ allow (ਆਗਿਆ) ਕਰਦੇ ਤਰੀਕਤ, ਹਕੀਕਤ ਤੇ ਮਾਰਫਤ ਦੀ ਅਵਸਥਾ ਨੂੰ। ਉਸ ਵੇਲੇ ਉਨ੍ਹਾਂ ਨੇ ਧੱਕੇ ਮਾਰਨੇ ਸ਼ੁਰੂ ਕਰ ਦਿਤੇ ਕਿ ਤੁਸੀਂ ਇਥੇ ਆ ਕੇ ਕਿਉਂ ਖੜ੍ਹੇ ਓਂ? ਉਹ ਕਹਿੰਦੇ, ਜੀ ਪੀਰ ਜੀ ਬੈਠੇ ਨੇ। ਕਹਿੰਦੇ, ਵਿਚ ਹੀ ਤੇਰੇ ਪੀਰ ਨੂੰ ਦੇਖ ਲਵਾਂਗੇ। ਐਨੇ ਨੂੰ ਧੱਕਾ ਮਾਰਿਆ ਇਕ ਬੰਦਾ ਉਹਦੇ ਉਤੇ ਗਿਰ ਗਿਆ। ਉਹਨੇ ਨੇਤਰ ਖੋਲ੍ਹੇ ਉਨ੍ਹਾਂ ਕਿਹਾ ਕਿ ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ, ਤੈਨੂੰ ਕੀਹਨੇ ਕਿਹਾ ਹੈ ਏਸ ਮਸਜਿਦ 'ਚ ਆਉਣ ਨੂੰ। ਕਹਿੰਦੇ ਮੈਨੂੰ ਬਾਬਾ ਫਰੀਦ ਜੀ ਨੇ ਬਖਸ਼ਿਆ ਹੈ ਇਹ ਸ਼ਹਿਰ। ਕਹਿੰਦੇ, ਨਿਕਲ ਜਾ ਬਾਹਰ, ਫਰੀਦ ਦਾ ਕੀ ਅਖਤਿਆਰ ਹੈ ਸ਼ਹਿਰ ਬਖਸ਼ਣ ਦਾ। ਬਾਹਰ ਨਿਕਲੇ, ਛੱਤ ਵੱਲ ਦੇਖਿਆ ਦੜੰਮ ਕਰਕੇ ਗਿਰ ਗਈ, ਤਿੰਨ ਹਜ਼ਾਰ ਬੰਦਾ ਥੱਲੇ ਆ ਗਿਆ। ਐਨਾ ਜਲਾਲ ਵਧਿਆ ਕਿ ਜਿਧਰ ਦੇਖੇ ਅੱਗ ਲੱਗ ਜਾਵੇ, ਜਿਧਰ ਦੇਖੇ ਸਾਰਾ ਹੀ ਸ਼ਹਿਰ ਅੱਗ ਲਾ ਕੇ ਜਾਲ ਦਿਤਾ। ਤੰਗ ਆ ਗਿਆ, ਦੇਖੇ ਅੱਗ ਹੀ ਅੱਗ। ਨੱਠ ਕੇ ਆ ਕੇ ਪੱਟੀ ਬੰਨ੍ਹ ਲਈ, ਅੱਖਾਂ ਬੰਦ ਕਰ ਲਈਆਂ। ਗੂਲਰ ਦੇ ਦਰਖਤ ਨੂੰ ਫੜ ਕੇ ਖੜ੍ਹ ਗਿਆ। ਬਾਬਾ ਫਰੀਦ ਜੀ ਨੂੰ ਪਤਾ ਲੱਗਿਆ ਕਿ ਉਹ ਤਾਂ ਜਲ ਰਿਹਾ ਹੈ ਇਸ ਵੇਲੇ ਸ਼ਕਤੀ ਦੇ ਨਾਲ। ਐਨੀ ਸ਼ਕਤੀ ਉਹਦੇ 'ਚ ਆ ਗਈ ਹੈ ਸਹਿ ਨਹੀਂ ਸਕਦਾ। ਬਾਬਾ ਜੀ ਨੇ ਕਿਹਾ ਕਿ ਕੋਈ ਮੇਰੀ ਸੰਗਤ 'ਚ ਹੈ ਜਿਹੜਾ ਇਹਨੂੰ ਬਿਠਾ ਦੇਵੇ ਤਾਂ ਇਕ ਸ਼ਮਸ਼ ਨਾਮ ਦਾ ਸੀ, ਉਹ ਕੀਰਤਨੀਆ ਸੀ। ਕੀਰਤਨ ਦੇ ਵਿਚ ਇਹ ਰਸ ਹੈ ਕਿ ਜਲਾਲ ਨੂੰ ਕਾਬੂ ਕਰ ਲੈਂਦਾ ਹੈ। ਇਹ ਸ਼ਕਤੀ ਹੋਰ ਨਹੀਂ ਕਿਸੇ ਵਿਚ ਵੀ ਹੈ। ਜੇ ਸੰਤਾਂ ਦੇ ਜਲਾਲ ਨੂੰ ਕਾਬੂ ਕਰਨਾ ਹੈ ਤਾਂ ਕੇਵਲ ਕੀਰਤਨ ਕਰਦਾ ਹੈ। ਭੇਜ ਦਿਤਾ, ਸਤਾਰ ਲੈ ਕੇ ਚਲਿਆ ਗਿਆ, ਜਾ ਕੇ 24 ਘੰਟੇ ਸਿਤਾਰ ਵਜਾਉਂਦਾ ਰਿਹਾ। 24 ਘੰਟੇ ਬਾਅਦ ਪੁੱਛਿਆ, ਬੈਠ ਗਏ। ਕਹਿੰਦੇ ਕੌਣ? ਉਸ ਨੇ ਕਿਹਾ ਕਿ ਮੈਨੂੰ ਬਾਬਾ ਜੀ ਨੇ ਭੇਜਿਆ ਹੈ। ਸ਼ਮਸ਼ ਮੇਰਾ ਨਾਮ ਹੈ। ਕਹਿੰਦੇ ਕੀ ਗੱਲ? ਕਹਿੰਦਾ, ਮੈਂ ਤੁਹਾਡੀ ਸੇਵਾ ਕਰਨੀ ਹੈ, ਕਹਿੰਦੇ ਮੇਰੀਆਂ ਅੱਖਾਂ ਸਾਮ੍ਹਣੇ ਨਾ ਆਈਂ, ਪਿੱਛੇ ਰਹਿ ਕੇ ਪਿੱਠ ਵਲ ਰਹੀਂ। ਪਿੱਠ ਵਲ ਰਹਿ ਕੇ ਕਿੰਨੇ ਹੀ ਸਾਲ ਸੇਵਾ ਕਰੀ। ਕਹਿਣ ਲੱਗਿਆ, ਹੁਣ ਤੂੰ ਜਾਹ, ਮੈਨੂੰ ਸ਼ਾਂਤੀ ਆ ਗਈ। ਕਹਿੰਦੇ, ਮਹਾਰਾਜ! ਮੈਂ ਕਿਵੇਂ ਜਾਵਾਂ, ਮੈਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਸਰੀਰ ਛੁਟ ਗਿਆ, ਕਹਿੰਦੇ, ਜਿਸ ਦਿਨ ਤੂੰ ਪਹਿਲੀ ਕਰਾਮਾਤ ਦਿਖਾਵੇਂਗਾ ਉਸ ਦਿਨ ਮੈਂ ਸਰੀਰ ਛੱਡ ਦੇਵਾਂਗਾ। ਅਲਾਉਦੀਨ ਦੀ ਫੌਜ ਵਿਚ ਆ ਗਿਆ। ਉਹਦਾ ਭੀਮਚੰਦ ਨਾਲ ਯੁੱਧ ਹੋ ਰਿਹਾ ਸੀ ਚਿਤੌੜ, ਜਦੋਂ ਚਿਤੌੜ ਦੀ ਅਰਦਾਸ ਇਸ ਤੋਂ ਕਰਾਈ, ਸ਼ਕਤੀ ਦਿਖਾ ਦਿਤੀ, ਚਿਤੌੜ ਫਤਹਿ ਹੋ ਗਿਆ, ਇਹਨੇ ਸਮਝ ਲਿਆ ਕਿ ਉਹ ਮਰ ਗਿਆ। ਇਹ ਜਦ ਕਾਵੇਰੀ ਆਇਆ, ਉਥੇ ਕੀ ਦੇਖਦਾ ਹੈ ਕਿ ਚਾਰ ਸ਼ੇਰ ਬੈਠੇ ਨੇ ਉਹਦੀ ਲਾਸ਼ 'ਤੇ ਪਹਿਰਾ ਦੇ ਰਹੇ ਨੇ। ਇਹਨੇ ਦਫਨਾ ਦਿਤਾ, ਦਫਨਾਉਣ ਤੋਂ ਬਾਅਦ ਵੀ ਉਹਦਾ ਜਲਾਲ ਐਨਾ ਰਿਹਾ ਕਿ ਜਿਹੜਾ ਜਾਨਵਰ ਉਤੋਂ ਦੀ ਲੰਘਦਾ ਸੀ, ਗਿਰ ਜਾਵੇ। ਫੇਰ ਕੋਈ ਮਹਾਤਮਾ ਆਏ, ਉਹਨੇ ਸ਼ਾਂਤ ਕਰਿਆ।

ਬੇਨਤੀ ਕਰਨ ਦਾ ਮਤਲਬ ਇਹ ਹੈ ਕਿ ਐਨੀਆਂ ਸ਼ਕਤੀਆਂ ਦੇ ਮਾਲਕ ਅੰਦਰ ਹੀ ਜਰਦੇ ਰਹੇ। ਗੁਰੂ ਅਮਰਦਾਸ ਮਹਾਰਾਜ ਕੁੱਲ ਸ਼ਕਤੀਆਂ ਦੇ ਮਾਲਕ, ਅਕਾਲ ਪੁਰਖ ਦਾ ਰੂਪ, ਨੂੰ ਲੱਤ ਮਾਰ ਕੇ ਥੱਲੇ ਸੁੱਟ ਦਿਤੇ। ਕੋਈ ਫੁਰਨਾ ਨਹੀਂ ਆਇਆ, ਸ਼ਾਂਤ ਚਿੱਤ ਨੇ ਤੇ ਸਗੋਂ ਬਚਨ ਕਰੇ ਹੱਥ ਜੋੜ ਕੇ ਕਿ ਮਹਾਰਾਜ, ਤੁਹਾਡੀ ਕਿਸ਼ੋਰ ਉਮਰ ਹੈ, ਤੁਹਾਡੇ ਨਰਮ ਹੱਡ ਨੇ, ਮੇਰਾ ਬੁੱਢਾ ਸਰੀਰ ਹੈ, ਮੇਰੀਆਂ ਹੱਡੀਆਂ ਤਾਂ ਬੱਜਰ ਵਰਗੀਆਂ ਨੇ ਤੁਹਾਡੇ ਸੱਟ ਤਾਂ ਨਹੀਂ ਕਿਤੇ ਆਈ? ਨਿਮਰਤਾ ਦਾ ਕੋਈ ਜਵਾਬ ਨਹੀਂ ਦਿਤਾ, ਸਗੋਂ ਬੜਾ ਕਰੜਾ ਹੋ ਕੇ ਕਿਹਾ ਕਿ ਤੈਨੂੰ ਕੀਹਨੇ ਕਿਹਾ ਹੈ ਕਿ ਤਖਤ 'ਤੇ ਬੈਠ। ਖਬਰਦਾਰ ਜੇ ਮੇਰੀਆਂ ਅੱਖਾਂ ਸਾਮ੍ਹਣੇ ਆਇਆ। ਜਿਧਰ ਨੂੰ ਮੂੰਹ ਹੈ ਉਧਰ ਨੂੰ ਚਲਿਆ ਜਾਹ। ਮਹਾਰਾਜ ਅੱਧੀ ਰਾਤ ਸੰਨ ਸਾਹਿਬ ਗੁਰਦੁਆਰੇ ਵੱਲ ਨੂੰ ਚਲੇ ਗਏ। ਮਤਲਬ ਇਹ ਕਿ ਉਹ ਦੂਜੇ ਦਿਨ, ਤੀਜੇ ਦਿਨ ਉਡੀਕਦਾ ਰਿਹਾ, ਕੋਈ ਸੰਗਤ ਨਾ ਆਈ, ਅਖੀਰ ਜਿੰਨਾ ਸਮਾਨ ਸੀ, ਸਭ ਲੁੱਟ ਕੇ ਲਿਆ ਕੇ ਖਡੂਰ ਸਾਹਿਬ ਆ ਗਿਆ। ਉਸ ਦਿਨ ਤੋਂ ਬਾਅਦ ਨਾ ਮਨ ਨੂੰ ਚੈਨ ਆਈ, ਨਾ ਤਨ ਨੂੰ ਆਈ, ਜਿਹੜੇ ਪੈਰ ਨਾਲ ਲੱਤ ਮਾਰੀ ਸੀ ਸਾਰੀ ਰਾਤ ਹਾਇ-ਹਾਇ ਕਰੀ ਜਾਂਦਾ ਹੈ। ਨਾ ਕਿਸੇ ਹਕੀਮ ਤੋਂ ਇਲਾਜ ਹੁੰਦਾ ਹੈ।

ਸੋ ਜਦੋਂ ਗੁਰੂ ਮਹਾਰਾਜ ਗੁਰੂ ਅਰਜਨ ਸਾਹਿਬ ਜਦੋਂ ਉਥੇ ਪਹੁੰਚੇ ਤਾਂ ਦਾਤੂ ਜੀ ਨੇ ਬੇਨਤੀ ਕਰੀ ਕਿ ਮਹਾਰਾਜ! ਅਸੀਂ ਬੜੀ ਭੁੱਲ ਕਰੀ ਹੈ ਤੇ ਅਸੀਂ ਭੁੱਲਦੇ

ਹਾਂ ਤੇ ਗੁਰੂ ਦਾ ਗੁਰੂ ਨਾਨਕ ਦੀ ਗੱਦੀ ਦਾ ਇਹ ਬਿਰਦ ਹੈ ਕਿ ਮਾੜਿਆਂ ਨੂੰ ਉਧਾਰਨਾ ਤੇ ਅਸੀਂ ਲੋਕ ਜੋ ਦੁਨੀਆਂਦਾਰ ਹਾਂ। ਅਸੀਂ ਭੁੱਲਦੇ ਹੀ ਚਲੇ ਜਾਂਦੇ ਹਾਂ।

***ਧਾਰਨਾ - ਪਤਿਤ ਉਧਾਰਨਾ,***
***ਸਤਿਗੁਰ ਜੀ ਬਿਰਦ ਤੇਰਾ।***

*ਹਮਰੋ ਸਹਾਉ ਸਦਾ ਸਦ ਭੂਲਨ*
*ਤੁਮ੍ਰੋ ਬਿਰਦੁ ਪਤਿਤ ਉਧਰਨ ॥ ਅੰਗ - ੮੨੮*

ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ, ਮੈਂ ਗੁਰ ਦੋਖੀ ਹਾਂ। ਬਹੁਤ ਵੱਡੀ ਬੇਅਦਬੀ ਕਰ ਚੁੱਕਿਆ ਹਾਂ। ਮਹਾਰਾਜ ਕਹਿਣ ਲੱਗੇ ਕਿ ਤੁਸੀਂ ਗੁਰੂ ਅਮਰਦਾਸ ਪਾਤਸ਼ਾਹ, ਜੋ ਦਿਆਲੂ ਕ੍ਰਿਪਾਲੂ ਸੀ ਉਨ੍ਹਾਂ ਤੋਂ ਹੀ ਬਖਸ਼ਾ ਲੈਣਾ ਸੀ। ਕਹਿੰਦੇ, ਮੈਂ ਗਿਆ ਸੀ ਪਰ ਉਨ੍ਹਾਂ ਨੇ ਕਿਹਾ ਪੁਰਖਾ! ਅਸੀਂ ਨਹੀਂ ਬਖਸ਼ ਸਕਦੇ ਤੇ ਸਾਡਾ ਦੋਹਤਰਾ ਆਏਗਾ, ਪੰਜਵੀਂ ਪਾਤਸ਼ਾਹੀ, ਉਹਦੇ ਕੋਲ ਜਾਈਂ ਉਹ ਬਖਸ਼ ਦੇਣਗੇ। ਸੋ ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਰਾਜ਼ੀ ਬਾਜ਼ੀ ਨੌਂ-ਬਰ-ਨੌਂ ਕਰ ਦਿਤਾ।

ਸੋ ਇਸ ਤਰ੍ਹਾਂ ਦੇ ਨਾਲ ਦਿੱਲੀ ਦੇ ਅੰਦਰ ਇਕ ਚੰਦੂ ਨਾਮ ਦਾ ਵੱਡਾ ਸਰਕਾਰੀ ਆਫੀਸਰ ਰਿਹਾ ਕਰਦਾ ਸੀ, ਜਿਹਨੂੰ ਦੀਵਾਨ ਕਹਿੰਦੇ ਸੀ। ਪਹਿਲਾਂ ਅਕਬਰ ਦੇ ਵੇਲੇ ਵੀ ਸੀਗਾ, ਜਹਾਂਗੀਰ ਵੇਲੇ ਉਹਨੇ ਬਹੁਤ ਹੱਥ ਪੈਰ ਮਾਰ ਕੇ ਆਪਣੀ ਲਾਬੀ ਬਣਾ ਲਈ ਸੀ, ਬੜੇ ਦੋਸਤ ਮਿੱਤਰ ਬਣਾ ਲਏ ਤੇ ਇਕ ਲੋਬੀ ਕਾਇਮ ਕਰ ਲਈ, ਬੜੀ ਤਾਕਤ ਦਾ ਮਾਲਕ ਹੋ ਗਿਆ। ਉਹਦੀ ਲੜਕੀ ਜਦੋਂ 7-8 ਸਾਲ ਦੀ ਹੋਈ, ਉਸ ਵੇਲੇ ਰਿਵਾਜ਼ ਸੀ ਕਿ ਛੋਟੀ ਉਮਰ ਦੇ ਵਿਚ ਲੜਕੀਆਂ ਵਿਆਹ ਦਿੰਦੇ ਸੀ, ਕਿਉਂਕਿ ਇਥੇ ਮੁਗਲਾਂ ਦਾ ਰਾਜ ਹੋਣ ਕਰਕੇ ਇਹ ਡਰ ਰਹਿੰਦਾ ਸੀ ਕਿ ਵੱਡੀ ਉਮਰ ਦੀ ਲੜਕੀ ਨੂੰ ਚੁੱਕ ਕੇ ਨਾ ਲੈ ਜਾਣ। ਛੋਟੀ ਅੱਠ-ਨੌਂ ਸਾਲ ਵਿਚ ਹੀ ਸ਼ਾਦੀ ਕਰ ਦਿੰਦੇ ਸੀ, 14-15 ਸਾਲ ਦੇ ਅੰਦਰ ਘਰ ਭੇਜ ਦਿੰਦੇ ਸੀ ਤੇ ਲੇਕਿਨ ਆਪ ਨਹੀਂ ਜਾਇਆ ਕਰਦੇ। ਉਸ ਵੇਲੇ ਦੇ ਬ੍ਰਾਹਮਣ ਤੇ ਹੋਰ ਨਾਈ ਵਗੈਰਾ ਇਹ ਜਾ ਕੇ ਰਿਸ਼ਤਾ ਕਰ ਆਉਂਦੇ ਸੀ, ਉਹਦੇ ਉਤੇ ਇਤਬਾਰ ਕਰਦੇ ਸੀ। ਕਈ ਗੱਲਾਂ ਗਲਤ ਵੀ ਹੋ ਜਾਂਦੀਆਂ ਪਰ ਬਹੁਤ ਸਾਵਧਾਨੀ ਨਾਲ ਰੋਜ਼ ਦਾ ਪੇਸ਼ਾ ਹੋਣ ਕਰਕੇ ਇਹ ਹੁਸ਼ਿਆਰ ਸੀਗੇ ਸਾਰੇ। ਭੇਤ ਕੱਢ ਲੈਂਦੇ ਸੀ ਬੰਦਿਆਂ ਦਾ। ਅਸਲੀ ਗੱਲ ਟੋਲ੍ਹ ਲੈਂਦੇ ਸੀ। ਸੋ ਉਹਨੇ ਭੇਜ ਦਿਤੇ ਲਾਗੀ, ਕਹਿਣ ਲੱਗਿਆ ਦੇਖੋ, ਘਰ ਇਹੋ ਜਿਹਾ ਹੋਣਾ ਚਾਹੀਦਾ ਹੈ ਜਿਥੇ ਅਸੀਂ ਜੇ ਜਾਈਏ ਤਾਂ ਐਉਂ ਨਾ ਕਹਿਣ ਕਿ ਮੰਜੇ ਮੰਗ ਕੇ ਲਿਆਉਣੇ ਨੇ ਫਲਾਣੇ ਤੋਂ, ਮੇਰੇ ਨਾਲ ਸੌ ਬੰਦਾ ਵੀ ਜਾ ਸਕਦਾ ਹੈ, ਦੋ ਸੌ ਵੀ ਜਾ ਸਕਦਾ ਹੈ ਤੇ ਮੇਰੇ ਵਰਗਾ ਹੀ ਹੋਵੇ, ਮੇਰੇ ਤੋਂ ਵੱਡਾ ਹੀ ਹੋਵੇ ਥੋੜ੍ਹਾ। ਫਿਰਦੇ-ਫਿਰਦੇ ਜਦੋਂ ਅੰਮ੍ਰਿਤਸਰ ਸਾਹਿਬ ਆਏ ਉਥੇ ਸਾਹਿਬ ਹਰਿਗੋਬਿੰਦ ਸਾਹਿਬ ਖੇਲ੍ਹ ਰਹੇ ਨੇ, ਛੋਟੀ ਉਮਰ ਹੈ ਪੁੱਛ-ਪੁਛਾਕਾ ਕਰਿਆ ਕਿ ਕਿਨ੍ਹਾਂ ਦੇ ਲੜਕੇ ਨੇ। ਅਖੀਰ ਪਤਾ ਲੱਗਿਆ ਕਿ ਸੋਢੀ ਖਤਰੀ ਇਨ੍ਹਾਂ ਦੀ ਜਾਤ ਹੈ, ਬੱਚਾ ਦੇਖਿਆ ਤੇ ਨਾਲ ਕਾਰੋਬਾਰ, ਬੇਅੰਤ ਮਾਨਤਾ ਦੇਖੀ। ਚਿੱਤ ਪ੍ਰਸੰਨ ਹੋ ਗਿਆ। ਵਾਪਸ ਚਲੇ ਗਏ। ਜਾ ਕੇ ਚੰਦੂ ਨੂੰ ਕਹਿਣ ਲੱਗੇ ਕਿ ਅਸੀਂ ਬਹੁਤ ਵੱਡਾ ਘਰ ਦੇਖ ਕੇ ਆਏ ਹਾਂ ਜਿੱਥੇ ਕੋਈ ਅੰਤ ਨਹੀਂ ਹੈ, ਹਜ਼ਾਰਾਂ ਬੰਦੇ ਪਿੱਛੇ ਚਲਦੇ ਨੇ ਤੇ ਰਾਜਿਆਂ ਵਰਗਾ ਕੰਮ ਹੈ।

ਰਾਜਾ ਕਹਿਣਾ ਤਾਂ ਬਹੁਤ ਛੋਟਾ ਹੁੰਦਾ ਹੈ ਸਾਧਸੰਗਤ ਜੀ -

*ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥*
*ਅੰਗ - ੭੪੯*

ਕੌਣ? ਜਿਹੜੇ ਵਾਹਿਗੁਰੂ ਦੀ ਬੰਦਗੀ ਕਰਦੇ ਨੇ। ਉਹਨੂੰ ਤਾਂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਰਾਜਾ ਕਹਿਣਾ ਤਾਂ ਹਤਕ ਹੋਇਆ ਕਰਦੀ ਹੈ। ਕਿਉਂਕਿ ਰਾਜਿਆਂ ਦੇ ਉਤੇ ਤਾਂ ਹਜ਼ਾਰਾਂ ਬੋਝ ਹੁੰਦੇ ਨੇ ਤੇ ਬਾਕੀ ਜਿਹੜੇ ਇਹ ਰਾਜੇ ਹੁੰਦੇ ਨੇ, ਇਹ ਤਾਂ ਇਥੇ ਦੇ ਹੀ ਰਾਜੇ ਨਹੀਂ, ਦਰਗਾਹ ਵਿਚ ਵੀ ਇਨ੍ਹਾਂ ਦਾ ਕਿਹਾ ਚਲਦਾ ਹੈ।

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - ੧੮੬*

ਦੁਨੀਆਂਦਾਰੀ ਦੀ ਨਿਗ੍ਹਾ ਦੇ ਨਾਲ ਗੱਲ ਕਰਕੇ ਦੱਸ ਦਿਤਾ, ਕਹਿਣ ਲੱਗਿਆ ਕਿੱਥੇ ਕਰਕੇ ਐ? ਕਹਿਣ ਲੱਗੇ, ਗੁਰੂ ਅਰਜਨ ਪਾਤਸ਼ਾਹ ਜੀ ਦਾ ਸਾਹਿਬਜ਼ਾਦਾ ਹੈ, ਬੜਾ ਹੋਣਹਾਰ ਹੈ। ਸਾਰੀ ਗੱਲ ਸੁਣੀ, ਕਹਿੰਦਾ, ਹੁਣ ਮੈਂ ਕਹਿ ਤਾਂ ਕੁੱਛ ਨਹੀਂ ਸਕਦਾ ਕਿਉਂਕਿ ਤੁਸੀਂ ਕਰ ਆਏ ਤੇ ਕਹੇ ਹੋਏ ਨੂੰ ਮੰਨਿਆ ਕਰਦੇ ਸੀ। ਪਰ ਇਕ ਗੱਲ ਤੁਸੀਂ ਮਾੜੀ ਕਰੀ, ਉਹ ਇਹ ਕਰੀ ਕਿ ਮੈਂ ਹਾਂ ਚੁਬਾਰਾ, ਤੁਸੀਂ ਚੁਬਾਰੇ ਦੀ ਇੱਟ ਮੋਰੀ ਨੂੰ ਲਾ ਦਿਤੀ। ਗੁਰੂ ਘਰ ਨੂੰ ਮੋਰੀ ਕਹਿ ਦਿਤਾ ਤੇ ਆਪਣੇ ਆਪ ਨੂੰ ਅਭਿਮਾਨੀ ਚੁਬਾਰਾ ਕਹਿੰਦਾ ਹੈ। ਪਰ ਤੁਸੀਂ ਕਰ ਆਏ, ਹੁਣ ਮੈਂ ਜਵਾਬ ਨਹੀਂ ਦੇ ਸਕਦਾ ਕਿਉਂਕਿ ਇਕ ਵਾਰੀ ਕਰ ਦਿਤਾ, ਮੈਂ ਦੁਬਾਰਾ ਨਹੀਂ ਕਿਸੇ ਹੋਰ ਥਾਂ ਲੜਕੀ ਨੂੰ ਬਿਠਾਉਣਾ, ਚਿਤਵੀ ਗਈ ਸੋ ਚਿਤਵੀ ਗਈ। ਅਭਿਮਾਨ ਦੇ ਅੱਖਰ ਬਹੁਤ ਕਹਿ ਦਿਤੇ। ਸੰਗਤ ਦੇ ਸਰੀਰ ਉਥੇ ਖੜ੍ਹੇ ਸੁਣਦੇ ਸੀ। ਸੰਗਤ ਵਿਚ ਵਿਚਾਰ

ਹੋਈ ਦਿੱਲੀ ਆ ਕੇ। ਕਹਿਣ ਲੱਗੇ, ਇਹ ਤਾਂ ਬੜਾ ਮਾੜਾ ਕੰਮ ਹੋਇਆ ਹੈ, ਇਹ ਤਾਂ ਮੂਰਖ ਨਾਸਤਕ ਪੁਰਸ਼ ਹੈ, ਇਹਦਾ ਤਾਂ ਗੁਰੂ ਘਰ ਨਾਲ ਰਿਸ਼ਤਾ ਹੋਣਾ ਨਹੀਂ ਚਾਹੀਦਾ। ਉਨ੍ਹਾਂ ਨੇ ਗੁਰੂ ਮਹਾਰਾਜ ਵੱਲ ਚਿੱਠੀ ਲਿਖੀ-

***ਲਿਖਤੁਮ ਸਭਿ ਦਿੱਲੀ ਕੀ ਸੰਗਤਿ***
***ਸਤਿਗੁਰ ਕੇ ਸਨਮੁਖ ਅਰਦਾਸਿ।***
***ਸ਼ਾਹਿ ਦਿਵਾਨ ਸੁਤਾ ਕੌ ਨਾਤਾ ਭੇਜਯੋ***
***ਅਹੈ ਤੁਮਾਰੇ ਪਾਸਿ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਕਹਿੰਦੇ, ਤੁਹਾਡੇ ਪਾਸ ਬਾਮ੍ਹਣਾਂ ਨੂੰ ਨਾਤਾ ਲਿਖ ਕੇ ਭੇਜ ਰਹੇ ਨੇ ਤੇ ਸਮਾਨ ਵਗੈਰਾ ਇਨ੍ਹਾਂ ਨੇ ਖਰੀਦ ਲਿਆ ਹੈ, ਬੰਦੇ ਮੰਗਣਾ ਕਰਨ ਵਾਸਤੇ ਆ ਰਹੇ ਨੇ। ਪਰ ਇਹ ਹੰਕਾਰੀ ਪੁਰਸ਼ ਹੈ, ਸੱਚੇ ਪਾਤਸ਼ਾਹ! ਗੁਰੂ ਘਰ ਨੂੰ ਨੀਵਾਂ ਕਿਹਾ ਹੈ ਤੇ ਆਪਣੇ ਆਪ ਨੂੰ ਉੱਚਾ ਕਿਹਾ ਹੈ ਤੇ ਸੰਗਤ ਦਾ ਦਿਲ ਦੁਖ ਗਿਆ ਇਹ ਗੱਲ ਸੁਣ ਕੇ ਤੇ ਬਹੁਤ ਅਭਿਮਾਨ ਦੀ ਗੱਲ ਇਸ ਤਰ੍ਹਾਂ ਕਹੀ ਹੈ-

***ਧਾਰਨਾ - ਹੰਕਾਰੀ ਆਪ ਨੂੰ ਚੁਬਾਰਾ ਆਖੇ,***
***ਗੁਰੂ ਘਰ ਮੋਰੀ ਆਖਦਾ।***

ਪਾਤਸ਼ਾਹ ਐਡਾ ਅਭਿਮਾਨ ਹੈ ਕਿ ਸਾਰੀ ਸ੍ਰਿਸ਼ਟੀ ਤੋਂ ਜਿਹੜਾ ਵੱਡਾ ਘਰ ਹੈ ਉਹਨੂੰ ਨਾਲੀ ਕਹਿੰਦਾ ਹੈ, ਗੰਦੀ ਨਾਲੀ ਤੇ ਆਪਣੇ ਆਪ ਨੂੰ ਚੁਬਾਰਾ ਕਹਿੰਦਾ ਹੈ।

***ਆਪ ਹੰਕਾਰੀ ਬਨਯੋ ਚੁਬਾਰਾ***
***ਤੁਮਹਿ ਕਹਯੋ ਮੋਰੀ ਸੰਕਾਸ।***
***ਬਿਨ ਸ਼ਰਧਾ ਤੇ ਮੂਰਖ ਬੋਲਯੋ***
***ਇੱਤਯਾਦਿਕ ਨਿੰਦਾ ਕਰਿ ਰਾਸ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਨਿੰਦਾ ਕਰਦਾ ਹੈ, ਹਾਸੇ ਕਰਦਾ ਹੈ, ਮਖੌਲ ਕਰਦਾ ਹੈ।

***ਹਮ ਕੌ ਨਹਿਂ ਸੁਖਾਇ ਤਿਸ ਕਹਿਬੋ***
***ਬਸਿ ਨਹਿਂ ਚਲਯੋ ਸੁ ਲਿਖਯੋ ਬ੍ਰਿਤੰਤ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਇਹ ਸਾਕਤ ਹੈ -

***ਸੁਤਾ ਨ ਸਾਕਤ ਕੀ ਤੁਮ ਲੀਜਹੁ***
***ਇਹ ਸੰਗਤਿ ਕੌ ਅਹੈ ਮਤੰਤ॥***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2240***

ਸਾਡਾ ਮਤਾ ਅਸੀਂ ਪਕਾ ਕੇ ਭੇਜਦੇ ਹਾਂ ਕਿ ਸਾਕਤ ਦੀ ਲੜਕੀ ਦਾ ਰਿਸ਼ਤਾ ਨਾ ਲਓ। ਮਹਾਰਾਜ ਜੀ ਕੋਲ ਜਦੋਂ ਰਿਸ਼ਤਾ ਲੈ ਕੇ ਆਏ, ਚਿੱਠੀ ਪਹਿਲਾਂ ਪਹੁੰਚ ਗਈ। ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਠੀਕ ਹੈ ਰਿਸ਼ਤਾ ਆਇਆ ਹੈ ਲੜਕੀ ਦਾ, ਕੋਈ ਵੀ ਚੰਗਾ ਬੰਦਾ ਮੋੜਿਆ ਨਹੀਂ ਕਰਦਾ ਪਰ ਤੁਹਾਡਾ ਜੋ ਮਾਲਕ ਹੈ ਜਿਸਨੇ ਤੁਹਾਨੂੰ ਭੇਜਿਆ ਹੈ, ਉਹ ਤਾਂ ਚੁਬਾਰਾ ਹੈ ਤੇ ਸਾਨੂੰ ਤਾਂ ਗੰਦੀ ਨਾਲੀ ਆਖਿਆ ਹੈ ਉਸ ਨੇ। ਉਹਦੀ ਲੜਕੀ ਕਿਵੇਂ ਰਹੇਗੀ ਸਾਡੇ ਕੋਲ ਆ ਕੇ। ਉਹ ਕਿਸੇ ਚੰਗੇ ਥਾਂ ਆਪਣੇ ਤੋਂ ਡਬਲ ਚੁਬਾਰੇ ਦੇ ਕਿਤੇ ਰਿਸ਼ਤਾ ਕਰ ਦੇਵੇ। ਅਸੀਂ ਤਾਂ ਨਹੀਂ ਲੈਂਦੇ। ਬੜਾ ਉਨ੍ਹਾਂ ਨੇ ਜ਼ੋਰ ਲਾਇਆ, ਮਹਾਰਾਜ ਜੀ ਕਹਿੰਦੇ ਨਹੀਂ। ਅਖੀਰ ਕਹਿਣ ਲੱਗੇ ਕਿ ਮਹਾਰਾਜ! ਚੰਦੂ ਨੂੰ ਅਸੀਂ ਜਾਣਦੇ ਹਾਂ ਬੜਾ ਜਿੱਦੀ ਪੁਰਸ਼ ਹੈ ਇਹ ਤੇ ਸਰਕਾਰ ਵਿਚ ਇਹਦੀ ਅੱਜ ਚਲਦੀ ਹੈ। ਐਸਾ ਨਾ ਹੋਵੇ ਆਪ ਦਾ ਨੁਕਸਾਨ ਕਰ ਦੇਵੇ। ਸਾਹਿਬਜ਼ਾਦੇ ਦਾ ਨੁਕਸਾਨ ਕਰ ਦੇਵੇ। ਮਹਾਰਾਜ ਕਹਿੰਦੇ ਉਹ ਤਾਂ ਪ੍ਰਮੇਸ਼ਰ 'ਤੇ ਛੱਡੋ। ਜੋ ਹੋਣਾ ਹੈ ਪ੍ਰਮੇਸ਼ਰ ਦੀ ਰਜ਼ਾ ਨਾਲ ਹੋਣਾ ਹੈ।

ਸੋ ਰਿਸ਼ਤਾ ਵਾਪਸ ਮੁੜ ਗਿਆ। ਉਸੇ ਵੇਲੇ ਇਰਾਦਾ ਕਰ ਲਿਆ ਕਿ ਮੈਂ ਬਦਲਾ ਜ਼ਰੂਰ ਲਵਾਂਗਾ। ਅਜੇ ਤੱਕ ਗੁਰੂ ਘਰ ਦੀ ਸ਼ਰਧਾ, ਮੁੱਲਾਂ ਦੇ ਅਕਬਰ ਦੇ ਮਨ 'ਚ ਹੋਣ ਤੇ ਚਲੀ ਆਉਂਦੀ ਸੀ, ਲੇਕਿਨ ਜਹਾਂਗੀਰ ਨੂੰ ਹੌਲੀ-ਹੌਲੀ ਚੁਗਲੀਆਂ ਕਰ-ਕਰ ਕੇ ਏਸ ਨਤੀਜੇ 'ਤੇ ਪਹੁੰਚਾ ਦਿਤਾ ਕਿ ਉਹਦੇ ਮਨ ਵਿਚ ਇਹ ਗੱਲ ਹੋ ਗਈ ਕਿ ਮੈਂ ਗੁਰੂ ਘਰ ਦਾ ਜੋ ਸਿਲਸਿਲਾ ਚਲ ਰਿਹਾ ਹੈ, ਇਹਨੂੰ ਖਤਮ ਕਰ ਦੇਵਾਂ, ਕੁਛ ਮਨ ਵਿਚ ਖਿਆਲ ਰਖਦਾ ਸੀ। ਦੂਜਾ ਇਹ ਚੰਦੂ ਵਗੈਰਾ ਤਿਆਰ ਹੋ ਗਏ।

ਚੰਦੂ ਨੇ ਚਿੱਠੀ ਲਿਖੀ। ਪਤਾ ਲੱਗਿਆ ਕੁਛ ਕਿ ਪ੍ਰਿਥੀ ਚੰਦ ਦੀ ਨਰਾਜ਼ਗੀ ਹੈ, ਚਿੱਠੀ ਲਿਖ ਕੇ ਭੇਜੀ ਕਿ ਮੈਂ ਤੁਹਾਨੂੰ ਜਗੀਰ ਦਵਾਈ ਹੋਈ ਹੈ, ਪਿੰਡ ਕੋਠਾ ਜਿਹੜਾ ਹੈ ਤੁਹਾਨੂੰ ਦਿਤਾ ਹੋਇਆ ਹੈ ਤੇ ਇਹ ਅਸੀਂ ਜਬਤ ਕਰ ਲੈਣਾ ਹੈ। ਹੁਣ ਤੇ ਤੂੰ ਗਰੀਬ ਬਣ ਕੇ ਤੁਰਿਆ ਫਿਰੇਂਗਾ। ਨਹੀਂ ਤਾਂ ਆਪਣੇ ਭਰਾ ਨੂੰ ਕਹਿ ਕਿ ਰਿਸ਼ਤਾ ਲੈ ਲਵੇ। ਨਹੀਂ ਤਾਂ ਵਿਚੇ ਹੀ ਉਹਨੂੰ ਮੈਂ ਕੈਦ ਕਰਾਵਾਂਗਾ, ਵਿਚੇ ਤੈਨੂੰ ਕੈਦ ਕਰਾਵਾਂਗਾ।

ਚਿੱਠੀ ਲੈ ਕੇ ਆਇਆ, ਡਰ ਗਿਆ ਪਹਿਲਾਂ ਹੀ ਕਹਿਣ ਲੱਗ ਗਿਆ ਕਿ ਮੈਂ ਤਾਂ ਆਪ ਹੀ ਉਹਦਾ ਦੁਸ਼ਮਣ ਹਾਂ। ਚੰਗਾ ਹੋਇਆ, ਕਹਿ ਦੇਣਾ ਦੀਵਾਨ ਸਾਹਿਬ ਨੂੰ ਕਿ ਮੇਰੇ ਤੋਂ ਜੋ ਮਦਦ ਚਾਹੀਦੀ ਹੈ ਮੈਂ ਪੂਰੀ ਮਦਦ ਦੇਵਾਂਗਾ, ਸਾਰੇ ਭੇਤ ਦੇਵਾਂਗਾ। ਉਨ੍ਹਾਂ ਨੇ ਗ੍ਰੰਥ ਸਾਹਿਬ ਬਣਾਇਆ ਹੈ ਉਹਦੇ 'ਚ ਐਉਂ ਗੱਲਾਂ

ਲਿਖੀਆਂ ਨੇ, ਆਹ ਲਿਖਿਆ ਹੈ, ਭੜਕਾ ਦਿਤੇ। ਕਹਿੰਦੇ, ਜੇ ਮੈਨੂੰ ਕਹਿਣ ਤਾਂ ਮੈਂ ਹਾਜ਼ਰ ਹੋ ਕੇ ਉਹਦੇ ਨਾਲ ਗੱਲ ਕਰਾਂਗਾ। ਚੰਗਾ ਹੋ ਗਿਆ ਕਿ ਉਨ੍ਹਾਂ ਦੇ ਮਨ ਵਿਚ ਇਹ ਗੱਲ ਹੋ ਗਈ, ਮੈਂ ਦੇਖੋ ਵੱਡਾ ਹਾਂ ਧੱਕੇ ਨਾਲ ਮੇਰੇ ਤੋਂ ਉਨ੍ਹਾਂ ਨੇ ਸਭ ਖੋਹ ਲਿਆ। ਚੋਰ-ਚਕਾਰ ਆਪਣੇ ਕੋਲ ਰਖਦੇ ਨੇ, ਡਾਕੂ ਕੋਲ ਰਖਦੇ ਨੇ। ਬੜੀਆਂ ਹੀ ਲੂਤੀਆਂ ਲਾਈਆਂ, ਵਾਪਸ ਭੇਜ ਦਿਤਾ।

ਜਦੋਂ ਜਾ ਕੇ ਚੰਦੂ ਨੂੰ ਦੱਸਿਆ ਤਾਂ ਖੁਸ਼ ਹੋ ਗਿਆ ਕਿ ਚਲੋ ਭਰਾ ਤਾਂ ਮੇਰੇ ਨਾਲ ਹੈ। ਹੁਣ ਦੇਖਾਂਗੇ ਕੀ ਗੱਲ ਬਣਦੀ ਹੈ। ਇਧਰਲੇ ਪਾਸੇ ਇਹਨੂੰ ਚੰਦੂ ਦਾ ਸੁਨੇਹਾ ਆ ਗਿਆ, ਤੂੰ ਫਿਕਰ ਨਾ ਕਰ ਜਿਹੜਾ ਕੰਮ ਕਰੇਂਗਾ ਤੇਰਾ ਪ੍ਰਵਾਨ ਹੀ ਪ੍ਰਵਾਨ ਹੈ ਸਾਨੂੰ। ਤਕੜਾ ਹੋ ਕੇ ਪਿੱਛੇ ਲਗ ਉਨ੍ਹਾਂ ਦੇ ਤੇ ਇਹਦਾ ਇਕ ਮਿੱਤਰ ਸੀ ਜਿਹਦਾ ਨਾਮ ਸੁਲਹੀ ਖਾਨ ਸੀ ਤੇ ਸੁਲਹੀ ਖਾਨ ਦਾ ਭਤੀਜਾ ਸੀ ਉਹਦਾ ਨਾਮ ਸੀ ਸੁਲਭੀ ਖਾਨ। ਮਤਾ ਇਹ ਪਕਾਇਆ ਕਿ ਸੁਲਭੀ ਖਾਨ ਮਾਮਲਾ ਉਗਰਾਉਣ ਦੇ ਬਹਾਨੇ ਅੰਮ੍ਰਿਤਸਰ ਚਲਿਆ ਜਾਵੇ ਤੇ ਗੁਰੂ ਅਰਜਨ ਸਾਹਿਬ ਨੂੰ ਕੈਦ ਇਕ ਵਾਰੀ ਕਰ ਲਿਆਵੇ। ਉਸ ਤੋਂ ਬਾਅਦ ਅਸੀਂ ਜਾਣੀਏ ਸਾਡਾ ਕੰਮ। ਅਸੀਂ ਆਪੇ ਕਰ ਲਵਾਂਗੇ ਸਭ ਕੁਛ।

ਸੋ ਮਹਾਰਾਜ ਜੀ ਨੂੰ ਖਬਰ ਪਹੁੰਚੀ ਕਿ ਪਾਤਸ਼ਾਹ, ਆਹ ਗੋਂਤ ਗੁੰਦੀ ਗਈ ਹੈ। ਸੁਲਭੀ ਖਾਨ ਆ ਰਿਹਾ ਹੈ ਆਪ ਦੇ ਪਾਸ। ਕ੍ਰਿਪਾ ਕਰੋ, ਕੁਛ ਬੰਦੋਬਸਤ ਕਰੋ। ਮਹਾਰਾਜ ਜੀ ਨੂੰ ਜਾ ਕੇ ਚੰਗੇ-ਚੰਗੇ ਗੁਰਸਿੱਖਾਂ ਨੇ ਦੱਸਿਆ, ਤਾਂ ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ ਦੇਖੋ ਪ੍ਰੇਮੀਓ, ਸਾਡੇ ਕੋਲ ਤਾਂ ਨਿਮਰਤਾ ਦੀ ਗਦਾ ਹੈ, ਇਹ ਜਿਹੜਾ ਨਿਮਰਤਾ ਦਾ ਹਥਿਆਰ ਹੈ, ਇਹਦੇ ਅੱਗੇ ਵਿਕਾਰੀ ਤੇ ਦੁਸ਼ਟ ਹੁੰਦੇ ਨੇ, ਉਹ ਟਿਕਿਆ ਨਹੀਂ ਕਰਦੇ।

***ਧਾਰਨਾ - ਮੇਰੀ ਗਦਾ ਹੈ ਗਰੀਬੀ ਵਾਲੀ***
***ਦੁਸ਼ਟਾਂ ਦਾ ਨਾਸ਼ ਕਰਦੀ।***

ਘਬਰਾਓ ਨਾ ਸਾਧਸੰਗਤ ਜੀ, ਨਿਮਰਤਾ ਦੇ ਅੱਗੇ ਵਿਕਾਰੀ ਟਿਕਿਆ ਨਹੀਂ ਕਰਦਾ।

*ਗਰੀਬੀ ਗਦਾ ਹਮਾਰੀ ॥*
*ਖੰਨਾ ਸਗਲ ਰੇਨੁ ਛਾਰੀ ॥*
*ਇਸੁ ਆਗੈ ਕੋ ਨ ਟਿਕੈ ਵੇਕਾਰੀ ॥*
*ਗੁਰ ਪੂਰੇ ਏਹ ਗਲ ਸਾਰੀ ॥* *ਅੰਗ - ੬੨੮*

ਪੂਰੇ ਸਤਿਗੁਰਾਂ ਨੇ ਕਿਹਾ ਹੈ ਕਿ ਜੋ ਨਿਮਰਤਾ ਦੇ ਨਾਲ ਹੈ ਉਹਦੇ ਅੱਗੇ ਵਿਕਾਰੀ ਠਹਿਰਿਆ ਨਹੀਂ ਕਰਦਾ ਕਿਉਂਕਿ ਉਹਦੇ ਹਿਰਦੇ 'ਚ ਨਾਮ ਚਲਦਾ ਹੈ -

*ਹਰਿ ਹਰਿ ਨਾਮੁ ਸੰਤਨ ਕੀ ਓਟਾ ॥*
*ਜੋ ਸਿਮਰੈ ਤਿਸ ਕੀ ਗਤਿ ਹੋਵੈ*
*ਉਧਰਹਿ ਸਗਲੇ ਕੋਟਾ ॥* *ਅੰਗ - ੬੨੮*

ਸੋ ਇਸ ਤਰ੍ਹਾਂ ਦੇ ਨਾਲ ਰਾਹ 'ਚ ਤੁਰਿਆ ਆਉਂਦਾ ਹੈ, ਉਥੇ ਇਕ ਕੋਈ ਉਹਦਾ ਸਿਪਾਹੀ ਸੀਗਾ, ਉਹ ਮਿਲ ਗਿਆ, ਉਹ ਕਹਿੰਦਾ ਤੂੰ ਮੇਰੀ ਦੋ ਸਾਲ ਦੀ ਤਨਖਾਹ ਨਹੀਂ ਦਿਤੀ, ਮੇਰੀ ਤਨਖਾਹ ਦੇਹ। ਉਥੇ ਖੈਬੜ-ਖਬੜਾਈ ਹੋਈ, ਤਲਵਾਰ ਪਹਿਨੀ ਹੋਈ ਸੀ ਉਹਨੇ, ਗਲ ਕੱਟ ਉਹਨੇ ਉਹ ਮਾਰਿਆ। ਮਹਾਰਾਜ ਜੀ ਨੂੰ ਖਬਰ ਪਹੁੰਚ ਗਈ।

ਕਹਿੰਦੇ, ਮਹਾਰਾਜ ਜੀ! ਉਹ ਤਾਂ ਮਾਰਿਆ ਗਿਆ। ਕਹਿੰਦੇ, ਕੋਈ ਨਾ ਭਾਈ ਜੋ ਸਾਧੂਆਂ ਨੂੰ ਤੰਗ ਕਰਦਾ ਹੈ, ਉਹਦਾ ਹਾਲ ਇਹੀ ਹੋਇਆ ਕਰਦਾ ਹੈ -

***ਧਾਰਨਾ - ਸੋ ਦੁਖ ਕੈਸਾ ਪਾਵੈ***
***ਜਿਸਦਾ ਰਾਖਾ ਹੈ ਪ੍ਰਮਾਤਮਾ***

*ਜਿਸ ਕੇ ਸਿਰ ਊਪਰਿ ਤੂੰ ਸੁਆਮੀ*
*ਸੋ ਦੁਖੁ ਕੈਸਾ ਪਾਵੈ ॥*
*ਬੋਲਿ ਨ ਜਾਣੈ ਮਾਇਆ ਮਦਿ ਮਾਤਾ*
*ਮਰਣਾ ਚੀਤਿ ਨ ਆਵੈ ॥ ੧ ॥*
*ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥*
*ਤੇਰੇ ਸੇਵਕ ਕਉ ਭਉ ਕਿਛੁ ਨਾਹੀ*
*ਜਮੁ ਨਹੀ ਆਵੈ ਨੇਰੇ ॥* *ਅੰਗ - ੭੫੦*

ਖਾਤਮਾ ਹੋ ਗਿਆ ਰਾਹ 'ਚ ਹੀ ਮਾਰਿਆ ਗਿਆ, ਖਬਰ ਪਹੁੰਚ ਗਈ ਪ੍ਰਿਥੀਚੰਦ ਨੂੰ, ਦੌੜਿਆ-ਦੌੜਿਆ ਗਿਆ ਇਹਦੇ ਪਾਸ, ਇਹਦਾ ਮਿਤਰ ਸੀ। ਦੇਖਿਆ ਜਾਦੂ ਵਰਤ ਕੇ ਮਾਰ ਦਿਤੀਆ। ਜਾਂ ਮੈਨੂੰ ਲਗਦਾ ਹੈ ਕਿ ਪੈਸੇ ਦੇ ਕੇ ਬੰਦਾ ਭੇਜਿਆ ਹੈ ਉਨ੍ਹਾਂ ਨੇ। ਬੜਾ ਮਾੜਾ ਕੰਮ ਕਰਿਆ ਹੈ ਭਰਾ ਨੇ ਮੇਰੇ। ਆਫੀਸਰ ਬੰਦਾ ਮਾਰ ਦਿਤਾ। ਜਿੰਨਾ ਕਹਿ ਸਕਦਾ ਸੀ ਕਿਹਾ। ਕਹਿਣ ਲੱਗਿਆ, ਹੁਣ ਤੁਸੀਂ ਆਪ ਕੋਸ਼ਿਸ਼ ਕਰੋ। ਸੁਲਹੀ ਖਾਂ ਕਹਿਣ ਲੱਗਿਆ ਕਿ ਇਨ੍ਹਾਂ ਤੋਂ ਤਾਂ ਬਚ ਗਿਆ ਪਰ ਮੈਂ ਨਹੀਂ ਹੁਣ ਛੱਡਣਾ ਕਿਸੇ ਵੀ ਤਰੀਕੇ ਨਾਲ। ਉਸੇ ਵੇਲੇ ਚੜ੍ਹਾਈ ਕਰ ਗਿਆ। ਬੜਾ ਜ਼ਾਲਮ ਆਫੀਸਰ ਸੀ ਮਹਾਰਾਜ ਕੋਲ ਖਬਰ ਪਹੁੰਚ ਗਈ ਕਿ ਭਤੀਜੇ ਦਾ ਬਦਲਾ ਲੈਣ ਵਾਸਤੇ ਆ ਰਿਹਾ ਹੈ ਤੁਹਾਡੇ ਕੋਲ। ਗੁਰਸਿੱਖ ਇਕੱਠੇ ਹੋ ਗਏ। ਕਹਿਣ ਲੱਗੇ, ਪਾਤਸ਼ਾਹ! ਬੜਾ ਜ਼ਾਲਮ ਹੈ, ਤੇ ਅਸੀਂ ਇਹ ਵਿਚਾਰ ਕਰਦੇ ਹਾਂ ਕਿ

ਆਪਣੀ ਲੈਟਰ ਲਿਖ ਕੇ ਆਪਣੀ ਪੁਜ਼ੀਸ਼ਨ ਸਾਫ ਕਰੀਏ ਜਾਂ ਸੱਚੇ ਪਾਤਸ਼ਾਹ ਕੋਈ ਸ੍ਰੇਸ਼ਟ ਪੁਰਸ਼ ਇਲਾਕੇ ਦੇ ਮੁਖੀ ਭੇਜ ਦੇਈਏ ਤੇ ਜਾਂ ਫੇਰ ਹੁਕਮ ਦਿਓ ਕਿ ਅਸੀਂ ਵੀ ਕੋਈ ਹਥਿਆਰ ਚੁੱਕੀਏ। ਐਉਂ ਤਾਂ ਮਰਨਾ ਫੇਰ ਔਖਾ ਹੈ। ਮਹਾਰਾਜ ਜੀ ਕਹਿੰਦੇ, ਤੁਸੀਂ ਪ੍ਰੇਮੀਓ! ਭਰੋਸਾ ਰੱਖੋ ਵਾਹਿਗੁਰੂ 'ਤੇ। ਕਹਿੰਦੇ ਆਪਾਂ ਵਾਹਿਗੁਰੂ-ਵਾਹਿਗੁਰੂ ਕਰੋ, ਆਪੇ ਹੀ ਉਹ ਮਾਲਕ ਹੈ। ਚਲਿਆ ਆਉਂਦਾ ਹੈ ਆ ਕੇ ਪ੍ਰਿਥੀਚੰਦ ਦੇ ਕੋਲ ਆ ਗਿਆ। ਉਹਨੇ ਨਵੇਂ ਆਵੇ ਪਾਏ ਸੀ ਕਿਉਂਕਿ ਉਹਨੇ ਰੀਸ ਕਰੀ ਕਿ ਹਰਿਮੰਦਰ ਸਾਹਿਬ ਵਰਗਾ ਮੈਂ ਬਣਾ ਲੈਂਦਾ ਹਾਂ, ਆਪੇ ਇਥੇ ਲੋਕ ਆਉਣਗੇ। ਉਹੋ ਜਿਹਾ ਹੀ ਮੰਦਰ ਰਚਣਾ ਸ਼ੁਰੂ ਕਰ ਦਿਤਾ। ਆਵੇ ਪਕਾਉਣ ਲੱਗਿਆ ਹੋਇਆ ਹੈ, ਉਥੇ ਲੈ ਗਿਆ, ਉਥੇ ਜ਼ਮੀਨ ਦਿਖਾਉਂਦਾ, ਹੋਰ ਆਪਣਾ ਕਾਰੋਬਾਰ ਦਿਖਾਉਂਦਾ-ਦਿਖਾਉਂਦਾ ਜਦੋਂ ਆਵਿਆਂ ਦੇ ਕੋਲ ਗਿਆ, ਐਸਾ ਘੋੜਾ ਡਰਿਆ, ਇਕ ਪੰਛੀ ਜਾਨਵਰ ਅਚਾਨਕ ਉਡ ਪਿਆ, ਘੋੜਾ ਅਲਪ ਹੋ ਗਿਆ, ਦੌੜ ਕੇ ਜਾ ਕੇ ਆਵੇ ਵਿਚ ਛਾਲ ਮਾਰੀ। ਮਾਰਦੇ ਹੀ ਛਾਲ ਘੋੜਾ ਗਿਰ ਗਿਆ ਤੇ ਇਹ ਵੀ ਗਿਰ ਗਿਆ, ਉਥੇ ਹੀ ਭਸਮ ਹੋ ਗਿਆ। ਮਹਾਰਾਜ ਜੀ ਦੇ ਕੋਲ ਖਬਰ ਆਈ। ਮਹਾਰਾਜ ਜੀ ਕਹਿੰਦੇ ਕਿ ਪ੍ਰੇਮੀਓ, ਤੁਸੀਂ ਪ੍ਰਭੂ ਦਾ ਧਿਆਨ ਕਰੋ, ਉਹ ਰਾਖਾ ਬਣ ਜਾਇਆ ਕਰਦਾ ਹੈ -

***ਧਾਰਨਾ - ਬੁਰਾ ਚਿਤਵਦਾ ਨਾਪਾਕ ਹੋ ਕੇ ਮਰੇਂਗਾ, ਰੱਖਿਆ ਨਰਾਇਣ ਨ ਕਰੀ।***

*ਸੁਲਹੀ ਤੇ ਨਾਰਾਇਣ ਰਾਖੁ ॥*
*ਸੁਲਹੀ ਕਾ ਹਾਥੁ ਕਹੀ ਨ ਪਹੁਚੈ*
*ਸੁਲਹੀ ਹੋਇ ਮੂਆ ਨਾਪਾਕੁ ॥ ੧ ॥ ਰਹਾਉ ॥*
*ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ*
*ਖਿਨ ਮਹਿ ਹੋਇ ਗਇਆ ਹੈ ਖਾਕੁ ॥*
*ਮੰਦਾ ਚਿਤਵਤ ਚਿਤਵਤ ਪਚਿਆ*
*ਜਿਨਿ ਰਚਿਆ ਤਿਨਿ ਦੀਨਾ ਧਾਕੁ ॥ ੧ ॥*
*ਪੁਤ੍ਰ ਮੀਤ ਧਨੁ ਕਿਛੂ ਨ ਰਹਿਓ*
*ਸੁ ਛੋਡਿ ਗਇਆ ਸਭ ਭਾਈ ਸਾਕੁ ॥*
*ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ*
*ਜਿਨਿ ਜਨ ਕਾ ਕੀਨੋ ਪੂਰਨ ਵਾਕੁ॥ ਅੰਗ - ੮੨੫*

ਧੱਕਾ ਦੇ ਦਿਤਾ ਜਿਹਨੇ ਸੰਸਾਰ ਰਚਿਆ ਹੈ।

ਮਹਾਰਾਜ ਕਹਿੰਦੇ, ਆ ਨਹੀਂ ਸਕਦਾ ਪ੍ਰੇਮੀਓ! ਘਬਰਾਓ ਨਾ। ਸੋ ਇਸ ਤਰ੍ਹਾਂ ਦੇ ਨਾਲ ਬੜੀਆਂ ਵਿਉਂਤਾਂ, ਬੜੀਆਂ ਗੁੰਦਾਂ ਗੁੰਦੀਆਂ ਗਈਆਂ। ਅਖੀਰ ਕਿੰਨੇ ਹੀ ਦੁਸ਼ਮਣ ਹੋ ਗਏ। ਜਹਾਂਗੀਰ ਵੀ ਦੁਸ਼ਮਣ ਹੋ ਗਿਆ ਕਿ ਐਸਾ ਧਰਮ ਹੋ ਗਿਆ ਕਿ ਮੁਸਲਮਾਨ ਵੀ ਜਾ-ਜਾ ਕੇ ਸਿੱਖ ਬਣੀ ਜਾਂਦੇ, ਹਿੰਦੂ ਵੀ ਬਣੀ ਜਾਂਦੇ ਨੇ, ਬੇਅੰਤ ਦੁਨੀਆਂ ਇਨ੍ਹਾਂ ਦੇ ਪਿੱਛੇ ਲਗ ਗਈ। ਭੜਕਾ ਦਿਤਾ ਗਿਆ ਕਿ ਬਾਦਸ਼ਾਹ ਸਲਾਮਤ! ਜੇ ਹੁਣ ਕੋਈ ਬੰਦੋਬਸਤ ਨਾ ਕਰਿਆ ਗਿਆ, ਤਾਂ ਸਾਰਾ ਦੇਸ਼ ਇਹਦੇ ਪਿੱਛੇ ਲੱਗ ਜਾਏਗਾ। ਰਾਜ ਲੈ ਲਏਗਾ। ਕੰਨ ਕੱਚੇ ਹੁੰਦੇ ਨੇ ਰਾਜਿਆਂ ਦੇ। ਮੁਲਾਣਿਆਂ ਨੇ ਭੜਕਾਇਆ, ਪੰਡਤਾਂ ਨੇ ਭੜਕਾਇਆ। ਅਖੀਰ ਜਹਾਂਗੀਰ ਦੇ ਲੜਕੇ ਖੁਸਰੋ ਨੇ ਬਗਾਵਤ ਕਰ ਦਿਤੀ। ਪਿਛੇ-ਪਿਛੇ ਜਹਾਂਗੀਰ ਹੋ ਗਿਆ ਤੇ ਹੁਕਮ ਦੇ ਦਿਤਾ ਕਿ ਇਹਦੀ ਕੋਈ ਮਦਦ ਨਾ ਕਰੇ। ਜੋ ਕਰੇਗਾ ਸਖਤ ਸਜ਼ਾਵਾਂ ਦਿਤੀਆਂ ਜਾਣਗੀਆਂ। ਇਹ ਬਿਆਸਾ ਦੇ ਪੱਤਣ 'ਤੇ ਆ ਗਿਆ। ਓਸ ਵੇਲੇ ਗੁਰੂ ਮਹਾਰਾਜ ਗੋਇੰਦਵਾਲ ਕਹੇ ਜਾਂਦੇ ਨੇ, ਲੇਕਿਨ ਆਪ ਉਥੇ ਨਹੀਂ ਸੀਗੇ। ਗੱਲ ਬਣਾਈ ਸਾਰੀ ਗੁਰੂ ਮਹਾਰਾਜ ਉਥੇ ਨੇ, ਲੰਗਰ 'ਚੋਂ ਪ੍ਰਸ਼ਾਦਾ ਛਕਾਇਆ, ਉਹਦੀ ਮਦਦ ਕਰੀ, ਪੰਜ ਹਜ਼ਾਰ ਰੁਪਿਆ ਦਿਤਾ। ਮੱਥੇ 'ਤੇ ਟਿਕਾ ਲਾਇਆ। ਪਹਿਲਾਂ ਤਾਂ ਗੁਰੂ ਕਿਸੇ ਦੇ ਮੱਥੇ ਤੇ ਟਿੱਕਾ ਲਾਉਂਦੇ ਹੀ ਨਹੀਂ ਸੀ। ਕਿੱਡਾ ਹੀ ਵੱਡਾ ਕਿਉਂ ਨਾ ਆਵੇ। ਅਕਬਰ ਦੇ ਨਹੀਂ ਲਾਇਆ। ਹਮਾਯੂੰ ਆਇਆ, ਬਾਬਰ ਆਇਆ, ਕਿਸੇ ਦੇ ਨਹੀਂ ਲਾਇਆ, ਸੋ ਇਹ ਗੱਲਾਂ ਬਣਾ ਕੇ ਭੜਕਾ ਦਿਤਾ ਗਿਆ। ਚੰਦੂ ਨਾਲ ਚਲਿਆ ਆ ਰਿਹਾ ਹੈ ਕਹਿਣ ਲੱਗਿਆ ਮਹਾਰਾਜ, ਐਸ ਵੇਲੇ ਜੇ ਖਤਰਾ ਆਪ ਦੇ ਰਾਜ ਨੂੰ ਹੈ ਤਾਂ ਕੇਵਲ ਅਰਜਨ ਦੇਵ ਜੀ ਤੋਂ ਹੈ ਜੋ ਗੁਰੂ ਕਹਾਉਂਦੇ ਨੇ ਆਪਣੇ ਆਪ ਨੂੰ। ਉਨ੍ਹਾਂ ਦਾ ਭਰਾ ਵਿਲਕਦਾ ਫਿਰਦਾ ਹੈ। ਉਹ ਮੇਰੇ ਕੋਲ ਕਿੰਨੀ ਵਾਰੀ ਆਇਆ ਹੈ ਤੁਹਾਡੇ ਉਸਨੂੰ ਪੇਸ਼ ਕਰਾਂ। ਲੇਕਿਨ ਇਨ੍ਹਾਂ ਦੇ ਆਉਣ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਿਆ। ਬੀਬੀ ਕਰਮੋਂ ਨੇ ਆਪਣੇ ਪੁੱਤਰ ਮਿਹਰਵਾਨ ਨੂੰ ਬੁਲਾਇਆ, ਕਹਿੰਦੀ ਮਿਹਰਵਾਨ ਹੁਣ ਤੂੰ ਚੁੱਪ ਕਰਕੇ ਬਹਿ ਜਾ। ਦੇਖਿਆ ਨਹੀਂ ਤੂੰ, ਕਿੰਨੀ ਸ਼ਕਤੀ ਹੈ ਉਨ੍ਹਾਂ 'ਚ, ਕਿੰਨੇ ਵਾਰ ਤੇਰੇ ਪਿਤਾ ਜੀ ਨੇ ਕਰੇ। ਸਪੇਰਾ ਮਰਿਆ, ਦਾਈ ਮਰੀ, ਬ੍ਰਾਹਮਣ ਮਰਿਆ, ਸੁਲਹੀ ਖਾਂ ਮਰਿਆ, ਸੁਲਭੀ ਖਾਂ ਮਰਿਆ, ਹੋਰ ਵੀ ਜਿਹੜਾ ਗਿਆ ਮਰਿਆ ਹੀ ਹੈ। ਤੇਰਾ ਪਿਤਾ ਰੋਜ਼ ਚਿਤਵੀ ਜਾਂਦਾ ਸੀ ਬੁਰਿਆਈ। ਕਹਿੰਦੇ, ਉਹ ਵੀ ਜਾ ਨਹੀਂ ਸਕਿਆ ਜਹਾਂਗੀਰ ਤਾਂਈ, ਰਾਹ 'ਚ ਹੀ ਮਰ ਗਿਆ। ਹੁਣ ਬੇਟਾ,

ਜੋ ਕੁਛ ਆਪਣੇ ਕੋਲ ਹੈ ਇਹਦੇ 'ਤੇ ਸਬਰ ਕਰ। ਲੇਕਿਨ ਇਹ ਚੰਦੂ ਨੂੰ ਅੱਗ ਲੱਗੀ ਹੋਈ ਸੀ ਕਿ ਮੇਰੀ ਲੜਕੀ ਦਾ ਸਾਕ ਨਹੀਂ ਲਿਆ, ਮੇਰੀ ਲੜਕੀ ਕੁਆਰੀ ਰਹਿ ਜਾਏਗੀ।

ਸੋ ਜਦੋਂ ਜਹਾਂਗੀਰ ਲਾਹੌਰ ਆ ਗਿਆ, ਖੁਸਰੋ ਵੀ ਫੜਿਆ ਗਿਆ ਸੀ, ਸਾਥੀ ਜਿਹੜੇ ਜਰਨੈਲ ਸੀ ਉਨ੍ਹਾਂ ਨੂੰ ਗਊ ਦੀ ਖੱਲ੍ਹ ਵਿਚ ਮੜ੍ਹਾ ਕੇ ਧੁੱਪੇ ਰੱਖ ਦਿਤਾ, ਸੁੱਕ ਗਈਆਂ ਖੱਲ੍ਹਾਂ ਵਿਚ ਹੀ ਮਰ ਗਏ। ਇਹਨੂੰ ਵੀ ਕਤਲ ਕਰ ਦਿਤਾ ਗਿਆ, 700 ਬੰਦੇ ਨੂੰ ਸੂਲੀ ਚਾੜ੍ਹ ਦਿਤਾ ਗਿਆ। ਜਦੋਂ ਉਹ ਚੀਕਾਂ ਮਾਰਦੇ ਸੀ, ਜਹਾਂਗੀਰ ਖੜ੍ਹਾ ਦੇਖਦਾ ਸੀ। ਕਹਿੰਦਾ, ਹੁਣ ਬੁਲਾਓ ਆਪਣੇ ਹਮਾਇਤੀ ਨੂੰ। ਮੇਖਾਂ ਗੱਡਦੇ ਸੀ ਹੱਥਾਂ ਪੈਰਾਂ 'ਚ। ਸੋ ਇਸ ਤਰ੍ਹਾਂ ਦੀਆਂ ਭਿਆਨਕ ਸਜਾਵਾਂ ਦੇ ਕੇ ਤੇਰ੍ਹਾਂ ਦਿਨ ਲੰਘ ਗਏ। ਇਨ੍ਹਾਂ ਨੇ ਕਿਹਾ ਕਿ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਦਾ ਤਾਂ ਕਦੇ ਨਾਉਂ ਹੀ ਨਹੀਂ ਲਿਆ। ਬੜੀਆਂ ਗੱਲਾਂ ਕਰੀਆਂ। ਅਖੀਰ ਕਹਿਣ ਲੱਗੇ, ਬਾਦਸ਼ਾਹ ਸਲਾਮਤ! ਅਸਲੀ ਬੰਦਾ ਤਾਂ ਰਹਿ ਹੀ ਗਿਆ ਤੇ ਉਹ ਹੈ ਅੰਮ੍ਰਿਤਸਰ ਦੇ ਅੰਦਰ, ਰਾਮਦਾਸਪੁਰੇ ਦੇ ਅੰਦਰ, ਅਰਜਨ ਮੱਲ ਉਸਨੂੰ ਆਖਦੇ ਨੇ, ਸਿੱਖਾਂ ਦਾ ਗੁਰੂ ਬਣਿਆ ਬੈਠਾ ਹੈ। ਬੜੀਆਂ ਲੂਤੀਆਂ ਲਾਈਆਂ, ਅਖੀਰ ਓਸਨੇ ਸਿਪਾਹੀ ਭੇਜ ਦਿਤੇ ਕਿ ਜਾ ਕੇ ਲੈ ਕੇ ਆਓ। ਮਹਾਰਾਜ ਜੀ ਦੇ ਪਾਸ ਪਹੁੰਚ ਜਾਂਦੇ ਨੇ ਤੇ ਮਹਾਰਾਜ ਜੀ ਨੇ ਦੇਖ ਲਿਆ ਤੇ ਆਪਣਾ ਸਮਾਂ ਵਿਚਾਰ ਲਿਆ। ਉਸ ਵੇਲੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਬੁਲਾਇਆ। ਕਹਿਣ ਲੱਗੇ ਅਸੀਂ ਤਾਂ ਹੁਣ ਲਾਹੌਰ ਜਾਣ ਦੀ ਤਿਆਰੀ ਕਰਨੀ ਹੈ ਤੇ ਤੁਸੀਂ ਹਰਿਗੋਬਿੰਦ ਸਾਹਿਬ ਨੂੰ ਲੈ ਆਇਓ, ਤਿਲਕ ਦੇ ਦਿਓ ਬਾਬਾ ਜੀ, ਗੁਰਿਆਈ ਅਸੀਂ ਇਨ੍ਹਾਂ ਨੂੰ ਸੌਂਪਦੇ ਹਾਂ ਤੇ ਹੁਣ ਤੁਹਾਡੇ ਤੱਕ ਗੱਲ ਹੈ ਕਿ ਅਕਾਲਪੁਰਖ ਨੂੰ ਭਾਉਂਦਾ ਨਹੀਂ ਕਿ ਅਸੀਂ ਫੇਰ ਵਾਪਸ ਆਈਏ।

ਸੋ ਸੰਗਤ ਬੇਅੰਤ ਇਕੱਠੀ ਹੋ ਗਈ ਗੱਲ ਸੁਣ ਕੇ। ਜਾਣ ਨਹੀਂ ਦੇਣਾ ਚਾਹੁੰਦੇ। ਸੋ ਮਹਾਰਾਜ ਬਚਨ ਕਰਦੇ ਨੇ ਕਿ ਪ੍ਰੇਮੀਓਂ! ਦੇਖੋ ਗੁਰੂ ਦੇ ਭਾਣੇ ਵਿਚ ਰਹੀਦਾ ਹੁੰਦਾ ਹੈ –

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ ॥* *ਅੰਗ - ੬੦੧*

ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਸਾਰੇ–

***ਧਾਰਨਾ – ਭਾਣੇ ਵਿਚ ਆਵੇ ਜੀ,***
***ਉਹ ਹੀ ਸਿੱਖ ਹੈ ਮੇਰਾ।***

*ਸੋ ਸਿਖੁ ਸਖਾ ਬੰਧਪੁ ਹੈ ਭਾਈ*
*ਜਿ ਗੁਰ ਕੇ ਭਾਣੇ ਵਿਚਿ ਆਵੈ ॥*
*ਆਪਣੈ ਭਾਣੈ ਜੋ ਚਲੈ ਭਾਈ*
*ਵਿਛੁੜਿ ਚੋਟਾ ਖਾਵੈ ॥* *ਅੰਗ - ੬੦੧*

ਭਾਣਾ ਮੰਨੋ ਪਿਆਰਿਓ, ਭਾਣਾ ਮੰਨੋ ਵਾਹਿਗੁਰੂ ਦਾ। ਜਿਵੇਂ ਵਾਹਿਗੁਰੂ ਨੂੰ ਭਾਉਂਦਾ ਹੈ ਉਸੇ ਤਰ੍ਹਾਂ ਹੋਣਾ ਹੈ।

ਸੋ ਮਹਾਰਾਜ ਜੀ ਨੇ ਪਹਿਲੇ ਦਿਨ ਸਿੱਖ ਸੰਗਤਾਂ ਨੂੰ ਉਪਦੇਸ਼ ਦਿਤਾ, ਦਿਲਾਸਾ ਦਿਤਾ ਤੇ ਕਿਹਾ ਕਿ ਤੁਸੀਂ ਫਿਕਰ ਨਾ ਕਰੋ। ਦੂਸਰੇ ਦਿਨ ਪਿੱਪਲੀ ਸਾਹਿਬ ਤੱਕ ਸਾਰੀ ਸੰਗਤ ਛੱਡਣ ਆਉਂਦੀ ਹੈ। ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਮਹਾਰਾਜ ਵੀ ਨੇ, ਆਪ ਨੇ ਚਰਨਾਂ 'ਤੇ ਨਮਸ਼ਕਾਰ ਕਰੀ, ਬਾਬਾ ਬੁੱਢਾ ਜੀ ਨੇ ਕਰੀ, ਭਾਈ ਗੁਰਦਾਸ ਜੀ ਨੇ ਕਰੀ। ਮਹਾਰਾਜ ਜੀ ਨੇ ਕਿਹਾ ਕਿ ਹਰਿਗੋਬਿੰਦ ਆਹ ਬਾਬਾ ਜੀ ਦਾ ਸਤਿਕਾਰ ਰੱਖਿਓ। ਨੇਤਰਾਂ 'ਚ ਜਲ ਆ ਗਿਆ ਕਿ ਪਿਤਾ ਜੀ ਜਾ ਰਹੇ ਨੇ, ਹੁਣ ਕਿਵੇਂ ਹੋਏਗਾ? ਐਸ ਤਰ੍ਹਾਂ ਦਸਦੇ ਨੇ–

***ਧਾਰਨਾ – ਕਦੇ ਹੋਣਗੇ ਸੰਜੋਗਾਂ ਨਾਲ ਮੇਲੇ***
***ਨਦੀਆਂ ਦੇ ਵਹਿਣ ਵਿਛੜੇ।***

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਅੰਗ - ੪੩੯*

ਕਹਿਣ ਲੱਗੇ ਭਰੋਸਾ ਰੱਖਿਓ ਵਾਹਿਗੁਰੂ 'ਤੇ। ਉਪਦੇਸ਼ ਦਿਤੇ, ਬੜੀ ਦੂਰ ਜਾ ਕੇ ਆਪ ਨੇ ਫੇਰ ਪਿੱਛੇ ਮੁੜ ਕੇ ਦੇਖਿਆ, ਪੰਜ ਸਿੰਘ ਨਾਲ ਲੈ ਲਏ, ਭਾਈ ਪ੍ਰਾਣਾ ਹੈ, ਭਾਈ ਜੇਠਾ ਹੈ, ਭਾਈ ਨਗਾਹਾ ਹੈ, ਭਾਈ ਬਿਧੀ ਚੰਦ ਤੇ ਇਕ ਹੋਰ ਗੁਰਸਿੱਖ ਹੈ ਤੇ ਆਪ ਲਾਹੌਰ ਦੇ ਰਸਤੇ ਪੈ ਗਏ। ਗੁਰਸਿੱਖ ਮੁੜ-ਮੁੜ ਦੇਖਦੇ ਜਾਂਦੇ ਨੇ। ਬੜਾ ਕੁਛ ਹੈ ਮਨ ਦੇ ਅੰਦਰ ਕਿ ਮਹਾਰਾਜ ਨੇ ਐਸੇ ਬਚਨ ਕਿਉਂ ਕਰ ਦਿਤੇ। ਅੱਗੇ ਵੀ ਜਾਂਦੇ ਨੇ, ਕਦੇ ਐਸਾ ਬਚਨ ਤਾਂ ਕਰਿਆ ਨਹੀਂ। ਸੋ ਅੱਜ ਧਰਮਸਾਲਾ ਨਹੀਂ ਗਏ, ਸਿੱਧੇ ਅਰਥਮੱਲ ਦੇ ਚਲੇ ਗਏ। ਉਥੇ ਜਾ ਕੇ ਉਹ ਇੰਤਜ਼ਾਰ ਕਰਦਾ ਹੈ ਤੇ ਕਹਿੰਦਾ ਹੈ ਮਹਾਰਾਜ ਸੱਚੇ ਪਾਤਸ਼ਾਹ, ਤੁਸੀਂ ਤਾਂ ਅੰਤਰਜਾਮੀ ਹੋ, ਘਟ-ਘਟ ਦੇ ਜਾਨਣਹਾਰ, ਮੈਂ ਤਾਂ ਕਈ ਦਿਨਾਂ ਤੋਂ ਦਿਨ ਰਾਤ ਆਪ ਦੀ ਯਾਦ ਵਿਚ ਮੱਛੀ ਵਾਂਗੂੰ ਤੜਫਦਾ ਹਾਂ। ਮਹਾਰਾਜ ਜੀ ਰਾਤ ਰਹੇ ਤੇ ਕਹਿਣ ਲੱਗੇ ਅਰਥਮੱਲ ਅਸੀਂ ਹੁਣ ਸਰੀਰ ਇਥੇ ਛੱਡ ਦੇਣਾ ਹੈ।

ਕਹਿੰਦੇ, ਸੱਚੇ ਪਾਤਸ਼ਾਹ! ਐਸਾ ਭਾਣਾ ਵਰਤਾਉਣ ਆਏ ਓਂ? ਕਹਿੰਦਾ, ਹਾਂ। ਅਗੰਮ ਵਾਚ ਲਿਆ ਅਸੀਂ, ਸਾਨੂੰ ਸਰੀਰ ਇਥੇ ਛੱਡਣਾ ਪੈਣਾ ਹੈ। ਸੋ ਉਸ ਵੇਲੇ ਉਸ ਨੇ ਬੜੇ ਹੀ ਵੈਰਾਗ ਦੇ ਵਿਚ ਆ ਕੇ ਐਸ ਤਰ੍ਹਾਂ ਬੇਨਤੀ ਕੀਤੀ –

***ਧਾਰਨਾ – ਝੱਲਿਆਂ ਨਹੀਂ ਜਾਣਾ***
***ਸਤਿਗੁਰ ਤੇਰਾ ਵਿਛੋੜਾ।***

*ਜਿਸੁ ਪਿਆਰੇ ਸਿਉ ਨੇਹੁ*
*ਤਿਸੁ ਆਗੈ ਮਰਿ ਚਲੀਐ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥ ਅੰਗ – ੮੩*

ਪਾਤਸ਼ਾਹ! ਕਿਵੇਂ ਜੀਉਂਦਾ ਰਹਾਂਗਾ। ਮੈਂ ਨਹੀਂ ਜੀਉਂ ਸਕਦਾ ਪਾਤਸ਼ਾਹ। ਮਹਾਰਾਜ ਕਹਿੰਦੇ ਕੋਈ ਨਾ, ਅੱਜ ਤੋਂ 40 ਵੇਂ ਦਿਨ ਤੂੰ ਸਾਡੇ ਕੋਲ ਆ ਜਾਣਾ ਹੈ। 40 ਦਿਨ ਇੰਤਜ਼ਾਰ ਕਰ ਲਈਂ। ਅਸੀਂ ਵੀ ਇਥੇ ਚਾਰ ਪੰਜ ਦਿਨ ਰਹਿਣਾ ਹੈ। ਫੇਰ ਤਾਂ ਮਗਰੋਂ ਸਾਡੇ ਥੋੜ੍ਹੇ ਹੀ ਦਿਨ ਰਹਿ ਗਏ। ਐਉਂ ਨਾ ਕਰੀਂ, ਕਾਹਲੀ ਨਹੀਂ ਕਰੀਦੀ ਹੁੰਦੀ, ਸਮੇਂ ਸਿਰ ਜਿਹੜਾ ਫਲ ਪੱਕਦਾ ਹੈ ਉਹ ਮਿੱਠਾ ਹੁੰਦਾ ਹੈ, ਕੱਚਾ ਫਲ ਨਹੀਂ ਤੋੜੀਦਾ। ਭਾਣਾ ਮੰਨ ਪ੍ਰੇਮੀਆ।

ਸੋ ਉਸ ਵੇਲੇ ਮਹਾਰਾਜ ਜੀ ਦੂਸਰੇ ਦਿਨ ਦਰਬਾਰ ਵਿਚ ਬੁਲਾਏ ਜਾਂਦੇ ਨੇ, ਉਥੇ ਗਏ ਤਾਂ ਜਹਾਂਗੀਰ ਨੇ ਤਿੰਨ ਚਾਰ ਸਵਾਲ ਕਰੇ। ਕਹਿਣ ਲੱਗਿਆ, ਇਕ ਤਾਂ ਤੁਸੀਂ ਗ੍ਰੰਥ ਰਚਿਆ ਹੈ, ਉਹਦੇ ਵਿਚ ਹਿੰਦੂਆਂ ਦੀ, ਮੁਸਲਮਾਨਾਂ ਦੀ, ਪੈਗੰਬਰਾਂ ਦੀ ਨਖੇਧੀ ਕਰੀ ਹੈ। ਦੂਸਰੀ ਇਹ ਕਿ ਤੁਸੀਂ ਚੋਰ ਚਕਾਰ ਬਹੁਤ ਰੱਖਦੇ ਓਂ। ਤੀਸਰਾ ਇਹ ਹੈ ਕਿ ਤੁਸੀਂ ਬਾਗੀ ਨੂੰ ਮਦਦ ਦਿਤੀ। ਟਿੱਕਾ ਲਾਇਆ ਹੈ ਤੇ ਉਹਨੂੰ ਰੋਟੀ ਦਿਤੀ ਹੈ ਤੇ ਦੋ ਦਿਨ ਆਪਣੇ ਕੋਲ ਠਹਿਰਾਇਆ ਤੇ ਚੌਥੀ ਗੱਲ ਇਹ ਹੈ ਕਿ ਤੁਸੀਂ ਹਿੰਦੂ ਦੇ ਵੀ ਵੈਰੀ ਤੇ ਮੁਸਲਮਾਨ ਦੇ ਵੀ ਵੈਰੀ। ਮਹਾਰਾਜ ਕਹਿੰਦੇ, ਜਹਾਂਗੀਰ ਬਾਦਸ਼ਾਹ! ਗੁਰੂ ਨਾਨਕ ਦਾ ਘਰ ਨਾ ਕਿਸੇ ਦੋਖੀ ਹੈ, ਸਭ ਦਾ ਮਿੱਤਰ ਹੈ –

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ ੧ ॥*
*ਲੋਗਾ ਭਰਮਿ ਨ ਭੂਲਹੁ ਭਾਈ ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ ॥ ਅੰਗ – ੧੩੫੦*

ਸਾਡਾ ਤਾਂ ਜੋ ਨਿਹਚਾ ਹੈ ਉਹ ਇਹ ਹੈ ਕਿ ਇਨਸਾਨ ਜਿਹੜਾ ਹੈ ਸਭ ਇਕ ਹੈ ਇਥੇ ਦੋ ਨਹੀਂ। ਨੇਕ ਅਮਲਾਂ ਵਾਲਾ ਜਿਹੜਾ ਹੈ ਉਹ ਪਾਰ ਹੋ ਜਾਂਦਾ ਹੈ, ਜਿਹੜਾ ਬਦ ਅਮਲ ਕਰਦਾ ਹੈ, ਉਹ ਕੁਫਰ ਕਰਦਾ ਹੈ ਤੇ ਉਹਨੂੰ ਦੋਜਕ ਵਿਚ ਜਾਣਾ ਪੈਂਦਾ ਹੈ। ਅੱਲਾਹ ਤਾਲਾ ਦੀ ਅਸੀਂ ਭਗਤੀ ਸਿਖਾਉਂਦੇ ਹਾਂ, ਪਿਆਰ ਸਿਖਾਲਦੇ, ਸਾਰੀ ਖਲਕਤ ਦੇ ਨਾਲ ਅਸੀਂ ਪਿਆਰ ਕਰਦੇ ਹਾਂ ਤੇ ਅਸੀਂ ਹਿਰਦੇ ਤੋਂ ਕਹਿੰਦੇ ਹਾਂ ਕਿ ਜਿੰਨੀ ਖਲਕਤ ਨਜ਼ਰ ਆਉਂਦੀ ਹੈ, ਦੁਨੀਆਂ ਨਜ਼ਰ ਆਉਂਦੀ ਹੈ, ਇਹ ਸਾਰੀ ਪ੍ਰਮੇਸ਼ਰ ਦਾ ਨੂਰ ਹੈ।

***ਧਾਰਨਾ – ਇਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ–ਸਾਰੀ ਦੁਨੀਆਂ।***

ਬਾਦਸ਼ਾਹ! ਗੁਰੂ ਨਾਨਕ ਮੱਤ ਹੈ ਕਿ ਸਾਰੀ ਸ੍ਰਿਸ਼ਟੀ ਅੱਲਾਹ ਦਾ ਨੂਰ ਹੈ, ਆਪਣੀ ਹੀ ਹੈ ਇਥੇ ਗੈਰ ਕੋਈ ਨਹੀਂ। ਸੋ ਅਸੀਂ ਕਿਸੇ ਦੀ ਵਿਰੋਧਤਾ ਨਹੀਂ ਕਰਦੇ। ਜੇ ਅਸੀਂ ਕਰਦੇ ਹਾਂ ਨਮਾਜ਼ ਪੜ੍ਹਨ ਵਾਲੇ ਨੂੰ ਅਸੀਂ ਕਹਿੰਦੇ ਹਾਂ, ਐਉਂ ਨਹੀਂ ਕਹਿੰਦੇ ਕਿ ਨਮਾਜ਼ ਨਾ ਪੜ੍ਹ।

*ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥*
*ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥*
*ਚਉਥੀ ਨੀਅਤਿ ਰਾਸਿ ਮਨੁ*
*ਪੰਜਵੀ ਸਿਫਤਿ ਸਨਾਇ॥*
*ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥*
*ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥*
*ਅੰਗ – ੧੪੧*

ਅਸੀਂ ਤਾਂ ਇਹ ਦੱਸਦੇ ਹਾਂ ਕਿ ਮਨ ਨੂੰ ਇਕਾਗਰ ਕਰਕੇ ਨਮਾਜ਼ ਪੜ੍ਹ। ਇਸੇ ਤਰ੍ਹਾਂ ਹਿੰਦੂ ਨੂੰ ਕਹਿੰਦੇ ਹਾਂ ਕਿ ਜੇ ਤੀਰਥ ਜਾਂਦਾ ਹੈਂ ਤਾਂ –

*ਤੀਰਥਿ ਨਾਵਾ ਜੇ ਤਿਸੁ ਭਾਵਾ*
*ਵਿਣੁ ਭਾਣੇ ਕਿ ਨਾਇ ਕਰੀ ॥ ਅੰਗ – ੨*

ਪ੍ਰਮੇਸ਼ਰ ਨੂੰ ਭਾਅ ਜੇ ਤੀਰਥਾਂ ਤੇ ਇਸ਼ਨਾਨ ਕਰਨਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਕਿਸੇ ਨਾਲ ਕੋਈ ਵਿਰੋਧਤਾ ਨਹੀਂ ਕਰਦੇ। ਤੁਹਾਨੂੰ ਕਿਸੇ ਨੇ ਐਵੇਂ ਗੱਲਾਬਾਤਾਂ ਲਾਈਆਂ ਨੇ। ਬਹੁਤ ਵਾਰੀ ਪੁੱਛ–ਪੁੱਛਾਕਾ ਹੋ ਚੁਕਿਆ ਹੈ ਪਹਿਲਾਂ ਵੀ। ਰਿਪੋਰਟਾਂ ਤੁਹਾਡੇ ਦਫਤਰਾਂ 'ਚ ਨੇ। ਬਾਕੀ ਜਿਹੜਾ ਗ੍ਰੰਥ ਨੂੰ ਕਹਿੰਦੇ ਓਂ, ਉਹ ਤਾਂ ਆਪ ਜੀ ਦੇ ਪਿਤਾ ਜੀ ਨੇ ਚੰਗੀ ਤਰ੍ਹਾਂ ਗੁਰਦਾਸਪੁਰ ਇਥੇ ਬਟਾਲੇ ਦੇ ਪਾਸ, ਉਨ੍ਹਾਂ ਨੇ ਚੰਗੀ ਤਰ੍ਹਾਂ ਹੱਥ ਰੱਖ–

ਰੱਖ ਕੇ ਸੁਣਿਆ ਹੈ। ਅਖੀਰ ਉਨ੍ਹਾਂ ਨੇ ਨਮਸਕਾਰ ਕਰੀ, ਸਿਰੋਪਾਉ ਭੇਟ ਕਰਿਆ, ਮੋਹਰਾਂ ਭੇਟ ਕਰੀਆਂ। ਉਸ ਵਿਚ ਤਾਂ ਕਿਸੇ ਨੂੰ ਬੁਰਾ ਨਹੀਂ ਲਿਖਿਆ। ਕਹਿੰਦਾ ਜੇ ਕਿਸੇ ਨੂੰ ਬੁਰਾ ਨਹੀਂ ਲਿਖਿਆ ਤਾਂ ਮੁਹੰਮਦ ਸਾਹਿਬ ਦੀ ਵਡਿਆਈ ਲਿਖ ਦਿਓ। ਮਹਾਰਾਜ ਜੀ ਨੇ ਕਿਹਾ ਕਿ ਇਹ ਕਿਸੇ ਦਾ ਆਪਣਾ ਨਹੀਂ ਹੈ, ਇਹ ਤਾਂ ਧੁਰ ਦਰਗਾਹ ਦਾ ਇਲਹਾਮ ਹੈ, ਜੈਸਾ ਇਲਹਾਮ ਆਇਆ ਉਹ ਲਿਖ ਦਿਤਾ। ਤੀਸਰਾ ਆਪ ਦੇ ਸਾਹਿਬਜ਼ਾਦੇ ਨੂੰ ਮਦਦ ਦੇਣ ਦਾ ਸਵਾਲ। ਅਸੀਂ ਤਾਂ ਉਤੇ ਹੈ ਹੀ ਨਹੀਂ ਸੀ, ਇਹ ਤੁਹਾਨੂੰ ਐਵੇਂ ਕਿਸੇ ਨੇ ਐਨੀ ਦੇਰ ਤੋਂ ਬਾਅਦ ਗੱਲ ਕਹਿ ਦਿਤੀ ਹੈ ਤੇ ਬਾਕੀ ਅਸੀਂ ਕਿਸੇ ਡਾਕੂ ਨੂੰ ਨਹੀਂ ਰੱਖਦੇ, ਸਾਡੇ ਕੋਲ ਤਾਂ ਸਾਰੇ ਸਾਧੂ ਨੇ, ਬੰਦਗੀ ਕਰਦੇ ਨੇ, ਅੰਮ੍ਰਿਤ ਵੇਲੇ ਜਾਗਦੇ ਨੇ, ਕਿਸੇ ਦਾ ਬੁਰਾ ਨਹੀਂ ਕਰਦੇ, ਸੰਸਾਰ ਦਾ ਭਲਾ ਕਰਦੇ ਨੇ। ਜਦੋਂ ਲਾਹੌਰ ਦੇ ਅੰਦਰ ਕਾਲ ਪਿਆ ਹੈ ਤਾਂ ਇਹ ਲੋਥਾਂ ਨਾਲ ਭਰ ਗਿਆ ਸੀ, ਇਹ ਸਾਡੇ ਹੀ ਗੁਰਸਿੱਖ ਸੀ ਜਿਹੜੇ ਲੋਥਾਂ ਨੂੰ ਚੁੱਕ-ਚੁੱਕ ਕੇ ਸਸਕਾਰ ਕਰਦੇ ਸੀ। ਦਬਾਉਣ ਵਾਲੇ ਨੂੰ ਦੱਬਦੇ ਸੀ। ਜਦੋਂ ਕਾਲ ਪਿਆ ਉਸ ਵੇਲੇ ਸਾਡੇ ਹੀ ਗੁਰਸਿੱਖ ਸੀ ਜਿਹੜੇ ਪਿੰਡਾਂ ਵਿਚ ਜਾ ਕੇ ਤਕੜੇ ਗੁਰਸਿੱਖ ਨੂੰ ਕਹਿੰਦੇ ਸੀ ਕਿ ਦਾਣੇ ਦੇ ਦੇ, ਮਾੜਿਆਂ ਨੂੰ ਕਹਿੰਦੇ ਸੀ ਦੇ ਦਿਓ, ਵੰਡ ਕੇ ਖਾ ਲਓ। ਮਰਨ ਤੋਂ ਬਚਾਏ, ਇਹਦੇ 'ਚ ਲਿਹਾਜ਼ ਨਹੀਂ ਕਰਿਆ, ਨਾ ਹਿੰਦੂ ਦਾ, ਨਾ ਮੁਸਲਮਾਨ ਦਾ, ਨਾ ਸਿੱਖ ਦਾ। ਸਾਰੀ ਜਨਤਾ ਨੂੰ ਅਸੀਂ ਇਕ ਨਜ਼ਰ ਨਾਲ ਦੇਖਦੇ ਹਾਂ। ਕਿਉਂਕਿ ਜਹਾਂਗੀਰ ਨੂੰ ਬਹੁਤ ਭਖਾਇਆ ਹੋਇਆ ਸੀ। ਇਸਨੇ ਕਿਹਾ ਕਿ ਮੈਂ ਨਹੀਂ ਜਾਣਦਾ, ਮੇਰੇ ਕੋਲ ਸਮਾਂ ਨਹੀਂ ਹੈ ਤਾਇਕੀਕਾਤ ਕਰਨ ਦਾ ਤੇ ਢਾਈ ਲੱਖ ਆਪ ਨੂੰ ਜ਼ੁਰਮਾਨਾ ਇਹ ਭਰੋ, ਨਹੀਂ ਤਾਂ ਦੀਨ-ਏ-ਇਸਲਾਮ ਕਬੂਲ ਕਰ ਲਓ। ਮਹਾਰਾਜ ਜੀ ਨੇ ਕਿਹਾ ਕਿ ਠੀਕ ਹੈ, ਮਾਰਨ, ਜੀਵਾਲਣ ਵਾਲਾ ਤਾਂ ਪ੍ਰਭੂ ਹੈ। ਜੇ ਉਹਨੂੰ ਭਾਉਂਦਾ ਹੈ ਤਾਂ ਮਾਰੇਗਾ, ਨਹੀਂ ਭਾਉਂਦਾ ਤਾਂ ਨਹੀਂ ਮਾਰੇਗਾ।

ਉਸ ਤੋਂ ਬਾਅਦ ਜਹਾਂਗੀਰ ਚਲਿਆ ਗਿਆ। ਚੰਦੂ ਕੋਲ ਸੀ, ਕਹਿਣ ਲੱਗਿਆ ਬਾਦਸ਼ਾਹ ਸਲਾਮਤ! ਜੇ ਆਗਿਆ ਹੋਵੇ ਤਾਂ ਮੈਂ ਦੋ ਚਾਰ ਦਿਨ ਠਹਿਰ ਜਾਵਾਂ, ਮੈਂ ਤੁਹਾਨੂੰ ਛੇਤੀ ਮਿਲਾਂਗਾ। ਜੁਰਮਾਨਾ ਏਸ ਨੇ ਐਸ ਤਰ੍ਹਾਂ ਨਹੀਂ ਦੇਣਾ। ਸਾਡੇ ਖਤਰੀ ਭਰਾ ਨੇ ਅਸੀਂ ਜਾਣਦੇ ਹਾਂ ਕਿ ਪੈਸਾ ਕਿਵੇਂ ਕੱਢੀਦਾ ਹੁੰਦਾ ਹੈ। ਤੁਸੀਂ ਮੇਰੇ ਹਵਾਲੇ ਕਰ ਦਿਓ ਤੇ ਮੈਂ ਪੰਜ ਚਾਰ ਦਿਨ 'ਚ ਆਇਆ ਸਮਝ। ਛੁਟੀ ਮਿਲ ਗਈ ਏਸਨੂੰ ਤੇ ਲਾਲ ਹਵੇਲੀ ਸੀ ਜਿੱਥੇ ਜਾ ਕੇ ਮਹਾਰਾਜ ਜੀ ਨੂੰ ਕੈਦ ਕਰਕੇ, ਪੰਜਾਂ ਸਿੱਖਾ ਸਮੇਤ, ਪੰਜ ਸਿੱਖ ਜਿਹੜੇ ਸੀ ਉਹ ਕਮਰੇ 'ਚ ਬੰਦ ਕਰ ਦਿਤੇ ਤੇ ਮਹਾਰਾਜ ਜੀ ਨੂੰ ਲਿਜਾ ਕੇ ਥੱਲੇ ਬਿਠਾ ਦਿਤਾ। ਪ੍ਰਸੰਨ ਚਿੱਤ ਨੇ ਆਪ, ਕੋਈ ਦਿਲ ਦੇ ਅੰਦਰ ਸ਼ਿਕਵਾ ਨਹੀਂ। ਅਕਾਲ ਪੁਰਖ ਦਾ ਧੰਨਵਾਦ ਕਰਦੇ ਨੇ ਕਿ ਪਾਤਸ਼ਾਹ! ਜਿਥੇ ਬਿਠਾਉਂਦਾ ਹੈਂ, ਓਹੀ ਸਵਰਗ ਹੈ।

***ਜਹ ਬੈਸਾਲਹਿ ਤਹ ਬੈਸਾ ਸੁਆਮੀ***
***ਜਹ ਭੇਜਹਿ ਤਹ ਜਾਵਾ ॥***
***ਸਭ ਨਗਰੀ ਮਹਿ ਏਕੋ ਰਾਜਾ ॥***
***ਸਭੇ ਪਵਿਤੁ ਹਹਿ ਥਾਵਾ ॥*** ***ਅੰਗ - ੯੯੩***

ਤੇਰੀਆਂ ਥਾਵਾਂ ਸਾਰੀਆਂ ਹੀ ਪਵਿੱਤਰ ਨੇ, ਸੋ ਉਸ ਵੇਲੇ ਚੰਦੂ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ ਕਿ ਤੈਨੂੰ ਪਤਾ ਹੈ ਕਿ ਹੁਣ ਤੂੰ ਕੀਹਦੇ ਹੱਥ ਵਿਚ ਆ ਗਿਆ। ਅੱਜ ਤਾਈ ਤਾਂ ਬਚੀ ਗਿਆ। ਹੁਣ ਨਹੀਂ ਮੈਂ ਜਾਣ ਦੇਣਾ। ਹੁਣ ਤਾਂ ਜੇ ਛੁਟਣਾ ਹੈ ਤਾਂ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਕਰ ਲੈ। ਮਹਾਰਾਜ ਕਹਿੰਦੇ ਕਿਉਂ ਐਸ ਤਰ੍ਹਾਂ ਦੇ ਡਰਾਬੇ ਦਿੰਦਾ ਹੈਂ। ਇਹ ਜਿਹੜੀ ਮੌਤ ਦਾ ਤੂੰ ਡਰਾਵਾ ਦਿੰਦਾ ਹੈ, ਸੰਤਾਂ ਵਾਸਤੇ ਮੌਤ ਕੋਈ ਚੀਜ਼ ਨਹੀਂ ਹੈ -

***ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***
***ਅੰਗ - ੧੩੬੫***

***ਕਬੀਰ ਸੰਤ ਮੂਏ ਕਿਆ ਰੋਈਐ***
***ਜੋ ਅਪੁਨੇ ਗ੍ਰਿਹਿ ਜਾਇ ॥***
***ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ ॥***
***ਅੰਗ - ੧੩੬੫***

ਕਹਿਣ ਲੱਗੇ, ਮੌਤ ਦੀ ਧਮਕੀ ਦੇ ਨਾਲ ਡਰਾਉਣਾ ਚਾਹੁੰਦਾ ਹੈਂ। ਮੌਤ ਹਿਆਤ ਹੈ ਤੂੰ ਜੋ ਕੁੱਛ ਕਰਨਾ ਹੈ ਕਰ ਲੈ। ਠੀਕ ਹੈ ਤੇਰੀ ਇਹ ਗੱਲ ਸਾਨੂੰ ਕੋਈ ਵੀ ਪ੍ਰਵਾਨ ਨਹੀਂ। ਨਾ ਰਿਸ਼ਤਾ ਲੈਣਾ ਹੈ ਕਿਉਂਕਿ ਤੂੰ ਉੱਚਾ ਬਨਿਆ ਸੀ। ਕਹਿੰਦਾ, ਤੁਸੀਂ ਮੈਨੂੰ ਕੁੱਤਾ ਕਿਹਾ ਸੀ, ਆਪੇ ਹੀ ਕਹਿਣ ਲੱਗ ਗਿਆ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਕਿਹਾ ਹੈ, ਇਹੋ ਜਿਹੇ ਫਿੱਕੇ ਬੋਲ ਅਸੀਂ ਨਹੀਂ ਬੋਲਦੇ। ਹਾਂ, ਜੇ ਕਿਸੇ ਗੁਰਸਿੱਖ ਨੇ ਕਹਿ ਦਿਤਾ ਹੋਵੇ, ਤਾਂ ਸਿੱਖ ਦਾ ਤੇ ਗੁਰੂ ਦਾ ਕੋਈ ਭੇਤ ਨਹੀਂ

ਹੁੰਦਾ, ਸਮਝ ਲੈ ਫੇਰ ਅਸੀਂਓਂ ਕਿਹਾ ਹੈ ਤੇ ਤੇਰੇ ਕੰਮ ਵੀ ਇਹੋ ਜਿਹੇ ਨੇ ਕੁੱਤਿਆਂ ਵਾਲੇ। ਤਲਮਿਲਾ ਗਿਆ, ਕਹਿਣ ਲੱਗਿਆ ਅਜੇ ਮੌਕਾ ਹੈ ਪਤਾ ਨਹੀਂ ਤੁਹਾਨੂੰ ਮੈਂ ਕੀ ਕਰ ਦੇਵਾਂ। ਸੋ ਉਸ ਵੇਲੇ ਹੁਕਮ ਕਰ ਦਿਤਾ ਕਿ ਨਾ ਇਨ੍ਹਾਂ ਨੂੰ ਪਾਣੀ ਦੇਣਾ ਹੈ, ਨਾ ਰੋਟੀ ਦੇਣੀ ਹੈ, ਨਾ ਬੈਠਣ ਦੇਣਾ ਹੈ। ਖੜ੍ਹੇ ਰੱਖਣਾ ਹੈ। ਜੇ ਕਹੇ ਪਾਣੀ ਲੈਣਾ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਪਾਣੀ ਦਾ ਗਿਲਾਸ ਦੇਣਾ ਹੈ। ਜੇ ਕਹਿਣ ਮੈਨੂੰ ਭੁੱਖ ਲੱਗੀ ਹੋਈ ਹੈ ਤਾਂ ਇਕ ਲੱਖ ਰੁਪਿਆ ਲੈ ਕੇ ਰੋਟੀ ਦਿਓ। ਜੇ ਕਹਿਣ ਕਿ ਮੈਂ ਲੇਟ ਜਾਵਾਂ ਤਾਂ ਇਕ ਲੱਖ ਰੁਪਿਆ ਲੇਟਣ ਦਾ। ਪੰਜੇ ਸਿੱਖ ਦੇਖਦੇ ਨੇ। ਬਹੁਤ ਕੁਛ ਆਉਂਦਾ ਹੈ ਮਨ ਵਿਚ। ਸਾਰੀ ਰਾਤ ਮਹਾਰਾਜ ਜੀ ਨੇ ਤਕਲੀਫ ਦੀ ਕੱਟੀ। ਦੂਸਰੇ ਦਿਨ ਫੇਰ ਆ ਗਏ। ਫੇਰ ਆ ਕੇ ਕਹਿਣ ਲੱਗਿਆ ਕਿ ਕੁਛ ਸੋਚਿਆ। ਮਹਾਰਾਜ ਕਹਿੰਦੇ, ਕੀ ਸੋਚਣਾ ਸੀ, ਅਸੀਂ ਸੋਚੀ ਹੋਈ ਹੈ ਜਿਹੜੀ ਗੱਲ ਸੋਚਣੀ ਸੀ। ਤੈਨੂੰ ਇਕ ਵਾਰੀ ਕਹਿ ਦਿਤਾ ਬਾਰ-ਬਾਰ ਕੀ ਗੱਲਾਂ ਕਰੀ ਜਾਂਦਾ ਹੈ ਤੂੰ ਗੱਲਾਂ। ਡਰਦੇ ਨਹੀਂ ਹਨ ਆਪ।

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥***

***ਅੰਗ - ੮੪***

ਡਰਦਾ ਸੰਸਾਰ ਹੁੰਦਾ ਹੈ, ਸਤਿਪੁਰਸ਼ਾਂ ਨੂੰ ਕਿਸੇ ਦਾ ਡਰ ਨਹੀਂ ਹੁੰਦਾ। ਕਿਉਂਕਿ ਨਿਰਭਉ ਦੀ ਪੂਜਾ ਕਰਕੇ ਨਿਰਭਉ ਹੋ ਗਏ ਹੁੰਦੇ ਨੇ। ਮੌਤ ਉਨ੍ਹਾਂ ਵਾਸਤੇ ਕੋਈ ਚੀਜ਼ ਨਹੀਂ ਹੁੰਦੀ, ਮਰਦਾ ਸੰਸਾਰ ਹੈ। ਸਤਿਪੁਰਸ਼ ਨਹੀਂ ਮਰਿਆ ਕਰਦੇ। ਉਹ ਤਾਂ ਸਦਾ-ਸਦਾ ਜੀਵਨ ਪ੍ਰਾਪਤ ਕਰਕੇ ਜੀਉਂਦੇ ਰਹਿੰਦੇ ਹਨ।

***ਧਾਰਨਾ - ਸਦਾ ਸਦਾ ਜਗ ਜੀਉਂਦੇ,***
***ਬ੍ਰਹਮਗਿਆਨੀ-ਬ੍ਰਹਮਗਿਆਨੀ***

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ - ੨੭੩***

ਮੌਤ ਦਾ ਡਰ ਕਿਸੇ ਹੋਰ ਨੂੰ ਦੇਈਂ। ਤੂੰ ਜਿਹੜਾ ਕੁਛ ਤੇਰੇ ਚਿੱਤ 'ਚ ਆਉਂਦਾ ਹੈ ਕਰ ਲੈ। ਬਾਰ-ਬਾਰ ਨਾ ਸਾਨੂੰ ਕਹਿ। ਕਹਿਣ ਲੱਗਿਆ, ਠੀਕ ਹੈ। ਉਸ ਵੇਲੇ ਦੇਗਾ ਮੰਗਾ ਲਿਆ ਵੱਡਾ। ਪਾਣੀ ਉਬਾਲਣਾ ਸ਼ੁਰੂ ਕਰ ਦਿਤਾ। ਜਦੋਂ ਉਬਾਲੇ ਖਾਂਦਾ ਹੈ ਤਾਂ ਕਹਿੰਦਾ ਦੇਖ ਲਓ ਇਹਦੇ ਵਿਚ ਉਬਾਲਾਂਗਾ, ਅਜੇ ਵੀ ਸੋਚ ਲਓ। ਮਹਾਰਾਜ ਜੀ ਕਹਿੰਦੇ ਜੋ ਕੁਛ ਕਰਨਾ ਹੈ ਕਰ ਲੈ।

ਕਹਿਣ ਲੱਗਿਆ ਕਿ ਇਹਦੇ 'ਚ ਬਹਿ ਜਾਓ। ਮਹਾਰਾਜ ਜੀ 'ਸਤਿ.......ਨਾਮੁ ਵਾਹਿਗੁਰੂ ਕਹਿ ਕੇ। ਮੂਲ ਮੰਤ੍ਰ ਦਾ ਪਾਠ ਕਰਿਆ -

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਐਨਾ ਕਹਿ ਕੇ ਐਉਂ ਬੈਠ ਗਏ ਜਿਵੇਂ ਸੀਤਲ ਜਲ 'ਚ ਬੈਠਦੇ ਨੇ। ਅਸਮਾਨ ਕੰਬ ਗਿਆ ਸਾਰਾ ਸਾਧਸੰਗਤ ਜੀ। ਦੇਵੀ ਦੇਵਤੇ ਹਾਜ਼ਰ ਹੋ ਗਏ, ਪਾਤਸ਼ਾਹ! ਐਡੇ ਸਮਰੱਥ ਹੋ ਕੇ ਸਾਰੀ ਸ੍ਰਿਸ਼ਟੀ ਨੂੰ ਇਕ ਨਿਗ੍ਹਾ ਦੇ ਨਾਲ ਖਤਮ ਕਰ ਦਿਓ ਤੇ ਤੁਸੀਂ ਆਪ ਐਨੀਆਂ ਤਕਲੀਫਾਂ ਸਹਿ ਰਹੇ ਓਂ। ਕ੍ਰਿਪਾ ਕਰੋ। ਇਹ ਸਬਰ ਹੁੰਦਾ ਹੈ ਸਾਧਸੰਗਤ ਜੀ, ਜਿਸ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਰੁੱਖਾਂ ਵਰਗਾ ਜੇਰਾ***
***ਪਿਆਰੇ ਲੋੜੀਦੈ ਦਰਵੇਸਾਂ ਨੂੰ।***

***ਫਰੀਦਾ ਸਾਹਿਬ ਕੀ ਕਰਿ ਚਾਕਰੀ***
***ਦਿਲ ਹੀ ਲਾਹਿ ਭਰਾਂਦਿ ॥***
***ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥ ਅੰਗ - ੧੩੮੧***

ਕੋਈ ਟਾਹਣੇ ਕੱਟੀ ਜਾਂਦਾ ਹੈ, ਕੋਈ ਇੱਟਾਂ ਮਾਰੀ ਜਾਂਦਾ ਹੈ, ਪਰ ਫੇਰ ਵੀ ਫਲ ਸਿੱਟ ਦਿੰਦੇ ਨੇ। ਐਹੋ ਜਿਹਾ ਜਿਗਰਾ ਕਹਿੰਦੇ ਦਰਵੇਸ ਨੂੰ ਚਾਹੀਦਾ ਹੈ। ਕਿਉਂਕਿ ਸਬਰ ਤੋਂ ਬਿਨਾਂ ਦਰਵੇਸ ਦਾ ਕੰਮ ਨਹੀਂ ਚਲਿਆ ਕਰਦਾ।

ਸੋ ਓਧਰਲੇ ਪਾਸੇ ਭਾਈ ਪ੍ਰਾਣਾ, ਦੇਖ ਰਿਹਾ ਹੈ ਕਿ ਸੱਚੇ ਪਾਤਸ਼ਾਹ! ਹੁਕਮ ਦਿਓ, ਦੋਵੇਂ ਬਾਹਾਂ ਚੁੱਕ ਲਈਆਂ ਕਿ ਲਾਹੌਰ ਤੇ ਦਿੱਲੀ ਗਰਕ ਕਰ ਦਿੰਦਾ ਹਾਂ। ਮਹਾਰਾਜ ਜੀ ਕਹਿੰਦੇ, ਭਾਈ ਪ੍ਰਾਣਾ ਆਹ ਸ਼ਕਤੀ ਨੂੰ ਜਰ, ਕਿੱਥੋਂ ਮਿਲੀ ਹੈ ਤੈਨੂੰ? ਸਾਧਸੰਗਤ ਜੀ ਸੇਵਾ 'ਚੋਂ ਮਿਲੀ ਹੈ, ਗੁਰੂਆਂ ਦੀ ਸੇਵਾ 'ਚੋਂ ਮਿਲੀ ਹੈ। ਜਿਹਨੂੰ ਤੂੰ ਕਹਿ ਰਿਹਾ ਹੈਂ ਉਹਦੇ ਵਿਚ ਕਿੰਨੀ ਕੁ ਸ਼ਕਤੀ ਹੋਵੇਗੀ ਇਹ ਸੋਚ। ਜਰ, ਜਰਨਾ ਹੀ ਵੱਡੀ ਸ਼ਕਤੀ ਹੈ।

ਭਾਈ ਪ੍ਰਾਣਾ ਕਹਿਣ ਲੱਗਿਆ, ਪਾਤਸ਼ਾਹ! ਮੈਂ ਸਹਿ ਨਹੀਂ ਸਕਦਾ। ਮੇਰੇ ਤੋਂ ਦੇਖ ਨਹੀਂ ਹੁੰਦਾ, ਤੁਸੀਂ ਐਸਾ ਭਾਣਾ ਕਿਉਂ ਵਰਤਾ ਰਹੇ ਹਓਂ। ਕਹਿੰਦੇ ਭਾਈ, ਪ੍ਰਾਣਾ ਬਚਨ ਹੋਏ-ਹੋਏ ਨੇ ਕਈ, ਅਸੀਂ ਉਹ ਪੂਰੇ ਕਰ ਰਹੇ ਹਾਂ। ਜਦੋਂ ਗੁਰਿਆਈ ਮੰਗੀ ਸੀ, ਮਾਤਾ ਜੀ ਨੇ ਕਿਹਾ ਸੀ ਕਿ ਘਰ 'ਚ ਰਹੇ, ਉਸ ਵੇਲੇ ਦਾਦਾ ਗੁਰੂ ਜੀ, ਗੁਰੂ ਅਮਰਦਾਸ ਜੀ ਨੇ ਕਿਹਾ ਸੀ ਕਿ ਚਲਦੀ

ਰਾਉ ਜਿਹੜੀ ਹੈ ਤੁਸੀਂ ਰੋਕ ਲਈ, ਘਰ ਵਿਚ ਕਲੇਸ਼ ਤੇ ਕਸ਼ਟ ਆਏਗਾ, ਤੁਸੀਂ ਦੇਖੋਂਗੇ। ਫੇਰ ਉਹ ਹੋਣਾ ਹੀ ਹੈ।

ਹੋਰ ਵੀ ਕਈਆਂ ਥਾਵਾਂ ਤੇ ਬਾਬਾ ਸ੍ਰੀ ਚੰਦ ਜੀ ਨੇ ਭੇਜਿਆ। ਭਾਈ ਕਮਲੀਏ ਜਦੋਂ ਗੁਰੂ ਅਰਜਨ ਸਾਹਿਬ ਨੂੰ ਕਿਹਾ ਕਿ ਅਸੀਂ ਹੁਣ ਪੰਜ ਸੌ ਰੁਪਈਏ ਨਹੀਂ ਲਿਆ ਕਰਾਂਗੇ, ਹਜ਼ਾਰ ਲਿਆ ਕਰਾਂਗੇ ਨਾਲ ਘੋੜਾ ਲਿਆ ਕਰਾਂਗਾ। ਮਹਾਰਾਜ ਜੀ ਕੋਲ ਆ ਕੇ ਕਿਹਾ ਕਿ ਪੰਜ ਸੌ ਰੁਪਿਆ ਨਹੀਂ ਹੁਣ ਹਜ਼ਾਰ ਰੁਪਿਆ ਦਿਆ ਕਰੋ। ਖਰਚੇ ਵਧ ਗਏ ਨੇ, ਨਾਲ ਇਕ ਘੋੜਾ ਦੇ ਦਿਓ। ਮਹਾਰਾਜ ਜੀ ਕਹਿੰਦੇ, ਹਜ਼ਾਰ ਰੁਪਿਆ ਵੀ ਤੇ ਘੋੜਾ ਵੀ ਮਿਲ ਜਾਏਗਾ। ਜਾ ਕੇ ਤੁਸੀਂ ਪ੍ਰਸ਼ਾਦਾ ਛਕੋ। ਬੈਠੋ, ਕਹਿੰਦੇ ਮੈਨੂੰ ਬੈਠਣ ਦਾ ਹੁਕਮ ਨਹੀਂ ਹੈ, ਖੜ੍ਹਾ ਹੀ ਰਹਿਣਾ ਹੈ ਖੜ੍ਹ ਕੇ ਲੈ ਕੇ ਜਾਵਾਂਗਾ। ਮਹਾਰਾਜ ਜੀ ਕਹਿੰਦੇ ਕੋਈ ਨਾ ਪ੍ਰਸ਼ਾਦਾ ਛਕ ਲਓ। ਉਥੇ ਮਾਤਾ ਗੰਗਾ ਜੀ ਲੰਗਰ ਵਰਤਾ ਰਹੇ ਨੇ। ਭੀੜ ਹੈ ਥੋੜ੍ਹੀ, ਭਾਈ ਕਮਲੀਏ ਨੇ ਕਿਹਾ ਮਾਤਾ ਜੀ! ਮੈਨੂੰ ਪ੍ਰਸ਼ਾਦਾ ਦਿਓ। ਕਹਿੰਦੇ, ਤੂੰ ਬੈਠ ਜਾ। ਕਹਿੰਦਾ, ਬੈਠਣ ਦਾ ਹੁਕਮ ਨਹੀਂ, ਕੋਲ ਦੀ ਲੰਘ ਗਏ। ਦੂਜੀ ਵਾਰ ਫੇਰ ਆਏ ਕੋਲ ਦੀ, ਇਸਨੇ ਫੇਰ ਕਿਹਾ ਕਿ ਮੈਨੂੰ ਪ੍ਰਸ਼ਾਦਾ ਦੇ ਦਿਓ ਤੇ ਮੈਨੂੰ ਬੈਠਣ ਦਾ ਹੁਕਮ ਨਹੀਂ। ਨਾਲ ਪ੍ਰਸ਼ਾਦੇ ਦੇ ਦਿਤੇ, ਹਜ਼ਾਰ ਰੁਪਿਆ ਤੇ ਘੋੜਾ ਦੇ ਕੇ ਮਹਾਰਾਜ ਜੀ ਨੇ ਜਦੋਂ ਸੇਵਾਦਾਰ ਨਾਲ ਭੇਜ ਦਿਤਾ। ਤਾਂ ਬਾਬਾ ਸ੍ਰੀ ਚੰਦ ਜੀ ਉਦੋਂ ਬਾਠੀਂ ਰਹਿੰਦੇ ਸੀ, ਉਥੇ ਜਾ ਕੇ ਕਹਿੰਦੇ ਰੁਪਈਆ ਗਿਣ ਲਓ ਭਾਈ, ਖਜ਼ਾਨੇ ਦਾਖਲ ਕਰ ਲਓ। ਰੁਪਈਆ ਗਿਣ ਲਿਆ। ਪੁਛਿਆ ਕਿ ਭਾਈ ਕਮਲੀਆ! ਗੁਰੂ ਅਰਜਨ ਦੇ ਮੁਖ ਤੇ ਕੋਈ ਮਲਾਲ ਤਾਂ ਨਹੀਂ ਸੀ ਆਇਆ, ਜਦੋਂ ਤੂੰ ਕਿਹਾ ਸੀ? ਕਹਿੰਦਾ ਨਾ ਮਹਾਰਾਜ! ਉਹ ਤਾਂ ਖਿੜੇ ਰਹੇ। ਫੇਰ ਤੂੰ ਬੈਠਿਆ ਤਾਂ ਨਹੀਂ ਹੈ? ਕਹਿੰਦਾ, ਮਹਾਰਾਜ ਮੈਂ ਤਾਂ ਪ੍ਰਸ਼ਾਦਾ ਛਕਣ ਵੇਲੇ ਵੀ ਨਹੀਂ ਬੈਠਿਆ। ਮਾਤਾ ਜੀ ਨੇ ਮੈਨੂੰ ਕਿਹਾ ਕਿ ਤੂੰ ਪੰਗਤ 'ਚ ਬੈਠ ਕੇ ਪ੍ਰਸ਼ਾਦਾ ਕਿਉਂ ਨਹੀਂ ਛਕਦਾ? ਇਹ ਗੱਲ ਕਹਿ ਦਿਤੀ ਉਨ੍ਹਾਂ ਨੇ, ਪ੍ਰਸ਼ਾਦਾ ਵੀ ਦੇ ਦਿਤਾ ਦੋ ਤਿੰਨ ਵਾਰੀ ਤੋਂ ਬਾਅਦ, ਤੇ ਨਾਲ ਇਹ ਕਹਿ ਦਿਤਾ ਕਿ ਐਉਂ ਪ੍ਰਸ਼ਾਦਾ ਮੰਗਦਾ ਹੈ ਜਿਵੇਂ ਅਹਦੀਏ ਮੰਗਦੇ ਹੁੰਦੇ ਨੇ। ਕਹਿੰਦੇ, ਇਹ ਤਾਂ ਹੁਣ ਪਤਾ ਨਹੀਂ ਗੁਰੂ ਘਰ 'ਚ ਹੁਣ ਵਾਰੰਟ ਹੀ ਆਇਆ ਕਰਨਗੇ। ਬਚਨ ਕਰ ਦਿਤਾ। ਮਹਾਰਾਜ ਕਹਿੰਦੇ, ਇਹ ਉਨ੍ਹਾਂ ਦਾ ਬਚਨ ਹੈ ਬਾਬਾ ਜੀ ਦਾ।

ਸੋ ਇਹ ਵੀ ਅਸੀਂ ਪੂਰਾ ਕਰਨਾ ਹੈ ਭਾਈ ਪ੍ਰਾਣੇ। ਗੁਰਸਿੱਖੋ, ਇਹ ਅਸੀਂ ਆਪਣੀ ਮੌਜ ਨਾਲ ਹੀ ਭਾਣਾ ਵਰਤਾ ਰਹੇ ਹਾਂ। ਨਹੀਂ, ਕਿਸੇ ਦੀ ਤਾਕਤ ਨਹੀਂ ਕਿ ਕੁਛ ਕਰ ਲਏ। ਜੇ ਗੁਰਸਿੱਖਾਂ 'ਚ ਐਨੀ-ਐਨੀ ਤਾਕਤ ਹੈ।

ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੂੰ ਹੁਣ ਦੇਗੇ ਵਿਚੋਂ ਬਾਹਰ ਕੱਢ ਦਿਤਾ ਤੇ ਕਹਿ ਦਿਤਾ ਕਿ ਹੁਣ ਸੋਚ ਲਓ, ਕੱਲ੍ਹ ਨੂੰ ਇਸ ਤੋਂ ਵੀ ਸਖਤ ਸਜ਼ਾ ਮਿਲੇਗੀ। ਰਾਤ ਨੂੰ ਗੋਰਖ ਆ ਗਿਆ, ਸਾਰੇ ਸਿਪਾਹੀ ਸੁਲਾ ਦਿਤੇ। ਪਾਤਸ਼ਾਹ! ਐਡਾ ਵੱਡਾ ਭਾਣਾ ਵਰਤਾਉਣ ਲੱਗੇ ਓਂ, ਸੰਤਾਂ ਦੀ ਬੇਇਜ਼ਤੀ ਕਰਿਆ ਕਰੂ ਸੰਸਾਰ, ਤਾਕਤ ਕਿਉਂ ਨਹੀਂ ਵਰਤਦੇ? ਤੁਹਾਡੇ ਵਿਚ ਤਾਂ ਐਨੀ ਤਾਕਤ ਹੈ ਕਿ ਅੰਦਾਜ਼ਾ ਹੀ ਨਹੀਂ ਹੈ। ਸਭ ਪੀਰ, ਫਕੀਰ, ਦੇਵੀ, ਦੇਵਤਾ ਡਰਦੇ ਨੇ, ਐਨੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਆਪ ਸ਼ਕਤੀ ਨਹੀਂ ਦਿਖਾਉਂਦੇ। ਕਹਿੰਦੇ, ਨਹੀਂ ਸ਼ਕਤੀ ਨਹੀਂ ਦਿਖਾਉਣੀ। ਕੁਦਰਤੀ ਤੌਰ ਤੇ ਹੁਕਮ ਹੀ ਮੇਰੇ ਵਾਸਤੇ ਐਹੋ ਜਿਹਾ ਹੈ। ਇਹ ਕੌਮ ਦੇ ਵਿਚ ਜ਼ਿੰਦਗੀ ਭਰਨੀ ਹੈ ਅਸੀਂ ਟੀਕਾ ਲਾਉਣਾ ਹੈ ਅਸੀਂ, ਸ਼ਕਤੀਆਂ ਦਿਖਾ ਦੇਵਾਂਗੇ। ਕੱਲ੍ਹ ਇਹਨੇ ਕੁਰਬਾਨੀ ਨਹੀਂ ਦੇਣੀ। ਸ਼ਕਤੀਆਂ ਗੁਰਸਿੱਖਾਂ ਵਿਚ ਨੇ, ਗੁਰਸਿੱਖਾਂ ਦੇ ਕੁੱਤਿਆਂ ਵਿਚ ਵੀ ਸ਼ਕਤੀਆਂ ਨੇ। ਸ਼ਕਤੀਆਂ ਦਾ ਕਿਤੇ ਘਾਟਾ ਹੈ ਗੁਰੂ ਘਰ ਦੇ ਵਿਚ? ਕਿੰਨੇ ਕੁ ਮਹਾਤਮਾ ਦੀ ਬੇਨਤੀ ਕਰੀਏ।

ਆਹ ਨਾਮਧਾਰੀ ਸੰਤ ਮੋਹਨ ਜੀ ਹੋਏ ਨੇ, ਗੁਰਦਾਸਪੁਰ ਖੜ੍ਹੇ ਸੀ। ਬਾਬਾ ਪ੍ਰਤਾਪ ਸਿੰਘ ਜੀ ਆਉਂਦੇ ਨੇ, ਕਹਿੰਦੇ ਮੈਨੂੰ ਭੈਣੀ ਸਾਹਿਬ ਲੈ ਚੱਲੋ। ਕਹਿੰਦੇ, ਥਾਉਂ ਨਹੀਂ ਹੈ ਸੰਤ ਜੀ। ਕਹਿੰਦੇ, ਚੰਗਾ। ਜਦੋਂ ਇਥੇ ਭੈਣੀ ਸਾਹਿਬ ਆਏ, ਤਿੰਨ ਘੰਟੇ ਹੋ ਗਏ ਦੀਵਾਨ ਲੱਗੇ ਨੂੰ। ਕਹਿੰਦੇ, ਇਹ ਕਦੋਂ ਆ ਗਿਆ, ਇਹ ਤਾਂ ਬੜੀ ਦੇਰ ਹੋ ਗਈ ਤਿੰਨ ਘੰਟੇ ਦਾ ਦੀਵਾਨ ਲਾਈਂ ਖੜ੍ਹਾ ਹੈ। ਬੁਲਾ ਲਿਆ, ਡੰਡੇ ਨਾਲ ਕੁੱਟਣ ਲੱਗ ਗਏ। ਕਹਿੰਦੇ, ਸਤਿਗੁਰੂ! ਤੁਸੀਂ ਮਾਰਦੇ ਕਿਉਂ ਹੋ? ਕਹਿੰਦੇ, ਤੇਰੀ ਸ਼ਕਤੀ ਲਾਉਂਦੇ ਹਾਂ। ਸਾਨੂੰ ਹੀ ਸ਼ਕਤੀਆਂ ਦਿਖਾਉਂਦਾ ਹੈਂ।

ਸੰਤ ਮਨੀ ਸਿੰਘ ਜੀ ਦਿਆਲਪੁਰ ਵਾਲੇ, ਮਸਤੂਆਣੇ ਤੋਂ ਕੋਈ ਸੰਗਤ ਦਿਆਲਪੁਰੇ ਗਈ, ਆਪ

ਬਾਹਰ ਬੈਠੇ ਸੀ ਰੋਹੀ ਤੇ। ਕਹਿੰਦੇ, ਹੁਣ ਤੁਹਾਡੀ ਖਾਤਰ ਕੀ ਕਰੀਏ। ਸੇਵਾਦਾਰ ਜੋ ਗੜਵੱਈ ਸੀ ਉਹਨੂੰ ਕਹਿੰਦੇ ਐਉਂ ਕਰ, ਚਾਦਰ ਵਿਛਾ ਲੈ, ਆਹ ਟਾਹਣੇ ਨੂੰ ਹਲੂਣਾ ਦੇਹ, ਜਲੇਬੀਆਂ, ਬਰਫੀਆਂ, ਲੱਡੂ ਜੋ ਮਠਿਆਈ ਚਾਹੀਦੀ ਹੈ, ਝਾੜ ਲੈ। ਭਰ ਕੇ ਲਿਆਏ ਮਠਿਆਈ। ਸਾਰੀ ਸੰਗਤ ਨੂੰ ਛਕਾਈ ਬੜੇ ਪ੍ਰਸੰਨ ਹੋਏ। ਜਾ ਕੇ ਬਾਬਾ ਜੀ ਨੂੰ ਦੱਸਿਆ। ਬਾਬਾ ਜੀ ਨੇ ਪੁੱਛਿਆ ਕਿ ਤੁਹਾਡੀ ਸੇਵਾ ਹੋਈ। ਕਹਿੰਦੇ ਮਹਾਰਾਜ ਸੇਵਾ? ਇਕ ਦਰਖਤ ਦਾ ਟਾਹਣਾ ਹੀ ਹਿਲਾਈ ਗਏ ਨੇ, ਉਹਦੇ ਵਿਚੋਂ ਬਰਫੀਆਂ ਝੜ-ਝੜ ਕੇ, ਲੱਡੂ ਜਲੇਬੀਆਂ, ਬੇਅੰਤ ਕਿਸਮ ਦੀਆਂ ਮਠਿਆਈਆਂ ਝੜ ਰਹੀਆਂ ਸੀ। ਬਾਬਾ ਜੀ ਕੋਲ ਸੰਤ ਮਨੀ ਸਿੰਘ ਓਹਨੀਂ ਆਏ ਡੰਡੇ ਨਾਲ ਕੁੱਟਣ ਲੱਗ ਗਏ, ਕਹਿੰਦੇ ਤੂੰ ਸ਼ਕਤੀਆਂ ਦਿਖਾਉਣ ਲੱਗ ਗਿਆ, ਇਥੇ ਕਿਹੜਾ ਹੈ ਜਿਹਦੇ 'ਚ ਸ਼ਕਤੀ ਨਹੀਂ ਹੈ।

ਸੋ ਮਹਾਰਾਜ ਕਹਿੰਦੇ ਪ੍ਰੇਮੀਓਂ! ਸ਼ਕਤੀਆਂ ਨਾ ਦਿਖਾਓ। ਮਹਾਰਾਜ! ਸੰਤਾਂ ਦਾ ਲੋਕ ਨਿਰਾਦਰ ਕਰਿਆ ਕਰਨਗੇ, ਇਹ ਮੂਰਖ ਲੋਕ ਨੇ ਕਲਜੁਗ ਦੇ ਸਮਝਦੇ ਨਹੀਂ। ਮਹਾਰਾਜ ਕਹਿੰਦੇ, ਨਾ, ਅੱਗੇ ਨੂੰ ਜਿਹੜੇ ਸੰਤ ਆਉਣਗੇ, ਸਹਿ ਲਿਆ ਕਰਨਗੇ। ਜਰਨ ਦੀ ਸ਼ਕਤੀ ਦੇ ਦਿਤੀ। ਗੋਰਖ ਮੁੜ ਗਿਆ।

ਦੂਸਰੇ ਦਿਨ ਤਵੀ ਗਰਮ ਕਰ ਲਈ, ਆਟਾ ਸੁੱਟਿਆ, ਜਦੋਂ ਜਲ ਗਿਆ, ਕਹਿੰਦੇ, ਇਹਦੇ ਉਤੇ ਬੈਠਣਾ ਪਵੇਗਾ, ਅਜੇ ਵੀ ਮੰਨ ਜਾਓ। ਕਹਿੰਦੇ, ਬੈਠੋ। ਮਹਾਰਾਜ ਉਠੇ, ਜਾ ਕੇ ਤਵੀ ਦੇ ਉਪਰ ਚੁੱਪ ਕਰਕੇ ਸਮਾਧੀ ਲਾ ਕੇ ਬੈਠ ਗਏ। ਚਿੜ-ਚਿੜ ਹੋ ਰਿਹਾ ਹੈ ਮਾਸ, ਉਸ ਵੇਲੇ ਮੀਆਂਮੀਰ ਆ ਪਹੁੰਚਿਆ, ਦੋਵੇਂ ਬਾਹਾਂ ਚੁੱਕ ਲਈਆਂ, ਪਾਤਸ਼ਾਹ! ਐਡਾ ਵੱਡਾ ਕਸ਼ਟ। ਆਪ ਨੇ ਕਿਹਾ, ਮੀਆਂ ਮੀਰ ਯਾਦ ਹੈ, ਜਿਸ ਦਿਨ ਜੀਵਨ ਮੁਕਤ ਪੁਰਸ਼ ਦੀ ਆਪ ਨੇ ਅਸਟਪਦੀ ਦੇ ਅਰਥ ਪੁੱਛੇ ਸੀ।

*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥*

*ਅੰਗ - ੨੭੫*

ਸੋ ਸਮ ਅਵਸਥਾ 'ਚ ਰਹਿਣਾ, ਦੁੱਖ ਆ ਜਾਏ -

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ*
*ਕੰਚਨ ਮਾਟੀ ਮਾਨੈ ॥* *ਅੰਗ - ੬੩੩*

ਸੋ ਤੁਸੀਂ ਨਾ ਦੁਖੀ ਹੋਵੇ, ਠੀਕ ਹੈ ਇਹ ਪ੍ਰਮੇਸ਼ਰ ਜੀ ਨੂੰ ਹੀ ਭਾਉਂਦਾ ਹੈ।

***ਧਾਰਨਾ - ਮਿੱਠਾ ਲੱਗੇ, ਮਿੱਠਾ ਲੱਗੇ, ਮਿੱਠਾ ਲਗਦੈ,ਤੇਰਾ ਕੀਆ ਵਾਹਿਗੁਰੂ ਮਿੱਠਾ ਲਗਦਾ।***

ਅਸੀਂ ਉਹਨੂੰ ਕਹਿੰਦੇ ਹਾਂ ਆਪਣੇ ਭਾਣੇ ਵਿਚ ਰੱਖ ਸਾਨੂੰ ਸਦਾ ਹੀ। ਸੋ ਇਹ ਭਾਣੇ ਦੀ ਖੇਡ ਹੋ ਰਹੀ ਹੈ। ਭਾਣੇ ਦਾ ਸਬਕ ਅਸੀਂ ਆਪਣੇ ਉਤੇ ਲਿਆ ਕੇ ਆਉਣ ਵਾਲੇ ਜਿਹੜੇ ਗੁਰਸਿੱਖ ਨੇ ਉਨ੍ਹਾਂ ਨੂੰ ਸਿਖਾ ਰਹੇ ਹਾਂ। ਸੋ ਤੱਤੀ ਤਵੀ ਤੇ ਬਿਠਾ ਦਿੱਤੇ। ਚੌਥਾ ਦਿਨ ਹੋ ਗਿਆ ਤਾਂ ਆਪ ਨੂੰ ਹੋਰ ਇਸ ਤੋਂ ਵੀ ਵੱਧ ਕਸ਼ਟ ਦੇਣ ਵਾਸਤੇ, ਤਵੀ ਦੇ ਉਤੇ ਵੀ ਬਿਠਾ ਦਿਤਾ ਤੇ ਸੀਸ ਵਿਚ ਗਰਮ ਰੇਤਾ ਪਾਉਣਾ ਸ਼ੁਰੂ ਕਰ ਦਿਤਾ। ਹੱਦ ਹੋ ਗਈ, ਜ਼ੁਲਮ ਦੀ ਹੱਦ ਹੋ ਗਈ ਸਾਧਸੰਗਤ ਜੀ। ਸਾਰੇ ਦੇਵਤੇ -

***ਧਾਰਨਾ - ਚੰਦ ਸੂਰਜ ਆਕਾਸ਼ ਸਾਰੇ ਡੋਲ੍ਹ ਗਏ, ਡੋਲਿਆ ਨਾ ਚਿੱਤ ਪਾਪੀ ਦਾ।***

ਵੱਡੇ-ਵੱਡੇ ਮਹਾਂਪਾਪੀ ਸੀ ਉਹ ਵੀ ਡੋਲ ਗਏ ਕਿ ਐਡਾ ਪਾਪ ਇਹ ਕਿੱਥੇ ਥਾਂ ਪਏਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਬੋਲੇ ਹੀ ਨਹੀਂ, ਬੁਲਾਉਣ ਦਾ ਯਤਨ ਕੀਤਾ। ਅਗਲਾ ਦਿਨ ਆ ਗਿਆ, ਸੁਣਾ ਕੇ ਕਹਿਣ ਲੱਗਿਆ ਕਿ ਕੱਲ੍ਹ ਨੂੰ ਗਊ ਦੀਆਂ ਤਾਜ਼ੀਆਂ ਖੱਲ੍ਹਾਂ ਲੈ ਕੇ ਆਇਓ ਉਹਦੇ 'ਚ ਮੜ੍ਹ ਕੇ ਧੁੱਪੇ ਰੱਖਾਂਗੇ, ਫੇਰ ਦੇਖਾਂਗੇ ਕਿ ਬੋਲਦਾ ਹੈ ਕਿ ਨਹੀਂ। ਦੂਸਰਾ ਦਿਨ ਆਇਆ ਤੇ ਮਹਾਰਾਜ ਕੋਲ ਆਇਆ ਕਿ ਅਜੇ ਵੀ ਗੱਲ ਮੰਨ ਲਓ। ਮਹਾਰਾਜ ਕਹਿੰਦੇ, ਇਸ਼ਨਾਨ ਕਰਨਾ ਹੈ, ਪੰਜ ਦਿਨ ਹੋ ਗਏ ਸਾਨੂੰ ਇਸ਼ਨਾਨ ਕੀਤਿਆਂ। ਬਾਕੀ ਤੇਰੀ ਮੌਤ ਦਾ ਸਾਨੂੰ ਕੋਈ ਭਾਉ ਨਹੀਂ ਹੈ। ਖੁਸ਼ ਹੋ ਗਿਆ ਕਿ ਚਲੋ ਬੋਲੇ ਤਾਂ ਸਹੀ, ਹੁਣ ਲਗਦਾ ਹੈ ਮੰਨ ਜਾਣਗੇ।

ਕਈ ਤਾਂ ਇਹ ਕਹਿੰਦੇ ਨੇ ਕਿ ਰਾਵੀ ਦੇ ਵਿਚ ਲਿਜਾ ਕੇ ਗੋਤੇ ਦੇਣੇ ਨੇ। ਪਰ ਬਹੁਤਿਆਂ ਨੂੰ ਪਤਾ ਨਹੀਂ ਕਿ –

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨*

ਇਧਰ ਚੰਦੂ ਦੀ ਨੂੰਹ ਪਹਿਰੇਦਾਰਾਂ ਨੂੰ ਪੈਸੇ ਦੇ ਕੇ, ਕੁਛ ਖਾਣ ਨੂੰ ਕੋਲ ਹੈ ਕਿ ਮਹਾਰਾਜ! ਆਪ ਨੇ ਮੁਖ 'ਚ ਕੁਛ ਨਹੀਂ ਪਾਇਆ, ਮੈਂ ਲੈ ਕੇ ਆਈ ਹਾਂ। ਮਹਾਰਾਜ, ਕਹਿੰਦੇ, ਬੇਟੀ! ਮਨਮੁੱਖ ਦਾ ਅਸੀਂ ਭੋਜਨ ਨਹੀਂ ਖਾਣਾ। ਪਾਤਸ਼ਾਹ! ਮੈਂ ਗੁਰਸਿੱਖ ਦੀ ਧੀ ਇਸ ਪਾਪੀ ਦੇ ਘਰ ਵਿਆਹੀ ਗਈ। ਕਹਿੰਦੇ, ਤੂੰ ਐਉਂ ਕਰ, ਅਸੀਂ ਕੱਲ੍ਹ ਨੂੰ ਚੱਲਣਾ ਹੈ ਸਾਡੇ ਨਾਲ ਹੀ ਚੱਲੀਂ, ਤੈਨੂੰ ਅਸੀਂ ਨਾਲ ਲੈ ਜਾਵਾਂਗੇ, ਜਦ ਅਸੀਂ ਸਰੀਰ ਛੱਡਾਂਗੇ, ਉਸ ਵੇਲੇ ਤੂੰ ਵੀ ਸਰੀਰ ਛੱਡ ਦੇਈਂ।

*ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - ੯੩੨*

ਬੰਦਗੀ ਕਰਨ ਵਾਲੀ ਸੀ। ਸੋ ਦੂਸਰੇ ਦਿਨ ਮਹਾਰਾਜ ਜੀ ਨੇ ਰਾਵੀ ਤੇ ਜਾ ਕੇ ਇਸ਼ਨਾਨ ਕੀਤਾ, ਉਸ ਵੇਲੇ ਆਪ ਨੇ ਬੜੀ ਪ੍ਰਸੰਨਤਾ 'ਚ ਗੁਰਸਿੱਖਾਂ ਨੂੰ ਕਿਹਾ ਕਿ ਤੁਸੀਂ ਗਿਣਤੀ 'ਚ ਨਾ ਆਓ, ਅਸੀਂ ਇਹ ਭਾਣਾ ਆਪਣਾ ਆਪ ਹੀ ਵਰਤਾ ਰਹੇ ਹਾਂ। ਕਿਉਂਕਿ ਅਕਾਲ ਪੁਰਖ ਨੂੰ ਐਵੇਂ ਹੀ ਮਨਜ਼ੂਰ ਸੀ।

***ਧਾਰਨਾ – ਓਹੀਓ ਗੱਲ ਹੁੰਦੀ ਹੈ,***
***ਭਾਉਂਦੀ ਜੋ ਤੈਨੂੰ ਮਾਲਕਾ।***

*ਜੋ ਤੁਧੁ ਭਾਵੈ ਸਾਈ ਭਲੀ ਕਾਰ ॥*
*ਤੂ ਸਦਾ ਸਲਾਮਤਿ ਨਿਰੰਕਾਰ ॥ ਅੰਗ - ੩*

ਇਹ ਅਕਾਲ ਪੁਰਖ ਨੂੰ ਇਵੇਂ ਜਿਵੇਂ ਭਾਉਂਦੀ ਸੀ, ਤੁਸੀਂ ਹੁਣ ਗਿਣਤੀ 'ਚ ਨਾ ਪਵੋ, ਅਸੀਂ ਹੁਣ ਸਰੀਰ ਛੱਡ ਜਾਣਾ ਹੈ ਤੇ ਜਾ ਕੇ ਹਰਿਗੋਬਿੰਦ ਜੀ ਨੂੰ ਗੁਰਿਆਈ ਅਸੀਂ ਦੇ ਆਏ ਹਾਂ। ਉਨ੍ਹਾਂ ਦੇ ਅਨੁਸਾਰੀ ਹੋ ਕੇ ਚੱਲਣਾ ਹੈ, ਡਰਨਾ ਨਹੀਂ ਹੈ। ਬਦਲਾ ਨਹੀਂ ਲੈਣਾ, ਕੋਈ ਐਸੀ ਦੁਰਭਾਵਨਾ ਨਹੀਂ ਲਿਆਉਣੀ। ਗੁਰਸਿੱਖੀ ਦੇ ਅਸੂਲਾਂ ਤੇ ਰਹਿ ਕੇ ਚੱਲਣਾ ਹੈ। ਸੋ ਉਸ ਵੇਲੇ ਮਹਾਰਾਜ ਜੀ ਸਮਾਧਿਸ਼ਟ ਹੋਏ ਤੇ ਸਰੀਰ ਨੂੰ ਮਰਜ਼ੀ ਦੇ ਨਾਲ ਛੱਡ ਕੇ ਪਾਸੇ ਹੋ ਗਏ। ਕੁਸ਼ਾ ਮੰਗਾ ਲਈ ਤੇ ਕੁਸ਼ਾਂ ਤੇ ਲੰਮੇ ਪੈ ਗਏ ਤੇ ਚਾਦਰਾ ਉਤੇ ਲੈ ਲਿਆ। ਥੋੜ੍ਹੀ ਦੇਰ ਤੋਂ ਬਾਅਦ ਦੇਖਦੇ ਨੇ ਕਿ ਵਿਚ ਕੁਛ ਵੀ ਨਹੀਂ ਹੈ।

ਇਧਰ ਕੀ ਸੁਣਦੇ ਨੇ ਕਿ ਸਾਰੇ ਆਕਾਸ਼ ਦੇ ਵਿਚ ਜੈ-ਜੈਕਾਰ ਦੀਆਂ ਧੁਨੀਆਂ ਹੋਣ ਲੱਗ ਗਈਆਂ। ਅਨੇਕ ਕਿਸਮ ਦੇ ਵਾਜੇ ਵੱਜ ਰਹੇ ਨੇ, ਅਨੇਕ ਕਿਸਮ ਦੇ ਝਲਕਾਰੇ ਵੱਜ ਰਹੇ ਨੇ। ਐਸ ਤਰ੍ਹਾਂ ਦੇ ਨਾਲ ਪੜ੍ਹ ਲਓ-

***ਧਾਰਨਾ – ਜੈ-ਜੈਕਾਰਾਂ ਸੁਰਗਾਂ ਵਿਚ ਹੋਵੇ,***
***ਹਾਹਾਕਾਰ ਕਰੇ ਦੁਨੀਆਂ।***

ਸਰੀਰ ਛੱਡ ਦਿਤਾ, ਕਿੱਡੀ ਵੱਡੀ ਸਿੱਖਿਆ ਸਾਨੂੰ ਮਹਾਰਾਜ ਜੀ ਦੇ ਗਏ। ਕਿਹੋ ਜਿਹਾ ਜੀਵਨ, ਕਿਹੋ ਜਿਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਸ਼ਾਹ ਦੇ ਗਏ। ਜੇ ਕਿਤੇ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ ਕਰਦੇ, ਅਸੀਂ ਰੁਲ ਜਾਣਾ ਸੀ, ਕੁਛ ਨਹੀਂ ਸੀ ਸਾਨੂੰ ਪਤਾ ਰਹਿਣਾ। ਦੂਸਰਾ ਸਾਡੇ ਅੰਦਰ ਜ਼ਿੰਦਗੀ ਭਰ ਗਏ ਕਿ ਗੁਰਸਿੱਖੋ, ਮੌਤ ਤੋਂ ਨਾ ਡਰੋ, ਮੌਤ ਆਉਣੀ ਹੀ ਆਉਣੀ ਹੈ, ਆਪਣੇ ਅਸੂਲਾਂ ਤੋਂ ਬੇਅਸੂਲ ਨਾ ਹੋਇਓ, ਮੌਤ ਤੋਂ ਡਰ ਕੇ।

ਸੋ ਇਸ ਤਰ੍ਹਾਂ ਦੇ ਨਾਲ ਆਪ ਸਾਰਿਆਂ ਨੇ ਗੁਰੂ ਮਹਾਰਾਜ ਜੀ ਦਾ ਜੋ ਸ਼ਹੀਦੀ ਦਿਵਸ ਹੈ ਵਿਸਥਾਰ ਨਾਲ ਸਰਵਣ ਕੀਤਾ ਹੈ। ਸੋ ਫੁਰਮਾਨ ਆਉਂਦਾ ਹੈ ਕਿ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਜਿਨ੍ਹਾਂ ਨੇ ਧਿਆਨ ਧਰਿਆ ਹੈ, ਉਹ ਫੇਰ ਜੰਮਣ ਮਰਨ ਵਿਚ ਨਹੀਂ ਆਉਂਦਾ।

***ਧਾਰਨਾ – ਜਪਿਆ ਜਿਨ ਅਰਜਨ ਦੇਵ ਗੁਰੂ***
***ਉਹਦਾ ਮਿਟ ਗਿਆ ਆਉਣਾ ਜਾਣਾ।***

ਨਾ ਜੂਨੀ 'ਚ ਆਇਆ, ਨਾ ਮਾਤਾ ਦੇ ਗਰਭ 'ਚ ਆਉਣਾ ਹੈ, ਨਾ ਕਿਸੇ ਤਕਲੀਫ 'ਚ ਆਵੇ। ਈਸਾਈ ਇਹ ਕਹਿੰਦੇ ਨੇ ਈਸਾ ਜੀ, ਕਿ ਐ ਪ੍ਰੇਮੀਓ! ਤੁਹਾਡੇ ਸਾਰੇ ਕਸ਼ਟ, ਤੁਹਾਡੇ ਸਾਰੇ ਦੁਖ ਮੈਂ ਆਪਣੇ ਸਰੀਰ ਤੇ ਲੈ ਕੇ ਸੂਲੀ 'ਤੇ ਚੜ੍ਹ ਕੇ ਝੱਲ ਲਏ। ਤੁਸੀਂ ਹੁਣ ਸੁਖੀ ਵਸੋ, ਪ੍ਰਮੇਸ਼ਰ ਨੂੰ ਨਾ ਭੁੱਲਣਾ, ਤੁਹਾਡਾ ਰਾਜ ਹੋਏਗਾ। ਤਾਜ ਤੁਹਾਡੇ ਪਾਸ ਹੋਏਗਾ, ਰੱਬ ਨੂੰ ਨਾ ਭੁੱਲਣਾ। ਤੁਹਾਡੇ ਪਾਪ ਮੈਂ ਲੈ ਚੱਲਿਆ ਹਾਂ, ਨਿਹਚਾ ਕਰਿਓ, ਜਿਹੜਾ ਈਸ਼ਵਰ 'ਤੇ ਨਿਹਚਾ ਲਿਆਏਗਾ, ਉਹ ਮੇਰੇ ਕੋਲ ਆਏਗਾ। ਈਸਾਈ ਜਦੋਂ ਹੁਣ ਸਰੀਰ ਛੱਡਦੇ ਨੇ, ਇਕੋ ਹੀ ਗੱਲ ਕਹਿੰਦੇ ਨੇ, ਅਸੀਂ ਉਥੇ ਅਮਰੀਕਾ ਸੁਣਦੇ ਰਹੇ ਹਾਂ ਕਿ ਅਸੀਂ ਤਾਂ ਜੀ ਆਪਣੇ ਈਸਾ ਜੀ ਕੋਲ ਜਾਣਾ ਹੈ।

# ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-37)***

ਇਕ ਵਾਰ ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਇਕ ਗੁਰਸਿੱਖ ਆਇਆ, ਉਹ ਹਰ ਮਹੀਨੇ ਆਉਂਦਾ ਸੀ। ਮਹਾਰਾਜ ਨੇ ਧਿਆਨ ਦਿਤਾ ਕਿ ਇਹ ਸਿੱਖ ਆਉਂਦੈ, ਬਚਨ ਸੁਣਦਾ ਨਹੀਂ ਹੈ। ਰਾਗੀ ਜਦੋਂ ਦੀਵਾਨ ਸਮਾਪਤ ਕਰਦੇ ਨੇ, ਇਹ ਬਚਨ ਸੁਣਦਾ ਨਹੀਂ ਹੈ, ਨੱਠ ਜਾਂਦੈ।

ਮਹਾਰਾਜ ਨੇ ਇਸ਼ਾਰਾ ਕਰ ਦਿਤਾ ਕਿ ਇਹ ਸਿੱਖ ਜਦੋਂ ਜਾਣ ਲੱਗੇ ਇਹਨੂੰ ਰੋਕ ਲਿਓ।ਉਸ ਨੂੰ ਰੋਕ ਲਿਆ। ਕਹਿੰਦੇ ਕਿਉਂ ਬਈ ਗੁਰਸਿੱਖਾ! ਤੂੰ ਗੁਰੂ ਦੇ ਬਚਨ ਨਹੀਂ ਸੁਣਦਾ? ਕੀਰਤਨ ਸਮਾਪਤ ਹੁੰਦੈ ਤੇ ਤੂੰ ਨੱਠ ਜਾਂਦੈ।

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਦੂਰੋਂ ਆਉਂਦਾ ਹਾਂ। ਪੈਦਲ ਚੱਲ ਕੇ ਆਉਂਦਾ ਹਾਂ। ਘਰ 'ਚ ਐਨੀ ਗਰੀਬੀ ਹੈ ਕਿ ਇਕ ਡੰਗ ਖਾਣ ਨੂੰ ਮਿਲਦੈ, ਦੂਜਾ ਸਾਡੇ ਕਦੇ ਇਕੱਠਾ ਨਹੀਂ ਹੋਇਆ। ਜੇ ਮੈਂ ਨਾ ਗਿਆ ਤਾਂ ਉਹ ਭੁੱਖੇ ਮਰ ਜਾਣਗੇ।

ਮਹਾਰਾਜ ਕਹਿੰਦੇ, ਤੈਨੂੰ ਬਾਣੀ 'ਤੇ ਵਿਸ਼ਵਾਸ਼ ਹੈ?

ਕਹਿੰਦਾ, ਹਾਂ ਜੀ ਮਹਾਰਾਜ, ਪੂਰਾ ਹੈ।

ਕਹਿੰਦੇ, ਸਾਨੂੰ ਲਗਦਾ ਹੈ ਕਿ ਨਹੀਂ ਹੈ। ਕਹਿੰਦੇ ਪੜ੍ਹ ਤਾਂ - ***'ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥'***

ਕਹਿੰਦਾ, ਮਹਾਰਾਜ! ਇਹ ਤਾਂ ਮੈਂ ਰੋਜ਼ ਪੜ੍ਹਦਾ ਹਾਂ। 'ਰਹਿਰਾਸ ਸਾਹਿਬ' 'ਚ ਰੋਜ਼ ਹੀ ਪੜ੍ਹਦਾ ਹਾਂ।

ਮਹਾਰਾਜ ਕਹਿੰਦੇ, ਵਿਚਾਰੀ ਵੀ ਹੈ ਕਦੇ ਗੱਲ? ਜੇ ਉਹ ਪੱਥਰ ਦੇ ਕੀੜੇ ਨੂੰ ਦਿੰਦੈ, ਤੇਰੇ ਪਰਿਵਾਰ ਨੂੰ ਵੀ ਦਏਗਾ?

ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਕਹਿੰਦੇ ਹੋਂ ਤਾਂ ਮੈਂ ਮੰਨ ਲੈਂਦਾ ਹਾਂ। ਪਰ ਕੁਛ ਕਰਨਾ ਹੀ ਪੈਣੈ ਤਾਂ ਹੀ ਪਰਿਵਾਰ ਨੂੰ ਮਿਲੇਗਾ।

ਮਹਾਰਾਜ ਕਹਿੰਦੇ, ਤੇਰੇ 'ਚ ਹੈ ਤਾਕਤ ਕਰਨ ਦੀ? ਬਿਮਾਰ ਕਰ ਦੇਵੇ ਤੈਨੂੰ, ਅਧਰੰਗ ਕਰ ਦੇਵੇ, ਕੁਛ ਹੋਰ ਹੋ ਜਾਵੇ, ਅੱਖਾਂ ਦੀ ਜੋਤੀ ਜਾਂਦੇ ਰਹੇ। ਸੱਟ ਲੱਗੇ, ਫੇਰ ਪਿਆਰਿਆ! ਤੂੰ ਕੀ ਕਰੇਂਗਾ?

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਆਗਿਆਕਾਰੀ ਬਪੁਰਾ ਜੀਉ ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥* *ਅੰਗ - ੨੭੭*

ਇਕ ਤਾਂ ਕਹਿੰਦਾ ਹੈ, ਮੈਂ ਕਰਦਾ ਹਾਂ। ਇਕ ਇਹ ਜਿਹਨੂੰ ਸੋਝੀ ਆ ਗਈ ਉਹ ਕਹਿੰਦਾ ਹੈ, ਕਰਾਇਆ ਜਾ ਰਿਹਾ ਹੈ ਸਾਡੇ ਤੋਂ। ਉਹਨੇ ਤਾਂ ਕਰਾਉਣਾ ਹੀ ਹੈ ਪ੍ਰੋਗਰਾਮ ਦੇ ਮੁਤਾਬਿਕ, ਅਸੀਂ ਤਾਂ ਕੁਛ ਨਹੀਂ ਕਰਦੇ। ਸਾਡੀ ਤਾਂ ਕੋਈ wish ਨਹੀਂ ਕੋਈ will ਨਹੀਂ ਹੈ। ਨਾ ਅਸੀਂ ਚਾਹੁੰਦੇ ਹਾਂ ਕੁਛ ਕਰਨਾ, ਸਾਡੇ ਤੋਂ ਤਾਂ ਕਰਵਾਇਆ ਜਾ ਰਿਹਾ ਹੈ। ਸਰੀਰ ਦੇ ਵਿਚ ਪ੍ਰੇਰਨਾ ਹੁੰਦੀ ਹੈ, ਉਹਦੇ ਮੁਤਾਬਿਕ action ਹੋਈ ਜਾਂਦਾ ਹੈ।

ਕਹਿੰਦੇ, ਚੰਗਾ। ਫੇਰ ਤੇਰਾ ਵਿਸ਼ਵਾਸ਼ ਨਾ ਹੋਇਆ। ਆਹ ਚਿੱਠੀ ਦੇ ਦੇਈਂ ਸਾਡੀ ਫਲਾਣੇ ਥਾਂ।

ਚਿੱਠੀ ਵਿਚ ਲਿਖ ਦਿਤਾ ਕਿ ਇਸ ਬੰਦੇ ਨੂੰ, ਨੌਂ ਮਹੀਨੇ ਨਹੀਂ ਜਾਣ ਦੇਣਾ। ਪਹਿਰਾ ਲਾ ਕੇ ਰੱਖੋ। ਬਾਣੀ ਪੜ੍ਹਨ ਵਾਲਾ ਹੈ, ਇਸ ਤੋਂ ਬਾਣੀ ਸੁਣੋਂ। ਇਹਨੂੰ ਕਹੋ ਕਥਾ ਕਰੇ। ਬਾਣੀ ਦੀ ਵਿਚਾਰ ਕਰੋ।

ਉਹ ਗਿਆ, ਚਿੱਠੀ ਫੜਾ ਕੇ ਜਾਣ ਲੱਗਿਆ। ਉਹ ਕਹਿੰਦੇ, ਭਾਈ ਪੜ੍ਹ ਲਈਏ। ਜਦੋਂ ਚਿੱਠੀ ਪੜ੍ਹੀ ਤਾਂ ਉਹਨਾਂ ਨੇ ਕਿਹਾ, ਸਿੰਘਾ! ਹੁਣ ਤੂੰ ਕੁਛ ਵੀ ਕਰ ਨੌਂ ਮਹੀਨੇ ਨਹੀਂ ਅਸੀਂ ਤੈਨੂੰ ਕਿਤੇ ਜਾਣ ਦੇਣਾ। ਇਹ ਚਿੱਠੀ 'ਚ ਲਿਖਿਆ ਹੋਇਆ ਹੈ। ਪੜ੍ਹ ਕੇ ਸੁਣਾ ਦਿਤਾ।

ਉਹ ਕਹਿੰਦਾ, ਬੱਲੇ ਓਏ ਸ਼ੇਰੋ! ਗੁਰੂ ਵੀ ਇਹੋ ਜਿਹਾ ਹੁੰਦੈ ਕਿ ਟੱਬਰ ਹੀ ਮਾਰ ਦੇਵੇ।

ਉਹ ਕਹਿੰਦੇ, ਬੇਵਿਸ਼ਵਾਸ਼ੀ ਹੈ ਤੇਰੇ ਮਨ ਵਿਚ

ਗੁਰੂ ਦੀ। ਕੋਈ ਸਿੱਖਿਆ ਦੇਣੀ ਹੈ ਉਹਨਾਂ ਨੇ।

ਕਹਿੰਦਾ, ਸਿੱਖਿਆ ਕਾਹਦੀ ਹੈ, ਸਿੱਧਾ ਹੀ ਹੈ। ਕੱਲ੍ਹ ਜੋਗਾ ਖਾਣ ਲਈ ਹੈ ਨਹੀਂ। ਉਹ ਤਾਂ ਮਰ ਜਾਣਗੇ ਭੁੱਖੇ। ਇਥੋਂ ਤੁਸੀਂ ਮੈਨੂੰ ਜਾਣ ਨਹੀਂ ਦੇਣਾ ਤੇ ਮੈਂ ਤਾਂ ਸਿੱਖੀ ਧਾਰਨ ਕਰੀ ਸੀ ਕਿ ਮੇਰਾ ਉਧਾਰ ਹੋ ਜਾਏਗਾ। ਇਹ ਤਾਂ ਮੈਨੂੰ ਜਿਉਂਦੇ ਨੂੰ ਹੀ ਤਬਾਹ ਕਰਨ ਲੱਗੇ ਹੋਏ ਨੇ। ਇਹ ਕਾਹਦੇ ਗੁਰੂ ਨੇ।

ਉਹ ਕਹਿੰਦੇ, ਤੂੰ ਕੋਸ ਨਾ ਗੁਰੂ ਨੂੰ। ਕੋਈ ਰਜ਼ਾ ਹੈ ਉਹਨਾਂ ਦੀ, ਸਮਰੱਥ ਨੇ ਗੁਰੂ।

ਗੁਰੂ ਸਭ ਕੁਝ ਜਾਣਦੇ ਨੇ ਭੂਤ, ਭਵਿੱਖਤ, ਵਰਤਮਾਨ।

ਮਜ਼ਬੂਰੀ 'ਚ ਰਿਹਾ। ਇਸੇ ਤਰ੍ਹਾਂ ਨੌਂ ਮਹੀਨੇ ਲੰਘ ਗਏ।

ਓਧਰਲੇ ਪਾਸੇ ਦੋ ਚਾਰ ਦਿਨ ਪਿੰਡ ਵਾਲਿਆਂ ਨੇ ਦੇਖਿਆ ਕਿ ਉਹ ਤਾਂ ਸੇਵਾ 'ਚ ਲੱਗ ਗਿਆ ਜਾ ਕੇ। ਦਾਣੇ ਇਕੱਠੇ ਕਰੇ, ਦਾਣੇ ਦੇ ਦਿਤੇ। ਲੜਕੀ ਵੀ ਜਵਾਨ ਸੀ। ਕਹਿੰਦੀ, ਬੇਬੇ ਆਪਾਂ ਕਿੰਨੀ ਕੁ ਦੇਰ ਤਕ ਇਸ ਤਰ੍ਹਾਂ ਕਰਾਂਗੇ, ਆਪਾਂ ਮਿਹਨਤ ਕਰ ਲਓ। ਉਸ ਪਿੰਡ ਵਿਚ ਕੋਈ ਅਮੀਰ ਆਦਮੀ ਸੀ, ਕੋਈ ਚੰਗਾ ਸਰਦਾਰ। ਬੀਬੀ ਬੜੀ ਭਲੀ ਸੀ। ਉਹਦੇ ਕੋਲ ਗਈਆਂ। ਉਹ ਕਹਿੰਦੀ, ਹਾਂ ਮੇਰੀ ਲੜਕੀ ਦੀ ਸ਼ਾਦੀ ਹੈ, ਦੋ ਮਹੀਨੇ ਰਹਿੰਦੇ ਨੇ। ਤੁਸੀਂ ਕੰਮ ਕਰੋ। ਕੰਮ ਤਾਂ ਬਹੁਤ ਨੇ, ਘਰ ਲਿਪਣੇ ਨੇ, ਪੋਚਣੇ ਨੇ, ਹੋਰ ਦਾਣੇ ਚੁਗਣੇ ਨੇ, ਦਾਲਾਂ ਚੁਗਣੀਆਂ ਨੇ, ਰਾਸ਼ਨ ਤਿਆਰ ਕਰਨੇ ਨੇ। ਦੋਵੇਂ ਜਣੀਆਂ ਆ ਜਾਓ। ਕੰਮ ਕਰਨਾ ਸ਼ੁਰੂ ਕਰ ਦਿਤਾ। ਜਦੋਂ ਦੋ ਚਾਰ ਦਿਨ ਗਈਆਂ। ਉਹ ਕਹਿੰਦੇ, ਫਲਾਣੇ ਥਾਂ ਦੇ ਉਤੇ ਪਾਂਡੂ ਹੈ, ਓਦੋਂ ਸਫੇਦੀਆਂ ਵਗੈਰਾ ਘੱਟ ਹੀ ਹੁੰਦੀਆਂ ਸੀ ਪਿੰਡਾਂ 'ਚ। ਉਹ ਲਿਆਓ ਜਾ ਕੇ। ਉਹ ਲੈਣ ਗਈਆਂ, ਕਹੀ ਲੈ ਲਈ, ਟੋਕਰੀ ਲੈ ਲਈ। ਲੜਕੀ ਪੱਟਣ ਲਗ ਗਈ। ਮਾਂ ਨੂੰ ਕਹਿਣ ਲੱਗੀ, ਕੋਈ ਹੋਰ ਤਰ੍ਹਾਂ ਦਾ ਖੜਕਾ ਹੋਇਆ ਹੈ। ਧਰਤੀ ਵਰਗਾ ਤਾਂ ਹੈ ਨਹੀਂ। ਉਹ ਕਹਿੰਦੀ ਕਿ ਸੰਭਾਲ ਕੇ ਪੁੱਟ। ਜਦੋਂ ਪੁੱਟਿਆ ਹੌਲੀ-ਹੌਲੀ, ਵਿਚੋਂ ਗਾਗਰ ਨਿਕਲ ਆਈ। ਉਹ ਕਹਿੰਦੀ, ਇਹਦੇ 'ਚ ਤਾਂ ਬਹੁਤ ਪੈਸਾ ਹੈ। ਆਪਾਂ ਨੂੰ ਤਾਂ ਪਤਾ ਨਹੀਂ ਲੱਗਣਾ। ਆਪਾਂ ਇਸ ਬੀਬੀ ਕੋਲ ਹੀ ਚਲਦੀਆਂ ਹਾਂ। ਉਹ ਹੈ ਬੜੀ ਸਿਆਣੀ ਸੀ। ਉਹ ਕਹਿਣ ਲੱਗੀ ਤੁਹਾਡੀ ਤਾਂ ਕਿਸਮਤ ਫੇਰ ਦਿਤੀ ਗੁਰੂ ਸਾਹਿਬ ਨੇ। ਉਹ ਸੇਵਾ ਕਰਨ ਲਗ ਗਿਆ। ਆਹ ਤੁਹਾਡੀ ਪਰਾਲਬਧ ਦੇ ਵਿਚ ਦੇਖੋ ਕਿੰਨਾ ਧਨ ਆ ਗਿਆ। ਕਹਿੰਦੀ, ਤੁਹਾਨੂੰ ਪਤਾ ਨਹੀਂ, ਮੈਂ ਸਾਰਾ ਲਵਾਉਂਦੀ ਹਾਂ। ਜ਼ਮੀਨ ਲੈ ਦਿਤੀ। ਦੋ ਮੰਜ਼ਲਾ ਘਰ ਪਵਾ ਦਿਤਾ। ਪਸ਼ੂ ਆ ਗਏ। ਏਧਰ ਨੌਂ ਮਹੀਨੇ ਤੋਂ ਬਾਅਦ ਉਹਨਾਂ ਨੇ ਕਿਹਾ ਕਿ ਜਾਹ ਬਈ ਸਿੰਘਾ, ਬੜਾ ਧੰਨਵਾਦ ਤੂੰ ਬੜੀ ਬਾਣੀ ਸੁਣਾਈ ਹੈ।

ਕਹਿੰਦਾ, ਕਾਹਦੀ ਸੁਣਾਈ ਹੈ, ਮੇਰਾ ਟੱਬਰ ਤਾਂ ਮਰ ਗਿਆ ਹੋਣਾ, ਹੁਣ ਮੈਂ ਕਿੱਥੇ ਜਾਣੈ।

ਕਹਿੰਦੇ, ਗੁਰੂ ਸਾਹਿਬ ਕੋਲ ਚਲਿਆ ਜਾਹ ਜਾਂ ਜਾਇਆ ਇਕ ਵਾਰੀ ਦੇਖ ਆ।

ਪਿੰਡ ਆ ਗਿਆ। ਪਿੰਡ ਆਇਆ ਤਾਂ ਦੇਖ ਲਿਆ ਕਿ ਲੈ ਬਈ ਸਾਡਾ ਤਾਂ ਘਰ ਵੀ ਢਾਹ ਦਿਤਾ। ਇਥੇ ਤਾ ਦੁਮੰਜ਼ਲਾ ਘਰ ਬਣਿਆ ਪਿਐ। ਟੱਬਰ ਮਰ ਗਿਆ ਹੋਣਾ ਸਾਰਾ ਹੀ। ਉਦਾਸ ਹੁੰਦਾ ਤੁਰਿਆ ਆਉਂਦੈ। ਫੇਰ ਦੇਖਦੈ ਕਿ ਇਥੇ ਤਾਂ ਪਸ਼ੂ ਬੜੇ ਖੜ੍ਹੇ ਨੇ। ਨੌਕਰ ਚਾਕਰ ਕੰਮ ਕਰ ਰਹੇ ਨੇ। ਇਹ ਤਾਂ ਕਿਸੇ ਅਮੀਰ ਆਦਮੀ ਦਾ ਘਰ ਹੈ। ਬੱਚਾ ਦੇਖ ਲਿਆ ਬਾਹਰ ਖੇਲ੍ਹਦਾ। ਕਹਿੰਦਾ, ਸ਼ੁਕਰ ਹੈ, ਬੱਚਾ ਤਾਂ ਜਿਉਂਦਾ ਹੈ ਮੇਰਾ। ਬੱਚੇ ਨੇ ਉਹਨੂੰ ਦੇਖ ਲਿਆ। ਪਛਾਣ ਲਿਆ ਕਿ ਬਾਪੂ ਆ ਰਿਹੈ। ਬੱਚਾ, ਪੌੜੀਆਂ ਚੜ੍ਹਨ ਲਗ ਗਿਆ। ਪਹਿਲੀ ਮੰਜ਼ਿਲ 'ਤੇ ਮਾਂ ਬੈਠੀ ਸੀ, ਉਹ ਵੀ ਚੜ੍ਹ ਗਿਆ, ਇਹ ਵੀ ਮਗਰ ਹੀ ਆ ਗਿਆ ਬੱਚੇ ਦੇ। ਬੱਚਾ ਨੱਠ ਕੇ ਮਾਂ ਕੋਲ ਚਲਿਆ ਗਿਆ, ਇਹ ਦੇਹਲੀ ਦੇ ਅੰਦਰ ਪੈਰ ਰੱਖ ਰਿਹਾ ਸੀ, ਉਹ ਕਹਿਣ ਲੱਗਿਆ, ਬੇਬੇ-ਬੇਬੇ ਬਾਪੂ ਆ ਗਿਆ, ਆਪਾਂ ਹੁਣ ਫੇਰ ਭੁੱਖੇ ਮਰਾਂਗੇ।

ਕਹਿੰਦਾ, ਹੈਂ ਇਹ ਤਾਂ ਸਾਰਾ ਟੱਬਰ ਹੀ ਜਿਉਂਦਾ ਹੈ। ਇਹ ਕੀ ਹੋ ਗਿਆ?

ਕਹਿਣ ਲੱਗਿਆ, ਇਹ ਕੀ ਭਾਣਾ ਵਰਤ ਗਿਆ।

ਘਰਵਾਲੀ ਕਹਿਣ ਲੱਗੀ ਕਿ ਤੂੰ ਤਾਂ ਰਿਹਾ ਗੁਰੂ ਦੀ ਸੇਵਾ 'ਚ ਤੇ ਗੁਰੂ ਦਾ ਇਹ ਬਚਨ ਹੈ ਕਿ ਜੇ ਕੁਝ ਲੈਣਾ ਹੈ ਤਾਂ ਸੇਵਾ 'ਚੋਂ ਮਿਲਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,*
*ਸੇਵਾ ਕਰ ਲੈ ਸਾਧੂਆਂ ਦੀ।*

*ਚਾਰਿ ਪਦਾਰਥ ਜੇ ਕੋ ਮਾਗੈ ॥* *ਅੰਗ - ੨੬੬*

ਧਰਮ, ਅਰਥ, ਕਾਮ, ਮੋਖਸ਼। ਚਾਰ ਪਦਾਰਥ

ਗਿਣੇ ਨੇ –

*ਸਾਧ ਜਨਾ ਕੀ ਸੇਵਾ ਲਾਗੈ ॥ ਅੰਗ – ੨੬੬*

ਕਹਿਣ ਲੱਗੀ, ਦੇਖ ਤੂੰ ਸੇਵਾ ਕਰੀ ਸੰਗਤਾਂ ਦੀ। ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਰਿਹਾ ਤੇ ਆਪਣਾ ਦਲਿੱਦਰ ਮਹਾਰਾਜ ਨੇ ਕੱਟ ਦਿਤਾ। ਜਾਹ, ਤੂੰ ਗੁਰੂ ਮਹਾਰਾਜ ਦੀ ਸੇਵਾ 'ਚ ਹੀ ਜਾਹ। ਜਿਥੋਂ ਸਭ ਕੁਛ ਸਾਨੂੰ ਮਿਲਿਐ।

ਗੁਰੂ ਮਹਾਰਾਜ ਕੋਲ ਆਇਆ। ਮਹਾਰਾਜ ਕਹਿੰਦੇ, ਕਿਉਂ ਭਾਈ! ਪਰਿਵਾਰ ਚੜ੍ਹਾਈ ਕਰ ਗਿਆ? ਵਿਸ਼ਵਾਸ਼ ਨਹੀਂ ਸੀ ਤੈਨੂੰ? –

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ – ੧੦*

ਮਹਾਰਾਜ ਜੀ ਨੂੰ ਕਿਹਾ ਕਿਸੇ ਨੇ ਕਿ ਸੱਚੇ ਪਾਤਸ਼ਾਹ! ਕਰਮ ਕਿਵੇਂ ਕੰਮ ਕਰਦੇ ਨੇ?

ਆਪ ਨੇ ਜ਼ਿਕਰ ਕਰਿਆ ਕਿ ਤੇਰੀ ਪਰਾਲਬਧ ਵਿਚ ਜਿਹੜਾ ਸੀਗਾ ਉਹ ਆ ਗਿਆ ਕਿ ਸਾਨੂੰ ਸਮਝਾਓ ਚੰਗੀ ਤਰ੍ਹਾਂ। ਮਹਾਰਾਜ ਕਹਿੰਦੇ, ਸਾਧਸੰਗਤ ਜੀ! ਭਾਈ ਦਇਆ ਸਿੰਘ ਮੇਰਾ ਰੂਪ ਨੇ। ਮੇਰਾ ਰੂਪ ਪਛਾਣੋ ਇਹਨਾਂ ਨੂੰ। ਇਹਨਾਂ ਤੋਂ ਪੁੱਛ ਲਓ ਇਹ ਦਸ ਦੇਣਗੇ ਤੁਹਾਨੂੰ ਸਾਰੀ ਗੱਲ। ਵਿਸ਼ਵਾਸ਼ ਰੱਖਿਓ। ਜੋ ਦੱਸਣਗੇ ਉਹ ਮੈਂ ਹੀ ਦਸ ਰਿਹਾ ਹਾਂ।

ਉਸੇ ਵੇਲੇ ਮਹਾਰਾਜ ਜੀ ਉੱਠ ਕੇ ਚਲੇ ਗਏ। ਭਾਈ ਦਇਆ ਸਿੰਘ ਕਹਿਣ ਲੱਗੇ, ਮੈਂ ਜੋ ਬੋਲਣਾ ਹੈ, ਉਹ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਹੀ ਬੋਲਣਾ ਹੈ। ਬੁਲਾਉਣਾ ਉਹਨਾਂ ਨੇ ਹੈ, ਸਰੀਰ ਮੇਰਾ ਹੈ। ਕਹਿੰਦੇ, ਦੇਖੋ, ਆਦਮੀ ਕਰਮ ਕਰਦਾ ਹੈ ਰੋਜ਼। ਹੁਣ ਤੁਸੀਂ ਕਰਮ ਕਰ ਰਹੇ ਹੋਂ। ਸਤਿਸੰਗ 'ਚ ਆ ਰਹੇ ਹੋਂ। ਕਰਮ ਕਰ ਰਹੇ ਹੋਂ ਤੁਸੀਂ। ਇਕ ਸ਼ੁਭ ਕਰਮ ਹੁੰਦੇ ਨੇ ਇਕ ਅਸ਼ੁਭ ਹੁੰਦੇ ਨੇ। ਇਕ ਸ਼ੁਭ ਕਰਮਾਂ ਦਾ ਫਲ ਨਹੀਂ ਮੰਗਦੇ, ਉਹਨੂੰ ਨਿਸ਼ਕਾਮ ਕਰਮ ਕਹਿੰਦੇ ਨੇ। ਇਕ ਕਾਮਨਾ ਸਹਿਤ ਕਰਮ ਹੁੰਦੇ ਨੇ ਕਿ ਮੈਨੂੰ ਆਹ ਮਿਲ ਜਾਏ, ਇਹ ਮਿਲ ਜਾਏ। ਨਾਲ ਦੀ ਨਾਲ ਭਾਨ ਤੁੜਾਈ ਜਾਣੀ, ਮਜੂਰੀ ਲਈ ਜੌਂ ਨਾਲ ਦੀ ਨਾਲ ਖਰੀਦੀ ਜਾਂਦੈ। ਇਹ ਸ਼ੁਭ ਕਰਮ ਦੋ ਤਰ੍ਹਾਂ ਦੇ ਹੁੰਦੇ ਨੇ। ਇਕ ਉਹ ਹੁੰਦਾ ਹੈ ਜਿਸ ਵਿਚ ਕੁਛ ਨਾ ਮੰਗਣਾ। ਉਹ ਜਮ੍ਹਾਂ ਹੋਣੇ ਸ਼ੁਰੂ ਹੋ ਜਾਂਦੇ ਨੇ। ਜਦੋਂ ਆਦਮੀ ਸਰੀਰ ਛੱਡਦੈ, ਜਦੋਂ ਜਿਉਂਦੇ-ਜਿਉਂਦੇ ਕਰਮ ਕੀਤੇ ਨੇ, ਕਈ ਵਾਰੀ ਐਸਾ ਹੁੰਦੈ ਕਿ ਜੀ ਮੈਂ ਤਾਂ ਬੜੇ ਚੰਗੇ ਕਰਮ ਕਰਦਾ ਹਾਂ। ਮੈਨੂੰ ਫਲ ਤਾਂ ਮਿਲਿਆ ਨਹੀਂ। ਫਲ ਤੇਰਾ ਜਮ੍ਹਾਂ ਹੋਇਆ ਅਗਾਹਾਂ। ਅਜੇ ਮੌਕਾ ਨਹੀਂ ਆਇਆ ਤੈਨੂੰ ਫਲ ਮਿਲਣ ਦਾ। ਉਹ ਜਿਥੇ ਜਾ ਕੇ ਜਮ੍ਹਾਂ ਹੁੰਦੇ ਨੇ, ਉਹਨੂੰ ਖਜ਼ਾਨਾ ਕਹਿੰਦੇ ਨੇ। ਅਕਾਊਂਟ ਹੈ। ਉਸ ਰਜਿਸਟਰ ਦਾ ਨਾਮ ਹੈ ਸੰਚਿਤ ਕਰਮ। ਜਿਹੜੇ ਕਰਮ ਜਿਉਂਦੇ-ਜਿਉਂਦੇ ਨੇ ਕਰੇ, ਜਿਹੜੇ ਨਹੀਂ ਭੋਗ ਸਕਿਆ, ਉਹ ਜਮ੍ਹਾਂ ਹੋ ਗਏ। ਪਹਿਲਾਂ ਵੀ ਪਏ ਨੇ ਪਿਛਲੇ ਜਨਮਾਂ ਦੇ। ਹੁਣ ਜਦੋਂ ਨਵਾਂ ਜਨਮ ਲੈਂਦੈ ਤੇ ਇਹਦੀ ਆਯੂ ਕਿੰਨੀ ਹੋਏਗੀ। ਆਯੂ ਲਿਖੀ ਜਾਂਦੀ ਹੈ ਸਭ ਤੋਂ ਪਹਿਲਾਂ ਕਿ ਐਨੇ ਸਾਲ ਐਨੇ ਮਹੀਨੇ, ਐਨੇ ਦਿਨ ਇਹਦਾ ਅੰਤ ਕਿੱਥੇ ਹੋਏਗਾ? ਇਹਦਾ ਅੰਤ ਐਨੇ ਵਜ ਕੇ ਐਨੇ ਮਿੰਟ 'ਤੇ ਫਲਾਣੇ ਥਾਂ ਦੇ ਉਤੇ ਹੋਏਗਾ। ਆਹ ਕਾਰਨ ਹੋਏਗਾ। ਤਿੰਨ ਚੀਜ਼ਾਂ ਇਕੱਠੀਆਂ ਹੁੰਦੀਆਂ ਤਾਂ ਆਦਮੀ ਮਰਦਾ ਹੈ, ਨਹੀਂ ਤਾ ਨਹੀਂ ਮਰਦਾ ਹੁੰਦਾ। ਸਮਾਂ ਆ ਜਾਵੇ, ਸਥਾਨ ਆ ਜਾਵੇ, ਉਹ ਕਾਰਨ ਆ ਜਾਵੇ, ਜਿਹਦੇ ਨਾਲ ਉਹਨੇ ਚੜ੍ਹਾਈ ਕਰਨੀ ਹੈ। ਨਹੀਂ ਤਾਂ ਭਗਵਾਨ ਰੱਖਿਆ ਕਰਦਾ ਹੁੰਦੈ। ਕਹਿੰਦੇ, ਦੂਸਰਾ ਇਹ ਹੁੰਦੈ ਲੇਖ ਕਿ ਇਹਨੇ ਉਥੇ ਰਹਿਣਾ ਹੈ ਇਹਨੂੰ ਕਿਹੜੇ-ਕਿਹੜੇ ਕਰਮ ਭੁਗਵਾਉਣੇ ਨੇ। ਕਿੰਨੇ ਚੰਗੇ, ਕਿੰਨੇ ਮੰਦੇ। ਕਿੰਨੇ ਇਹਦੇ ਮਾੜੇ ਕਰਮ ਨੇ ਜਿਹੜੇ ਇਸ ਜਨਮ 'ਚ ਭੋਗੇ ਜਾਣੇ ਨੇ। ਕਿਹੜੇ-ਕਿਹੜੇ ਬੰਦੇ ਹੋਰ ਜਾ ਰਹੇ ਨੇ ਜਿਨ੍ਹਾਂ ਨੇ ਇਸ ਤੋਂ ਬਦਲਾ ਲੈਣੈ ਜਾਂ ਇਹਨੂੰ ਸੁਖ ਦੇਣਾ ਹੈ। ਉਹ ਸਾਰੇ ਬੰਦੇ ਤਿਆਰ-ਬਰ-ਤਿਆਰ ਹੋ ਕੇ ਬਰਾਬਰ ਹੀ ਆਉਂਦੇ ਨੇ। ਜਿਨ੍ਹਾਂ ਨੇ ਦੁਖ ਵੀ ਦੇਣੈ ਤੇ ਜਿਨ੍ਹਾਂ ਨੇ ਸੁਖ ਵੀ ਦੇਣੈ। ਪੈਸਾ ਟਕਾ ਵੀ ਮਿਲਣੈ। ਉਹਨੂੰ ਕਹਿੰਦੇ ਨੇ ਪਰਾਲਬਧ ਕਰਮ। ਇਹ ਦਰਗਾਹ ਦੇ ਵਿਚੋਂ ਨਾਲ ਆਉਂਦੇ ਨੇ ਲਿਖੇ ਲਿਖਾਏ। ਹੁਣ ਇਥੇ ਇਕ ਕ੍ਰਿਆ ਹੈ ਸੰਸਾਰ ਦੇ ਅੰਦਰ ਕਿ ਜਿਹੜੇ ਪਰਾਲਬਧ ਕਰਮ ਨੇ ਇਹ ਬਿਲਕੁਲ ਤਾਂ ਨਹੀਂ ਮਿਟਦੇ। ਜੇ ਮਾੜੇ ਕਰਮ ਨੇ ਉਹ ਥੋੜ੍ਹੇ ਜਿਹੇ ਨਰਮ ਕੀਤੇ ਜਾ ਸਕਦੇ ਨੇ। ਸੂਲੀ ਦੀ ਸੂਲ ਬਣ ਸਕਦੀ ਹੈ। ਉਹ ਵੀ ਤੱਤ ਬੇਤਾ ਮਹਾਂਪੁਰਸ਼ ਜੋ ਵਾਹਿਗੁਰੂ ਨਾਲ ਮਿਲਿਆ ਹੋਇਆ ਹੋਵੇ। ਉਹ ਕਰ ਦਿੰਦੈ।

ਪ੍ਰਮੇਸ਼ਰ ਨੂੰ ਪੁੱਛਿਆ, ਹੇ ਪ੍ਰਭੂ! ਤੁਸੀਂ ਸਾਰਿਆਂ ਤੋਂ ਵੱਡੇ ਹੋਂ?

ਕਹਿੰਦੇ, ਨਹੀਂ।

ਤੁਹਾਡੇ ਤੋਂ ਵੀ ਵੱਡਾ ਕੋਈ ਹੈ?

ਕਹਿੰਦੇ, ਮੇਰੇ ਤੋਂ ਵੱਡੇ ਮੇਰੇ ਭਗਤ ਨੇ। ਸਾਰੇ ਹੈਰਾਨ ਹੋ ਗਏ। ਦੇਵਤੇ ਵੀ ਹੈਰਾਨ ਹੋ ਗਏ ਕਿ ਭਗਤ? ਉਹ ਤੁਹਾਡੇ ਤੋਂ ਵੱਡੇ ਨੇ?

ਕਹਿੰਦੇ, ਹਾਂ।

ਕਹਿੰਦੇ, ਹੇ ਪ੍ਰਭੂ! ਸਾਨੂੰ ਇਹ ਸੰਸਾ ਵਿਆਪ ਗਿਆ ਕਿ ਉਹ ਤੁਹਾਡੇ ਤੋਂ ਕਿੰਨੇ ਵੱਡੇ ਨੇ। ਉਹ ਕਿਵੇਂ ਹੋ ਸਕਦੇ ਨੇ?

ਕਹਿੰਦੇ, ਦੇਖੋ ਪਿਆਰਿਓ! ਮੈਂ ਸਾਰੀ ਦੁਨੀਆਂ ਦੇ ਲੇਖ ਸੈੱਟ ਕਰਦਾ ਹਾਂ। ਆਟੋਮੈਟਿਕ ਹੁਕਮ ਚੱਲ ਰਿਹੈ ਜਿਹਦੇ ਨਾਲ ਸਾਰਿਆਂ ਦੇ ਮੱਥਿਆਂ 'ਚ ਲੇਖ ਲਿਖਿਆ ਜਾਂਦੈ -

*ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥*

*ਅੰਗ- ੭੪*

ਪਰ ਹੁੰਦਾ ਕੀ ਹੈ? ਜਿਹੜੇ ਮੇਰੇ ਨਾਲ ਨਾਮ ਜਪ ਜਪ ਕੇ ਅਭੇਦ ਹੋ ਗਏ, ਮੇਰਾ ਰੂਪ ਬਣ ਗਏ-

*ਦਾਸ ਅਨਿੰਨ ਮੇਰੋ ਨਿਜ ਰੂਪ ॥ ਅੰਗ - ੧੨੫੨*

ਉਹ ਮੇਰਾ ਰੂਪ ਹੁੰਦੇ ਨੇ -

*ਖਾਲਸਾ ਮੇਰੋ ਰੂਪ ਹੈ ਖਾਸ।*
*ਖਾਲਸੇ ਮੈ ਹੌਂ ਕਰਹੋਂ ਨਿਵਾਸ।*
*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*

ਉਹ ਜਿਹੜੇ ਨੇ ਜਿਹੜਾ ਕੁਛ ਮੈਂ ਲਿਖਿਆ ਹੈ। ਲੇਖ ਲਿਖੇ ਨੇ ਕਰਮਾਂ ਦੇ ਹਿਸਾਬ ਨਾਲ। ਉਹ ਮੈਂ ਬੰਨ੍ਹ ਪਾ ਦਿਤਾ। ਲੇਕਿਨ ਪਿਆਰਿਓ! ਉਹ ਮੇਰੀ ਬੰਨ੍ਹੀ ਹੋਈ ਤੋੜ ਦਿੰਦੇ ਨੇ -

*ਧਾਰਨਾ - ਮੇਰੀ ਬੰਨੀ ਹੋਈ ਭਗਤ ਛੁਡਾਉਂਦੇ ਨੇ,*
*ਭਗਤਾਂ ਦੀ ਬੰਨ੍ਹੀ ਨਾ ਛੁਟਦੀ।*
*ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥*
*ਏਕ ਸਮੈ ਮੋ ਕਉ ਗਹਿ ਬਾਂਧੈ*
*ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ਅੰਗ - ੧੨੫੩*

ਕਹਿੰਦੇ, ਉਹ ਮੇਰੇ ਤੋਂ ਵੱਡੇ ਨੇ। ਉਹ ਸਰਗਨ ਸਰੂਪ ਹੈ, ਮੈਂ ਨਿਰਗੁਨ ਹਾਂ। ਮੈਂ ਬੰਨ੍ਹ ਦਿੰਦਾ ਹਾਂ ਮਰਿਆਦਾ ਬੰਨ੍ਹ ਦਿੰਦਾ ਹਾਂ। ਪਰ ਉਹ ਤੋੜ ਦਿੰਦੇ ਨੇ। ਮੈਂ ਲਿਖ ਦਿੰਦਾ ਹਾਂ ਕਿ ਇਹਦੇ ਕੋਈ ਓਲਾਦ ਨਹੀਂ ਹੋਏਗੀ। ਉਹ ਕਹਿੰਦੇ ਨੇ ਹੋਏਗੀ ਕਿਉਂ ਨਹੀਂ।

ਇਕ ਰਾਜਾ ਕਥਾ ਸੁਣ ਰਿਹਾ ਸੀ, ਉਥੇ ਆ ਗਿਆ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਅੰਗ - ੨੭੨*

ਕਹਿੰਦਾ, ਕਥਾ ਤਾਂ ਠੀਕ ਹੈ ਤੁਹਾਡੀ ਪਰ ਵੇਦ ਬੜੀ ਉੱਚੀ ਚੀਜ਼ ਹੈ। ਇਹਦਾ ਮੈਨੂੰ ਨਿਰਣਾ ਕਰਾਓ।

ਕਹਿੰਦੇ, ਰਾਜਨ! ਮੈਂ ਕੀ ਨਿਰਣਾ ਕਰਾਉਣੈ, ਤੇਰਾ ਪੁੱਤਰ ਤੇਰਾ ਕਰਾਏਗਾ। ਇਹ ਜਦੋਂ 11 ਸਾਲ, 11 ਮਹੀਨੇ, 11 ਦਿਨ ਦਾ ਹੋਏਗਾ।

ਕਹਿੰਦਾ, ਸੰਤ ਜੀ! ਮੇਰੇ ਤਾਂ ਪੁੱਤਰ ਹੀ ਨਹੀਂ ਹੋਣਾ। ਮੈਂ ਸਾਰੇ ਜੋਤਿਸ਼ ਦੇ ਗ੍ਰੰਥ ਦਿਖਾ ਲਏ। ਸਾਰੇ ਵੱਡੇ-ਵੱਡੇ ਵਿਦਵਾਨ, ਮੇਰੇ ਨਹੀਂ ਪੁੱਤਰ ਹੋਣਾ। ਉਹ ਕਹਿੰਦੇ, ਕੋਈ ਨਾ। ਪੁੱਤਰ ਹੋ ਗਿਆ। ਜੋਤਸ਼ੀਆਂ ਤੋਂ ਉਮਰ ਪੁੱਛੀ। ਉਹ ਕਹਿੰਦੇ, 11 ਸਾਲ, 11 ਮਹੀਨੇ, 11 ਦਿਨ ਹੈ। ਖੁਸ਼ੀ ਵੀ ਹੋਈ, ਗਮੀ ਵੀ ਹੋਈ ਕਿ ਚਲਿਆ ਜਾਣਾ ਹੈ ਇਹਨੇ। ਜਦੋਂ 11 ਸਾਲ 11 ਮਹੀਨੇ ਦਾ ਹੋ ਗਿਆ ਲੜਕਾ ਉਸ ਵੇਲੇ ਉਹਨੂੰ ਪਤਾ ਲਗ ਗਿਆ ਕਿ ਮੇਰੀ ਉਮਰ ਮੁੱਕਣ ਵਾਲੀ ਹੈ 11 ਦਿਨ ਰਹਿ ਗਏ। ਉਹ ਜਿਹੜੀ ਦਾਈ ਇਹਦੀ ਪਾਲਣਾ ਕਰਦੀ ਸੀ। ਉਹਨੂੰ ਕਹਿਣ ਲੱਗਿਆ ਕਿ ਮਾਤਾ! ਕੋਈ ਹੈ ਤਰੀਕਾ? ਜਿਹੜਾ ਰੱਬ ਦੀਆ ਲਿਖੀਆਂ ਨੂੰ ਕੋਈ ਮੇਟ ਦੇਵੇ।

ਉਹ ਕਹਿਣ ਲੱਗੀ, ਪੁੱਤਰ! ਸਿਰਫ ਸਾਧੂ ਮੇਟ ਸਕਦੇ ਨੇ। ਹੋਰ ਕੋਈ ਨਹੀਂ ਮੇਟ ਸਕਦਾ।

ਕਹਿੰਦਾ, ਮੈਨੂੰ ਸਾਧੂਆਂ ਕੋਲ ਲੈ ਚੱਲੋ। ਸਾਧੂਆਂ ਕੋਲ ਚਲਿਆ, ਜਾ ਕੇ ਬੜੇ ਹੀ ਪਿਆਰ ਦੇ ਨਾਲ ਨਮਸ਼ਕਾਰ ਕਰੀ। ਸੁੰਦਰ ਬੱਚਾ, ਰਾਜੇ ਦਾ ਰਾਜਕੁਮਾਰ। ਵੱਡੇ ਮਹਾਤਮਾ ਨੇ ਕਿਹਾ ਕਿ ਬੇਟਾ! ਉਠੋ। ਇਹਨੇ ਕਿਹਾ, ਮਹਾਰਾਜ! ਮੇਰੇ 'ਤੇ ਕ੍ਰਿਪਾ ਕਰੋ, ਮੇਰਾ ਕਾਲ 11 ਦਿਨ ਨੂੰ ਆਉਣ ਵਾਲਾ ਹੈ। ਸਾਰੀ ਗੱਲ ਦੱਸੀ ਕਿ ਮੇਰੇ ਪਿਤਾ ਨੇ ਕਥਾ ਸੁਣਦੇ ਨੇ ਤਰਕ ਕਰੀ ਸੀ। ਮੇਰੇ ਦੀ ਕਿਸਮਤ ਵਿਚ ਓਲਾਦ ਦਾ ਸੁਖ ਨਹੀਂ ਸੀ। ਜਿਹੜੇ ਸਾਧੂ ਕਥਾ ਕਰਦੇ ਸੀ ਉਹ ਕਹਿਣ ਲੱਗੇ ਕਿ ਤੈਨੂੰ ਤੇਰਾ ਲੜਕਾ ਦੱਸੇਗਾ ਅਰਥ, ਜਦੋਂ 11 ਸਾਲ, 11 ਮਹੀਨੇ ਦਾ ਹੋ ਜਾਏਗਾ। ਸੋ ਮਹਾਰਾਜ ਮੇਰੀ ਉਮਰ ਪੂਰੀ ਹੋ ਗਈ ਹੈ ਤੇ ਮੈਂ ਹੁਣ ਆਪ ਜੀ ਦੇ ਚਰਨਾਂ ਵਿਚ ਆਇਆ ਹਾਂ।

ਕਹਿੰਦੇ, ਲੈ ਬਈ, ਕਾਕਾ! ਹੁਣ ਜੇ ਇਹ ਗੱਲ ਆ ਗਈ ਤਾਂ ਤੈਨੂੰ ਅਸੀਂ 100 ਸਾਲ ਦੀ ਉਮਰ

ਦਿੰਦੇ ਹਾਂ। 111 ਸਾਲ, 11 ਮਹੀਨੇ, 11 ਦਿਨ। ਜਾਹ ਕਹਿ ਦੇ ਆਪਣੇ ਪਿਤਾ ਨੂੰ। ਮੈਂ 12 ਸਾਲ ਦਾ ਹੋ ਕੇ ਜਾਊਂਗਾ, ਪਿਤਾ ਕੋਲ। ਪੂਰੇ 12 ਸਾਲ ਦਾ ਹੋ ਗਿਆ। ਪਿਤਾ ਹੈਰਾਨ ਹੋ ਗਿਆ। ਉਸ ਵੇਲੇ ਪਿਤਾ ਨੂੰ ਸਮਝ ਆਈ।

ਸੰਤ ਆ ਗਏ, ਕਹਿਣ ਲੱਗੇ, ਕਿਉਂ ਰਾਜਨ! ਤੇਰੇ ਪੁੱਤਰ ਨੇ ਅਰਥ ਦਸ ਦਿਤਾ ਤੈਨੂੰ? ਕਹਿੰਦਾ ਮੈਂ ਤਾਂ ਹੈਰਾਨ ਹਾਂ। ਕਹਿੰਦੇ, ਹੈਰਾਨ ਕੀ ਹੈਂ? ਰੱਬ ਹੈਗਾ ਨਿਰਗੁਨ ਉਹ ਆਪਣੇ ਬਾਰੇ ਕੋਈ ਨਹੀਂ ਦਸ ਸਕਦਾ ਕਿ ਮੈਂ ਵੀ ਹੈਗਾ। ਉਹਦੇ ਜਿਹੜੇ ਸਾਧੂ ਨੇ ਉਹਦੇ ਬਾਰੇ ਦਸਦੇ ਨੇ ਕਿ ਉਹ ਹੈਗਾ, ਉਹ ਇਹੋ ਜਿਹਾ ਹੈ। ਉਹਦੀ ਜਿਹੜੀ ਬੰਨ੍ਹੀ ਹੋਈ ਹੈ ਉਹ ਉਹਨੂੰ ਤੋੜ ਦਿੰਦੇ ਨੇ। ਉਹਨਾਂ ਦੀ ਮਰਜ਼ੀ ਹੈ।

ਕ੍ਰਿਸ਼ਨ ਮਹਾਰਾਜ ਨੂੰ ਕਿਹਾ ਕਿ ਮਹਾਰਾਜ ਦਰਬਾਸਾ ਰਿਸ਼ੀ ਨੇ ਬਚਨ ਕਰ ਦਿਤਾ। ਉਹ ਕਹਿੰਦੇ, ਮੈਂ ਬੰਨ੍ਹਿਆ ਗਿਆ ਹੁਣ ਤਾਂ ਕੁਲ ਦਾ ਨਾਸ਼ ਹੋਣਾ ਹੀ ਹੋਣਾ ਹੈ।

ਜਦੋਂ ਗੁਰੂ ਪੰਜਵੇਂ ਪਾਤਸ਼ਾਹ ਜੀ ਦੇ ਪਾਸ ਭਾਈ ਬੁੱਧੂ ਨੇ ਬੇਨਤੀ ਕਰੀ ਕਿ ਮਹਾਰਾਜ! ਮੇਰਾ ਤਾਂ ਆਵਾ ਕੱਚਾ ਰਹਿ ਗਿਆ, ਭਾਈ ਲੱਖੂ ਨੇ ਕਹਿ ਦਿਤਾ ਕੱਚਾ ਰਹੇਗਾ, ਸਾਰੀ ਸੰਗਤ ਕਹਿੰਦੀ ਹੈ ਪੱਕਾ। ਕਹਿੰਦੇ, ਹੁਣ ਤਾਂ ਕੱਚਾ ਹੀ ਰਹੇਗਾ।

ਮਹਾਰਾਜ! ਬਦਲ ਦਿਓ।

ਕਹਿੰਦੇ, ਨਹੀਂ।

ਭਗਵਾਨ ਨਾਲੋਂ ਉਹਦਾ ਭਗਤ ਵੱਡਾ ਹੁੰਦੈ। ਉਹਦਾ ਬਚਨ ਨਹੀਂ ਭਗਵਾਨ ਟਾਲਦਾ ਕਦੇ ਵੀ। ਹਾਂ, ਨਵਾਂ ਬਚਨ ਦਿੰਦੇ ਹਾਂ ਤੈਨੂੰ। ਤੇਰਾ ਜਿਹੜਾ ਕੱਚਾ ਆਵਾ ਹੈ, ਉਹ ਪੱਕਿਆਂ ਤੋਂ ਵੱਧ ਪੈਸੇ ਦਿਵਾਏਗਾ।

ਗੁਰੂ ਨੌਵੇਂ ਪਾਤਸ਼ਾਹ ਦੇ ਪਾਸ ਭਾਈ ਸੋਭਾ ਰਾਮ ਜਿਹੜਾ ਚੌਰ ਦੀ ਸੇਵਾ ਕਰਦਾ ਸੀ, ਗਿਆ।

ਪਾਤਸ਼ਾਹ! ਮੈਨੂੰ ਭਾਈ ਧੰਨੇ ਨੇ ਕਹਿ ਦਿਤਾ ਕਿ ਰਿੱਛ ਬਣੇਗਾ। ਤੁਸੀਂ ਇਹ ਬਦਲ ਦਿਓ।

ਮਹਾਰਾਜ ਕਹਿਣ ਲੱਗੇ, ਸੋਭਾ ਰਾਮਾ! ਭਾਈ ਧੰਨੇ ਦਾ ਵਾਕ ਮੈਂ ਅਣਥਾ ਨਹੀਂ ਕਰ ਸਕਦਾ। ਤੈਨੂੰ ਰਿੱਛ ਬਣਨਾ ਹੀ ਪੈਣਾ ਹੈ। ਅਸੀਂ ਰਿਆਇਤ ਇਹ ਕਰ ਦਿੰਦੇ ਹਾਂ ਕਿ ਅਸੀਂ ਤੇਰੀ ਸੰਭਾਲ ਛੇਤੀ ਨਾਲ ਕਰ ਲਵਾਂਗੇ। ਦਸਵੇਂ ਜਾਮੇ 'ਚ ਅਸੀਂ ਤੈਨੂੰ ਮੁਕਤ ਕਰਾ ਦੇਵਾਂਗੇ।

ਸੋ ਪ੍ਰਮੇਸ਼ਰ ਕਹਿੰਦੈ - ***'ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥ ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥'***

ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਮੈਂ ਜਿਹੜੀ ਬੇਨਤੀ ਕਰੀ ਹੈ ਕਹਿਣ ਲੱਗੇ, ਇਹ ਪਰਾਲਬਧ ਕਰਮ ਆਉਂਦੇ ਨੇ। ਇਹ ਭੋਗਣੇ ਪੈਂਦੇ ਨੇ।

*ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।*

ਇਹ ਭਾਵੀ ਨਹੀਂ ਟਲਿਆ ਕਰਦੀ। ਇਹ ਤਾਂ ਭੋਗਣੀ ਹੀ ਪੈਂਦੀ ਹੈ ਹਰ ਹਾਲਤ ਦੇ ਵਿਚ। ਹਾਂ, ਸਾਧੂ ਹੈਗੇ ਉਹ ਰੇਖ 'ਚ ਮੇਖ ਮਾਰਦੇ ਨੇ। ਉਹਨੂੰ ਹਲਕਾ ਕਰ ਦਿੰਦੇ ਨੇ। ਸੂਲੀ ਦੀ ਸੂਲ ਬਣਾ ਦੇਣਗੇ।

ਸੋ ਇਸ ਤਰ੍ਹਾਂ ਜੇ ਆਦਮੀ ਮਾੜੇ ਕਰਮ ਕਰਦਾ ਹੈ ਉਹ ਆਪਣੀ ਪਰਾਲਬਧ ਨੂੰ ਗਵਾ ਬੈਠਦਾ ਹੈ। ਮੋਹਰਾਂ ਦੇ ਕੋਲੇ ਬਣਾ ਲੈਂਦੈ। ਇਹ ਚੀਜ਼ ਹੈਗੀ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਤੇਰੀ ਪਰਾਲਬਧ 'ਚ ਜੋ ਲਿਖਿਆ ਹੋਇਐ, ਉਹ ਜ਼ਰੂਰ ਮਿਲਣਾ ਹੈ। ਤੂੰ ਗੁਰੂ ਦੀ ਬਾਣੀ ਦੇ ਉਤੇ ਵਿਸ਼ਵਾਸ਼ ਨਹੀਂ ਕੀਤਾ। ਤੈਨੂੰ ਵਿਸ਼ਵਾਸ਼ ਕਰਨਾ ਚਾਹੀਦਾ ਸੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ -

*ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ - ੧੨*

ਤੂੰ ਸਾਰਾ ਜ਼ੋਰ ਲਾ ਦਿਤਾ ਦੁਨੀਆਂ ਕਮਾਉਣ ਵਾਸਤੇ। ਇਹ ਤੇਰੇ ਕਿਸੇ ਕੰਮ ਨਹੀਂ, ਇਹ ਤੇਰੇ ਨਾਲ ਨਹੀਂ ਜਾਣਾ। ਸਭ ਇਥੇ ਹੀ ਰਹਿ ਜਾਣਾ ਹੈ, ਕੋਠੀਆਂ ਬਣੀਆਂ ਬਣਾਈਆਂ ਰਹਿ ਜਾਣੀਆਂ ਨੇ। ਸਗੋਂ ਚਿੰਤਾ ਹੈ ਕਿ ਸਾਂਭੇਗਾ ਕਿਹੜਾ, ਜੁਆਕਾਂ ਨੇ ਲੜਾਈ ਕਰਨੀ ਹੈ। ਮੁਕੱਦਮੇ ਬਾਜ਼ੀ ਕਰਨੀ ਹੈ। ਝਗੜੇ ਕਰਨੇ ਨੇ। ਜੋੜੀ ਗਿਆ ਪੈਸੇ ਇਕੱਠੇ ਕਰ-ਕਰ ਕੇ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ਅੰਗ - ੬੫੬*

*(ਬਾਕੀ ਪੰਨਾ 41 'ਤੇ)*

# ਮਮਾ ਮਨ ਸਿਉ ਕਾਜ ਹੈ........।

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ - ੬੯੪*

ਜਿੰਨੇ ਵੀ ਸਮਾਗਮ ਹੁੰਦੇ ਹਨ ਇਹ ਸਭ ਪ੍ਰਮੇਸ਼ਰ ਨਾਲ ਜੋੜਨ ਦਾ ਕੰਮ ਕਰਦੇ ਨੇ ਕਿ ਸਾਰੇ ਸਤਿਸੰਗ ਦੇ ਵਿਚ ਆ ਕੇ ਜੁੜਨ। ਕਿਉਂਕਿ ਸਤਿਸੰਗ ਵਿਚ ਕੇਵਲ ਨਾਮ ਨਾਲ ਜੁੜਿਆ ਜਾਂਦਾ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਪਿਆਰ ਦੀ ਕੋਈ ਪਰਿਭਾਸ਼ਾ ਨਹੀਂ ਕਿਉਂਕਿ ਜਿਧਰ ਵੀ ਦੇਖੋ ਪਿਆਰ ਹੀ ਪਿਆਰ ਨਜ਼ਰ ਆਉਂਦਾ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ।*
*ਜਾਪੁ ਸਾਹਿਬ*

ਪਿਆਰ ਦੇ ਵਿਚ ਸੰਗਤ ਪਹੁੰਚਦੀ ਹੈ -

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - ੧੦੭੫*

ਮਹਾਂਪੁਰਸ਼ ਸਤਿਸੰਗ ਦੀ ਜੁਗਤ ਸਮਝਾਇਆ ਕਰਦੇ ਸੀ ਕਿ ਸਤਿਸੰਗ ਕਿਵੇਂ ਕਰਨੀ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ - ੨੯੩*

ਮਹਾਂਪੁਰਸ਼ਾਂ ਨੇ ਸਾਸ-ਗਿਰਾਸ ਦਾ ਸਿਮਰਨ ਸਿਖਾਇਆ, ਜੁਗਤ ਦਰਸਾਈ। ਅਸਲ ਦੇ ਵਿਚ ਸਤਿਸੰਗ ਉਹ ਹੈ ਜਿਥੇ ਬੈਠ ਕੇ ਅੰਦਰ ਦਾ ਰਸਤਾ ਖੁਲ੍ਹੇ। ਆਪੇ ਦੀ ਖੋਜ ਹੋਵੇ। ਇਹ ਜਿਹੜੀ ਸਤਿਸੰਗ ਦੀ ਮਹਿਮਾ ਹੁੰਦੀ ਹੈ ਇਹਦੇ ਵਿਚ ਨਾਮ ਦੀ ਮਹਿਮਾ ਹੁੰਦੀ ਹੈ -

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥ ਅੰਗ - ੨੬੫*

*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ਅੰਗ- ੨੬੫*

ਵੱਡੇ-ਵੱਡੇ ਸੰਸਾਰ ਦੇ ਉਤੇ ਹੋਏ, ਨਾਮ ਤੋਂ ਬਿਨਾਂ ਕਿਵੇਂ ਰੋਏ? -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥ ਅੰਗ - ੯੫੩*

ਇੰਦਰ ਸਵਰਗਾਂ ਦਾ ਰਾਜਾ। ਦੇਵਤਿਆਂ ਦਾ ਉਹ ਮਾਲਕ, ਕਿੰਨਾ ਸੁਖ ਹੈ ਉਹਦੇ ਕੋਲ। ਅਪਸਰਾਵਾਂ ਹਨ, ਕਿੰਨਰ, ਗੰਧਰਬ ਹਨ। ਕਿੰਨੇ-ਕਿੰਨੇ ਵੱਡੇ ਰਾਗ ਰੰਗ ਉਥੇ ਹੁੰਦੇ ਹਨ। ਪਰ ਮਨ ਖੁਟਰ ਹੈ। ਪਰ ਮਨ ਖੁਟਰ ਹੈ। ਕੀ ਕੀਤਾ ਉਸ ਨੇ?

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ ॥ ਅੰਗ - ੧੩੪੪*

ਐਸੀਆਂ ਅਪਸਰਾਵਾਂ ਦਾ ਸੰਗ ਕਰਨ ਵਾਲਾ ਕਿੱਥੇ ਆਇਆ? ਅੱਧੀ ਰਾਤ ਲੰਘੀ, ਉਹ ਗੋਤਮ ਤਪਾ ਦਰਿਆ 'ਤੇ ਇਸ਼ਨਾਨ ਕਰਨ ਜਾਂਦਾ ਹੈ। ਪਿੱਛੋਂ ਇਹ ਗੋਤਮ ਤਪੇ ਦਾ ਭੇਸ ਬਣਾ ਕੇ, ਸਾਥੀ ਕੌਣ ਬਣਦਾ ਹੈ, ਮੁਰਗਾ ਕੁਵੇਲੇ ਦੀ ਬਾਂਗ ਦਿੰਦਾ ਹੈ। ਇਹ ਗੋਤਮ ਤਪੇ ਨਾਲ ਧੋਖਾ ਕਰਦਾ ਹੈ।

*ਘਰ ਕੀ ਨਾਰਿ ਤਿਆਗੈ ਅੰਧਾ ॥*
*ਪਰ ਨਾਰੀ ਸਿਉ ਘਾਲੈ ਧੰਧਾ ॥*
*ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥*
*ਅੰਤ ਕੀ ਬਾਰ ਮੂਆ ਲਪਟਾਨਾ ॥ ਅੰਗ - ੧੧੬੫*

ਸਿੰਮਲ ਬਹੁਤ ਚਤੁਰ ਰੁੱਖ ਹੈ, ਰੂੰ ਵਿਚ ਆਪਣਾ ਬੀਜ, ਉਡਾਰੀ ਮਾਰਦਾ ਉਸ ਜਗ੍ਹਾ 'ਤੇ ਲਾਉਂਦਾ ਹੈ ਜਿਥੇ ਕੋਈ ਦੂਸਰਾ ਦਰਖਤ ਨਹੀਂ ਹੁੰਦਾ-

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥*
*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥*
*ਅੰਗ - ੪੭੦*

ਸਿੰਮਲ ਦਾ ਫੁੱਲ ਫਿੱਕਾ ਹੈ –

ਤੋਤਾ ਉਸ ਫਲ 'ਤੇ ਆ ਕੇ ਚੁੰਝ ਮਾਰਦਾ ਹੈ। ਫਲ ਦੀ ਰੂੰ ਗਲ 'ਚ ਫਸ ਜਾਂਦੀ ਹੈ –

*ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥*
*ਅੰਤ ਕੀ ਬਾਰ ਮੂਆ ਲਪਟਾਨਾ ॥ ਅੰਗ – ੧੧੬੫*

ਤੜਫ–ਤੜਫ ਕੇ ਉਥੇ ਹੀ ਮਰ ਜਾਂਦਾ ਹੈ।

ਇਸੇ ਤਰ੍ਹਾਂ ਕਾਮ ਹੈ –

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ – ੩੧੫*

ਕਿੰਨੇ ਹੀ ਪੜ੍ਹਦੇ ਕਰ ਲਏ। ਅੱਧੀ ਰਾਤ ਇੰਦਰ ਗੋਤਮ ਤਪੇ ਦੇ ਆਸ਼ਰਮ 'ਚ ਆਇਆ। ਭੇਸ ਗੋਤਮ ਰਿਸ਼ੀ ਦਾ ਬਣਾਇਆ।ਚੰਦਰਮਾ ਨੂੰ ਸਾਥੀ ਬਣਾਇਆ, ਮੁਰਗੇ ਨੇ ਬਾਂਗ ਦਿਤੀ। ਸਾਰੇ ਜਿੰਨੇ ਭਾਗੀਦਾਰ ਬਣੇ, ਕੀ ਹੋਇਆ? –

*ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ ॥*
*ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥*
*ਅੰਗ – ੯੬੫*

ਰਿਸ਼ੀ ਇਸ਼ਨਾਨ ਕਰਦਾ ਹੈ ਤਾਂ ਅਵਾਜ਼ ਆਉਂਦੀ ਹੈ ਕਿ ਤੇਰੇ ਘਰ ਤਾਂ ਪਾੜ ਲਗ ਗਿਆ। ਅਜੇ ਤਾਂ ਅੱਧੀ ਰਾਤ ਹੈ, ਅੰਮ੍ਰਿਤ ਵੇਲਾ ਨਹੀਂ ਹੈ, ਤੂੰ ਪਹਿਲਾਂ ਹੀ ਆ ਗਿਆ ਇਸ਼ਨਾਨ ਕਰਨ। ਉਸ ਵੇਲੇ ਕਲੰਕ ਲੱਗਿਆ ਚੰਦਰਮਾ ਨੂੰ। ਅੱਜ ਤੱਕ ਉਹ ਦਿਸਦਾ ਹੈ। ਉਸ ਵੇਲੇ ਤੋਂ ਹੀ ਮੁਰਗਾ ਕੁਵੇਲੇ ਹੀ, ਦਿਨ ਵਿਚ ਵੀ ਬਾਂਗਾਂ ਦੇਈ ਜਾਂਦਾ ਹੈ। ਪਹਿਲਾਂ ਤਾਂ ਇਹ ਮਰਯਾਦਾ ਦੇ ਵਿਚ ਹੁੰਦਾ ਸੀ। ਚੰਦਰਮਾ ਦਾ ਦਾਗ ਸਾਰੇ ਹੀ ਦੇਖਦੇ ਨੇ। ਛੋਟਾ ਇਨਸਾਨ, ਮੱਛੀ ਪਾਣੀ 'ਚ ਰਹਿੰਦੀ ਹੈ, ਕੋਈ ਪਤਾ ਨਹੀਂ ਕਦੋਂ ਪਾਣੀ ਪੀਂਦੀ ਹੈ। ਪੰਛੀ ਆਉਂਦਾ ਤਾਂ ਪਤਾ ਲਗ ਜਾਂਦਾ ਪਾਣੀ ਪੀਂਦਾ। ਉਚੇ ਦਰਜੇ ਦਾ ਇਨਸਾਨ ਜਦੋਂ ਕੋਈ ਪਾਪ ਕਰੇ, ਪਾਪ ਵਿਚ ਭਾਗੀਦਾਰ ਬਣੇ ਸਾਰੇ ਸੰਸਾਰ ਨੂੰ ਦਿਸਦਾ ਹੈ। ਇਹ ਦਾਗ ਨਹੀਂ ਅੱਜ ਤਕ ਗਿਆ।

ਰਿਸ਼ੀ ਜਦੋਂ ਆਇਆ ਸਭ ਦੇਖ ਕੇ ਉਸ ਨੇ ਆਪਣੀ ਇਸਤ੍ਰੀ ਅਹੱਲਿਆ ਨੂੰ ਵੀ ਸਰਾਪ ਦਿਤਾ ਕਿ ਤੈਨੂੰ ਆਪਣੇ–ਪਰਾਏ ਦਾ ਪਤਾ ਹੀ ਨਹੀਂ ਲੱਗਿਆ? ਸਰਾਪ ਦਿਤਾ ਕਿ ਤੂੰ ਸਿਲਾ ਬਣ ਜਾ ਪੱਥਰ ਦੀ। ਕਦੋਂ ਭਲਾ ਹੋਏਗਾ ਪੁੱਛਿਆ। ਕਹਿੰਦੇ ਜਦੋਂ ਸ੍ਰੀ ਰਾਮ ਚੰਦਰ ਜੀ ਆਉਣਗੇ ਤ੍ਰੇਤਾ ਯੁੱਗ ਦੇ ਅਵਤਾਰ, ਉਨ੍ਹਾਂ ਦੇ ਸਪਰਸ਼ ਕਰਨ ਨਾਲ ਤੇਰਾ ਭਲਾ ਹੋਏਗਾ। ਕਹਿਣ ਲੱਗੀ, ਉਹ ਕਦੋਂ ਆਏਗਾ? ਕਹਿਣ ਲੱਗੇ, ਸਤਿਜੁਗ, ਦੁਆਪਰ, ਤ੍ਰੇਤਾ, ਕਲਜੁਗ। ਬਹੁਤ ਸਮਾਂ ਹੈ। ਕਹਿਣ ਲੱਗੀ, ਕ੍ਰਿਪਾ ਕਰੋ, ਹੇ ਪਤੀ ਪ੍ਰਮੇਸ਼ਰ ਭੁੱਲ ਹੋ ਗਈ। ਕਿਉਂਕਿ ਭੁੱਲ ਦਾ ਦਰਜਾ ਮਹਾਂਪੁਰਸ਼ ਹੀ ਦੇ ਸਕਦੇ ਨੇ। ਕਿੱਡੀ ਕ੍ਰਿਪਾ ਕੀਤੀ, ਤ੍ਰੇਤਾ ਯੁੱਗ ਦੁਆਪਰ ਯੁੱਗ ਤੋਂ ਪਹਿਲਾਂ ਹੀ ਆ ਗਿਆ। ਕਿਥੇ ਦੁਆਪਰ ਤੋਂ ਬਾਅਦ ਆਉਣਾ ਸੀ। ਰਿਸ਼ੀ ਨੇ ਯੁੱਗ ਹੀ ਪਲਟਾ ਦਿਤਾ। ਐਡੇ–ਐਡੇ ਰਿਸ਼ੀ ਹੋਏ ਨੇ। ਇੰਦਰ ਨੂੰ ਕੋਹੜ ਹੋ ਗਿਆ –

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥*
*ਅੰਗ – ੧੩੪੪*

ਪਛਤਾਵਾ ਹੀ ਹੈ ਭੋਗ ਦੀ ਜ਼ਿੰਦਗੀ।

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ – ੪੬੪*

ਹੁਣ ਮਨ ਪਿੱਛੇ ਲਗ ਕੇ ਇਹ ਸਭ ਹੋਇਆ ਕਿਉਂਕਿ ਮਨ ਪਹਿਲਾਂ ਰੋਗੀ ਹੁੰਦਾ ਹੈ। ਤਨ ਬਾਅਦ ਵਿਚ ਰੋਗੀ ਹੁੰਦਾ ਹੈ।

ਰਤਵਾੜਾ ਸਾਹਿਬ ਵਿਸ਼ਵ ਪ੍ਰਸਿੱਧ ਯੋਗੀ ਡਾ. ਸਵਾਮੀ ਰਾਮ ਜੀ, ਜੋ 1995 ਦੇ ਵਿਚ, ਸਰੀਰ ਦਾ ਪ੍ਰਤਿਆਗ ਕਰ ਗਏ। ਐਸੇ ਮਹਾਂਪੁਰਸ਼, ਉਨ੍ਹਾਂ ਨੇ demo state ਕਰਨਾ ਕਿ ਕਿਵੇਂ ਇਹ ਮਨ ਰੋਗੀ ਹੁੰਦਾ ਹੈ। ਉਹ ਸਿੱਧ ਵੀ ਕਰ ਦਿੰਦੇ ਸਨ ਕਿ 80% ਬਿਮਾਰੀਆਂ ਮਨ ਦੀਆਂ ਨੇ। ਉਹ ਯੋਗ ਦੀਆਂ ਪ੍ਰਕ੍ਰਿਆਵਾਂ ਵੀ ਕਰਕੇ ਦਿਖਾਉਂਦੇ। ਉਨ੍ਹਾਂ ਨੇ ਇਸ ਵਿਸ਼ੇ ਦੇ ਉਤੇ ਬਹੁਤ ਲਿਖਿਆ ਹੈ ਕਿ ਕਿਵੇਂ ਮਨ ਰੋਗੀ ਹੋ ਜਾਂਦਾ ਹੈ। ਮਨ ਪ੍ਰੇਰਨਾ ਦਿੰਦਾ ਹੈ, ਬੁੱਧ, ਚਿਤ, ਅਹੰਭਾਵ ਚਾਰ ਜੁੜ ਕੇ ਅੰਤਸ਼ਕਰਣ ਬਣਦਾ ਹੈ। ਅੰਤਸ਼ਕਰਣ ਦੇ ਉਤੇ ਰੂਪ ਵੇਖ–ਵੇਖ ਕੇ ਮੈਲ ਪੈਂਦੀ ਜਾਂਦੀ ਹੈ –

*ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ॥ ਅੰਗ – ੧੨੮੮*

ਇਸ ਕਰਕੇ ਇਹ ਅੰਦਰਲੀ ਰਹਿਤ ਰੱਖੇ –

*ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*
*ਸਾਧ ਕੀ ਟਹਲ ਸੰਤਸੰਗਿ ਹੇਤ ॥*
*ਕਰਨ ਨ ਸੁਨੈ ਕਾਹੂ ਕੀ ਨਿੰਦਾ ॥*

*ਸਭ ਤੇ ਜਾਨੈ ਆਪਸ ਕਉ ਮੰਦਾ ॥*
*ਗੁਰ ਪ੍ਰਸਾਦਿ ਬਿਖਿਆ ਪਰਹਰੈ ॥*
*ਮਨ ਕੀ ਬਾਸਨਾ ਮਨ ਤੇ ਟਰੈ ॥*
*ਇੰਦ੍ਰੀ ਜਿਤ ਪੰਚ ਦੋਖ ਤੇ ਰਹਤ ॥*
*ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥* *ਅੰਗ - ੨੭੪*

ਜੇ ਅੰਦਰਲੀ ਰਹਿਤ ਰੱਖ ਲਈ ਤਾਂ ਕਿੱਡੀ ਵੱਡੀ ਬਖਸ਼ਿਸ਼ ਹੁੰਦੀ ਹੈ। ਬਾਹਰਲੀਆਂ ਰਹਿਤਾਂ ਤਾਂ ਪੰਜ ਪਿਆਰੇ ਦਸਦੇ ਹੀ ਨੇ। ਚਾਰ ਕੁਰਹਿਤਾਂ ਨੇ, ਇਸੇ ਤਰ੍ਹਾਂ ਰਹਿਤਾਂ ਨੇ। ਪੰਜ ਬਾਣੀਆਂ ਨੇ, ਸ਼ਾਮ ਦਾ ਰਹਿਰਾਸ ਸਾਹਿਬ ਤੇ ਕੀਰਤਨ ਸੋਹਿਲਾ ਰਾਤ ਨੂੰ। ਇਹ ਬਹਿਰੰਗ ਸਾਧਨ ਨੇ। ਸਮ, ਦਮ, ਯਮ, ਨਿਯਮ, ਆਸਣ, ਪ੍ਰਤਿਹਾਰ, ਪ੍ਰਾਣਾਯਾਮ, ਨਿਧਿਆਸਣ ਇਹ ਕਰਦੇ-ਕਰਦੇ ਕਿਉਂਕਿ ਰਹਿਤਾਂ ਹੁੰਦੀਆਂ ਨੇ, ਸਮ, ਦਮ, ਯਮ, ਨਿਯਮ ਦੀ ਜਿਹੜੀ ਵੱਡੀ ਰਹਿਤ ਹੈ। ਮਹਾਂਪੁਰਸ਼ਾਂ ਨੇ ਤਾਂ ਆਪਣੀਆਂ ਪੁਸਤਕਾਂ ਵਿਚ ਖੋਲ੍ਹ-ਖੋਲ੍ਹ ਕੇ ਇਸ ਬਾਰੇ ਦਸਿਆ ਹੈ। ਜਦੋਂ ਤਕ ਅੰਦਰਲੀਆਂ ਰਹਿਤਾਂ ਨਹੀਂ ਰਖਦੇ, ਉਸ ਸਮੇਂ ਤਕ ਨਾਮ ਤਕ ਪਹੁੰਚ ਨਹੀਂ ਹੋ ਸਕਦੀ। ਨਾਮ 'ਚ ਅਸਥਿਤੀ ਨਹੀਂ ਆ ਸਕਦੀ ਕਿਉਂਕਿ ਜਦੋਂ ਤਕ ਕਾਮ ਹੈ, ਇਹ ਨਾਮ ਨਹੀਂ। ਨਾਮ 'ਚ ਅਸਥਿਤ ਹੋ ਗਏ ਤਾਂ ਆਪੇ ਹੀ ਵਾਸ਼ਨਾਵਾਂ ਸ਼ਾਂਤ ਹੋ ਜਾਂਦੀਆਂ ਨੇ। ਮਨੋ ਨਾਸ਼, ਵਾਸ਼ਨਾ ਖ੍ਰੈ, ਤੱਤ ਗਿਆਨ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਪੜ੍ਹ ਕੇ ਦੇਖਿਆ ਕਰੋ, ਪੜ੍ਹ ਕੇ ਵਿਚਾਰਿਆ ਕਰੋ। 'ਆਤਮ ਮਾਰਗ' ਮੈਗਜ਼ੀਨ ਵਿਚ ਪੜ੍ਹ ਕੇ ਪਤਾ ਲਗਦਾ ਹੈ ਕਿ ਉਹ ਕਿਹੜੀਆਂ ਅੰਦਰਲੀਆਂ ਰਹਿਤਾਂ ਹਨ।

ਇਸ ਤਰ੍ਹਾਂ ਦੇ ਨਾਲ ਮਨ ਦਾ ਹੀ ਸਾਰਾ ਕੰਮ ਹੈ। ਮਨ ਹੀ ਇੰਦਰ ਨੂੰ ਕਿੱਥੋਂ ਪ੍ਰੇਰ ਕੇ ਲਿਆਇਆ। ਕਿਥੇ ਲਿਆ ਕੇ ਸੁੱਟਿਆ। ਸਰੀਰ ਦੇ ਉਤੇ ਹੀ ਉਸ ਰਿਸ਼ੀ ਦਾ ਐਸਾ ਸਰਾਪ ਲੱਗਿਆ ਕਿ ਰੋਂਦਾ ਸੀ ਫੇਰ।

ਰਿਸ਼ੀ ਜਿਹੜੇ ਹੁੰਦੇ ਸੀ ਇਹ ਸਾਧਨਾ ਸੰਪੰਨ ਹੁੰਦੇ ਸੀ।

*ਸੂਰਬੀਰ ਬਚਨ ਕੇ ਬਲੀ ॥* *ਅੰਗ - ੩੯੨*

ਯੁੱਗ ਪਲਟਾ ਦਿਤਾ। ਐਸੇ ਮਹਾਨ ਪੁਰਸ਼ ਹੋਰ ਵੀ ਕਈ ਹੋਏ ਗੋਤਮ ਤਪੇ ਵਰਗੇ। ਸੋ ਬਜਰ ਕੁਰਹਿਤ ਇਹਨੂੰ ਮੰਨਿਆ ਹੈ। ਜਿਹੜੇ ਕਕਾਰ ਹਨ ਇਹਨਾਂ ਵਿਚ ਜਤ ਸਤ ਦੀ ਨਿਸ਼ਾਨੀ ਰੱਖਣ ਦੀ ਤਾਕੀਦ ਦਰਸਾਈ ਹੈ। ਕੜਾ ਸੱਜੇ ਹੱਥ ਦੇ ਵਿਚ, ਇਹ ਨਿਸ਼ਾਨੀ ਹੈ, ਪ੍ਰਤੀਕ ਹੈ ਕਿ ਜੇ ਹੱਥ ਮਾੜੇ ਕੰਮ ਵਲ ਨੂੰ ਵਧੇਗਾ ਤਾਂ ਹਥਕੜੀ ਲੱਗੇਗੀ। ਇਸੇ ਤਰ੍ਹਾਂ ਕਕਾਰ ਹਨ। ਬਾਹਰਲੀਆਂ ਰਹਿਤਾਂ ਰਖਦੇ-ਰਖਦੇ ਅੰਤਰੰਗ ਸਾਧਨ ਸੰਪੰਨ ਹੋਈਦਾ ਹੈ। ਜੇ ਰਹਿਤ ਨਹੀਂ ਰਖਦੇ, ਪਾਤਸ਼ਾਹ ਕਹਿੰਦੇ, 'ਰਹਿਤ ਬਿਨਾ ਨਾ ਸਿੱਖ ਕਹਾਵੈ।'

*ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ।*
*ਰਹਿਣੀ ਰਹੇ ਸੋਈ ਸਿਖ ਮੇਰਾ*
*ਉਹ ਸਾਹਿਬ ਮੈ ਉਸ ਕਾ ਚੇਰਾ।*

ਇਸ ਕਰਕੇ ਬਾਣੀ ਤੇ ਬਾਣਾ। ਜਿਹੜਾ ਬਾਣਾ ਹੈ uniform code of conduct ਹੈ। ਸਾਰੇ ਪਾਸੇ ਇਹ ਰਾਮ ਕਾਰ ਹੈ। ਜੇ ਦੇਖੋ ਖੱਬੇ ਪਾਸੇ ਕਿਰਪਾਨ ਹੈ। ਸੱਜੇ ਪਾਸੇ ਕੜਾ ਹੈ। ਕੇਸਾਂ 'ਚ ਕੰਘਾ ਹੈ। ਕਛਹਿਰਾ ਹੈ। ਇਹ ਸਾਰੇ ਪਾਸੇ ਹੀ ਰਾਮ ਕਾਰ ਬਣੀ ਹੋਈ ਹੈ -

*ਸਿਖੀ ਸਿਖਿਆ ਗੁਰ ਵੀਚਾਰਿ ॥*
*ਨਦਰੀ ਕਰਮਿ ਲਘਾਏ ਪਾਰਿ ॥* *ਅੰਗ - ੪੬੫*

ਇਸ ਕਰਕੇ ਸਾਰਾ ਕੰਮ ਮਨ ਦਾ ਹੈ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥* *ਅੰਗ - ੩*

ਚਾਰ ਪਉੜੀਆਂ ਜਪੁਜੀ ਸਾਹਿਬ ਦੇ ਵਿਚ 'ਮੰਨੇ' ਦੀਆਂ ਹਨ ਕਿ -

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* *ਅੰਗ - ੪*

ਅੰਦਰਲੇ ਤੀਰਥ ਦੇ ਵਿਚ ਇਸ਼ਨਾਨ ਕੀਤਾ। ਮਨ ਦੇ ਵਿਚ ਭਉ ਪੈਦਾ ਕੀਤਾ। ਕਿਉਂਕਿ -

*ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ ਬਿੰਦ ॥*
*ਨਾਨਕ ਮੁਇਆ ਕਾ ਕਿਆ ਮਾਰਣਾ*
*ਜਿ ਆਪਿ ਮਾਰੇ ਗੋਵਿੰਦ ॥* *ਅੰਗ - ੧੦੯੩*

ਭੈ ਤੇ ਭਉ ਇਹ ਬਹੁਤ ਜ਼ਰੂਰੀ ਹੈ। ਇਸ ਤੋਂ ਬਿਨਾਂ ਭਗਤੀ ਮਾਰਗ ਦੇ ਉਤੇ ਚੱਲਿਆ ਨਹੀਂ ਜਾਂਦਾ। ਪਰ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ - ੩੪੨*

ਮਨ ਜਿਹਨੇ ਜਿੱਤ ਲਿਆ, ਸਮਝ ਲਓ ਜਗ ਹੀ ਜਿੱਤ ਹੋ ਗਿਆ।

*ਮਨ ਜੀਤੇ ਜਗ ਜੀਤ।*

ਇਕ ਪੰਡਤ ਜਗ ਜੀਤ ਸੀ, ਉਹ ਜਿੱਤਦਾ ਆਉਂਦਾ ਹੈ। ਉਹ ਗਾਂਗੇ ਤੇਲੀ ਨੇ ਹਰਾ ਦਿਤਾ। ਇਹ ਸਾਖੀ ਪ੍ਰਮਾਣ ਹੈ। ਭਾਵੇਂ ਇਹ ਇਸ਼ਾਰਾ ਮਾਤਰ ਗੁਰਬਾਣੀ ਦੇ ਵਿਚ ਆਏ ਹਨ ਪਰ ਇਹਦੇ ਪਿੱਛੇ ਬਹੁਤ ਵੱਡਾ ਰਹੱਸ ਹੈ।

ਡਾ. ਸਵਾਮੀ ਰਾਮ ਜੀ ਨੂੰ ਰਤਵਾੜਾ ਸਾਹਿਬ ਮਹਾਂਪੁਰਸ਼ਾਂ ਨੇ ਬਚਨ ਕੀਤਾ ਕਿ ਤੁਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹ ਜੀ ਦੀ ਬਾਣੀ ਦੀ ਤਰਜਮਾ, ਕਵਿਤਾ (poetry) ਦੇ ਵਿਚ, ਇੰਗਲਿਸ਼ ਦੇ ਵਿਚ ਕਰੋ। ਪ੍ਰੋਫੈਸਰਾਂ ਨੇ ਟ੍ਰਾਂਸਲੇਟ ਕੀਤਾ ਹੈ ਬੁੱਧੀ ਮੰਡਲ ਤੋਂ। ਤੁਸੀਂ ਅਨੁਭਵੀ ਹੋਂ, 45 ਸਾਲ ਹਿਮਾਲਿਆ ਦੀਆਂ ਗੁਫਾਵਾਂ ਵਿਚ ਬੈਠ ਕੇ ਸਮਾਧੀਆਂ ਲਾਉਂਦੇ ਰਹੇ। ਤੁਸੀਂ ਇਸ ਦਾ ਅਨੁਵਾਦ ਕਰੋ।

ਉਹਨਾਂ ਨੇ ਵਾਅਦਾ ਕਰ ਲਿਆ ਸਟੇਜ 'ਤੇ ਕਿ ਇਕ ਸਾਲ ਵਿਚ ਮੈਂ ਕਰਕੇ ਲਿਆਵਾਂਗਾ। ਪਰ ਹੋਇਆ ਕੀ? ਇਕ ਦਿਨ ਸਵਾਮੀ ਜੀ ਰਾਤ ਨੂੰ 11 ਵਜੇ ਤੋਂ ਲੈ ਕੇ 4 ਵਜੇ ਤਕ ਜਾਗਦੇ ਰਹੇ, ਕਹਿਣ ਲੱਗੇ, ਮੈਂ ਤਾਂ ਗਲਤ ਗੱਲ ਕਹਿ ਬੈਠਿਆ। ਮੈਨੂੰ ਨਹੀਂ ਸੀ ਪਤਾ, ਭਾਵੇਂ ਉਹਨਾਂ ਨੇ ਵੇਦਾਂ, ਸ਼ਾਸਤਰਾਂ, ਪੁਰਾਨ, ਕੁਰਾਨ, ਗੀਤਾ, ਬਾਈਬਲ ਦੀ ਸਾਰੀ ਖੋਜ ਕੀਤੀ ਹੋਈ ਸੀ। ਪਰ ਕਹਿੰਦੇ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਤਸ਼ਾਹ ਜੀ ਦੀ ਬਾਣੀ ਵਿਚਾਰੀ ਤਾਂ ਕਹਿੰਦੇ ਇਹ ਤਾਂ ਇਕ-ਇਕ ਅੱਖਰ ਫਿਲੋਸਫੀ ਹੈ। ਇਹ ਤਾਂ ਸਾਰਿਆਂ ਦਾ ਫਿਲਟਰ ਹੈ। ਇਹ ਬਾਣੀ ਅਗਾਧ ਬੋਧ ਹੈ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਫੇਰ ਇਹ ਉਪਦੇਸ਼ ਵੀ ਸਾਰਿਆਂ ਵਾਸਤੇ ਹੈ-

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ- ੭੪੮*

ਮਹਾਂਪੁਰਸ਼ਾਂ ਨੇ ਸੰਤ ਸਮਾਜ ਬਣਾਇਆ, ਉਹਦਾ ਸੰਵਿਧਾਨ 29 ਸਫੇ ਮਹਾਂਪੁਰਸ਼ਾਂ ਨੇ ਆਪ ਲਿਖੇ। ਉਹ ਚਾਹੁੰਦੇ ਸਨ ਕਿ ਸਾਰੇ ਇਕੱਠੇ ਹੋ ਕੇ ਸੰਤ ਸਮਾਜ ਇਹ ਉਪਰਾਲਾ ਕਰੀਏ ਕਿ ਜਿਹੜਾ ਐਡਾ ਵੱਡਾ ਸਿਧਾਂਤ ਹੈ, Universal massage ਜੋ ਹੈ, ਉਹ ਦੇਈਏ। ਫੇਰ ਉਹਨਾਂ ਨੇ ਜਦੋਂ ਦੇਖਿਆ ਕਿ ਇਹ ਤਾਂ ਰਾਜਨੀਤੀ ਵਲ ਚਲੇ ਗਏ। ਫੇਰ ਉਹਨਾਂ ਨੇ ਆਪਣੇ ਤੌਰ 'ਤੇ 'ਆਤਮ ਮਾਰਗ' ਮੈਗਜ਼ੀਨ ਸ਼ੁਰੂ ਕੀਤਾ। ਹਿੰਦੀ, ਪੰਜਾਬੀ, ਇੰਗਲਿਸ਼ ਵਿਚ ਕਿੰਨੀਆਂ ਪੁਸਤਕਾਂ ਬਣ ਗਈਆਂ। ਇਹਦੇ ਵਿਚ ਆਪ ਨੇ ਸਿਧਾਂਤ ਨੂੰ ਖੋਲ੍ਹ-ਖੋਲ੍ਹ ਕੇ ਪ੍ਰਗਟ ਕੀਤਾ ਹੈ।

ਸੋ ਮਨ ਨੂੰ ਰੋਕਣ ਦਾ ਸਾਧਨ ਕੀ ਹੈ? ਇਹ ਸਵਾਸ 'ਤੇ ਦੌੜਦਾ ਹੈ। ਸਵਾਸ ਨੂੰ ਕੰਟਰੋਲ ਕਰ ਲਓ, ਆਪੇ ਮਨ ਰੁਕ ਜਾਏਗਾ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

*(ਪੰਨਾ 37 ਦੀ ਬਾਕੀ)*

ਉਹ ਕੰਮ ਨਹੀਂ ਕਰਨਾ। ਤੂੰ ਕੰਮ ਕਰਨ ਆਇਆ ਹੈਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨*

ਮਹਾਤਮਾ ਕਹਿਣ ਲੱਗੇ, ਬੀਬੀ! ਆਪਣੀ ਦੇਹੀ ਨੂੰ ਪਛਾਣ -

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥*
*ਜਬ ਲਗੁ ਜਰਾ ਰੋਗੁ ਨਹੀ ਆਇਆ ॥*
*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥ ੨ ॥*
*ਅਬ ਨ ਭਜਸਿ ਭਜਸਿ ਕਬ ਭਾਈ ॥*
*ਆਵੈ ਅੰਤੁ ਨ ਭਜਿਆ ਜਾਈ ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ ॥*
*ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯*

ਜਿੰਨਾਂ ਚਿਰ ਬੁਢਾਪੇ ਦਾ ਰੋਗ ਨਹੀਂ ਲੱਗਿਆ। ਬੁਢਾਪੇ ਦਾ ਰੋਗ ਕੀ ਕਰਦੈ? ਨਾਮ ਨਹੀਂ ਜਪਣ ਦਿੰਦਾ। ਕਦੀ ਅੱਖਾਂ ਦੁਖਣ ਲਗ ਗਈਆਂ, ਕਦੇ ਗੋਡੇ ਦੁਖਣ ਲਗ ਗਏ, ਕਦੇ ਪਿੱਠ 'ਚ ਦਰਦ ਹੋਣ ਲਗ ਗਿਆ, ਕਦੇ ਕੰਨਾਂ 'ਚ ਹੋਣ ਲਗ ਗਿਆ। ਆਪਰੇਸ਼ਨ ਕਰਾਉਣੈ ਜੀ, ਮੋਤੀਆ ਆ ਗਿਆ। ਜੁੜਿਆ ਪਿਐ ਇਹਨਾਂ ਗੱਲਾਂ ਦੇ ਵਿਚ। ਬੁਢਾਪਾ ਹੁੰਦਾ ਕੀ ਹੈ ਰੋਗਾਂ ਦੀ ਖਾਨ ਹੁੰਦੀ ਹੈ। ਉਹ ਤਾਂ ਵੇਲਾ ਜੁਆਨੀ ਹੁੰਦੀ ਹੈ ਨਾਮ ਜਪਣ ਦੀ। ਉਸ ਤੋਂ ਵੀ ਪਹਿਲਾਂ ਜੇ ਲਗਨ ਲਗ ਜਾਏ ਬੱਚੇ ਨੂੰ -

*ਰਾਮ ਜਪਉ ਜੀ ਐਸੇ ਐਸੇ ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ਅੰਗ - ੩੩੭*

ਸੋ ਮਹਾਤਮਾ ਬਚਨ ਕਰ ਰਹੇ ਨੇ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

*(ਵੀਡੀਓ ਫਿਲਮ ਦੀਵਾਨ 756 ਦੀ ਬਾਕੀ)*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-44)*

ਗੁਰੂ ਚੌਥੀ ਪਾਤਸ਼ਾਹ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ 1553 ਈ. ਵਿਚ ਹੋਇਆ। ਉਨ੍ਹਾਂ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਅਤੇ ਮਹਾਂਦੇਵ ਸਨ। ਪ੍ਰਿਥੀ ਚੰਦ ਨੂੰ ਪਿਤਾ ਗੁਰੂ ਰਾਮਦਾਸ ਨੇ ਚੱਕ ਰਾਮਦਾਸ ਅਤੇ ਅੰਮ੍ਰਿਤਸਰ ਸਰੋਵਰ ਦੀ ਉਸਾਰੀ ਅਤੇ ਲੇਖੇ ਪੱਤੇ ਦਾ ਕੰਮ ਸੌਂਪਿਆ ਹੋਇਆ ਸੀ ਅਤੇ ਵੱਡਾ ਹੋਣ ਦੇ ਨਾਤੇ ਉਹ ਆਪਣੇ ਆਪ ਨੂੰ ਗੱਦੀ ਦਾ ਹੱਕਦਾਰ ਸਮਝਦਾ ਸੀ ਪਰ ਇਸ ਦੀ ਬਿਰਤੀ ਵਧੇਰੇ ਕਰਕੇ ਦੁਨਿਆਵੀ ਸੀ, ਸਿਦਕ, ਗੁਰੂ ਭਗਤੀ ਅਤੇ ਨਾਮਬਾਣੀ ਦੇ ਰਸ ਤੋਂ ਕੋਰਾ ਸੀ। ਮਹਾਂਦੇਵ ਤਿਆਗੀ ਬਿਰਤੀ ਵਾਲਾ ਹੋਣ ਕਾਰਨ ਸਿੱਖ ਲਹਿਰ ਦੀਆਂ ਵਧ ਰਹੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਣ ਯੋਗ ਨਹੀਂ ਸੀ। ਇਸ ਲਈ ਗੁਰੂ ਪਿਤਾ ਦੇ ਅਨਿੰਨ ਸੇਵਕ ਅਤੇ ਭਗਤ, ਸੁਹਿਰਦ, ਦਿੱਬ ਦ੍ਰਿਸ਼ਟੀ ਦੇ ਮਾਲਕ, ਸੰਗਤਾਂ ਵਿਚ ਹਰਮਨ ਪਿਆਰੇ ਸ੍ਰੀ ਗੁਰੂ ਅਰਜਨ ਦੇ ਜੀ ਨੂੰ ਗੁਰਗੱਦੀ ਦੀ ਸੌਂਪਣਾ ਹੋਈ। ਗੁਰੂ ਜੀ ਨੇ ਪੂਰੀ ਤਨਦੇਹੀ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸੰਚਾਲਿਤ ਹੋਈ ਸਿਖ ਲਹਿਰ, ਨਿਰਮਲ ਪੰਥ ਨੂੰ ਹਰ ਪੱਖੋਂ ਮਜ਼ਬੂਤ ਕੀਤਾ ਅਤੇ ਸਿੱਖ ਲਹਿਰ ਲੋਕ-ਲਹਿਰ ਦਾ ਰੂਪ ਧਾਰਨ ਕਰ ਗਈ। ਇਸ ਲਹਿਰ ਨਾਲ ਉੱਚੀ ਬਿਰਤੀ ਵਾਲੇ ਮੁਸਲਮਾਨ ਵੀ ਸੁਹਿਰਦਤਾ ਰਖਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਕਤੂਬਰ 1588 ਈ. ਵਿਚ ਐਸੇ ਹੀ ਨੇਕ ਪੁਰਸ਼ ਪੀਰ ਮੀਆਂ ਮੀਰ ਜੀ ਅਤੇ ਹੋਰ ਗੁਰਸਿੱਖਾਂ ਨੂੰ ਨਾਲ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ। ਸਿੱਖੀ ਪਿਆਰ ਤੇ ਪਾਸਾਰ ਲਈ ਨਵੇਂ ਕੇਂਦਰ ਸਥਾਪਿਤ ਕੀਤੇ। ਤਰਨ ਤਾਰਨ ਸਾਹਿਬ ਨਵਾਂ ਕਸਰਬਾ ਵਸਾਇਆ ਅਤੇ ਏਥੇ ਦੁਖੀਆਂ ਬੀਮਾਰਾਂ ਦੇ ਇਲਾਜ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਸੰਨ 1590 ਵਿਚ ਕਰਤਾਰਪੁਰ ਵਸਾਇਆ। ਪਾਣੀ ਦੀ ਥੁੜ ਨੂੰ ਦੂਰ ਕਰਨ ਲਈ ਬਹੁਤ ਥਾਈਂ ਖੂਹ ਲਵਾਏ।

ਲਾਹੌਰ ਵਿਚ ਕਾਲ ਪੈਣ ਸਮੇਂ ਆਪ ਜੀ ਨੇ ਸਿੱਖਾਂ ਸੇਵਕਾਂ ਅਤੇ ਪਰਿਵਾਰ ਸਣੇ ਦੁਖੀਆਂ ਦੀ ਬਹੁਤ ਸੇਵਾ ਕੀਤੀ। ਸ਼ਹਿਰ ਦੀਆਂ ਗਲੀਆਂ ਬਜ਼ਾਰਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਏਨੀ ਵਧ ਗਈ ਕਿ ਮੁਰਦੇ ਢੋਣ ਲਈ ਕੋਈ ਨੇੜੇ ਨਹੀਂ ਸੀ ਢੁਕਦਾ। ਆਪ ਜੀ ਨੇ ਇਸ ਸੇਵਾ ਨੂੰ ਆਪਣੀ ਅਗਵਾਈ ਹੇਠ ਨਿਭਾਇਆ। ਬਾਦਸ਼ਾਹ ਅਕਬਰ ਜਦੋਂ ਲਾਹੌਰ ਆਇਆ ਤਾਂ ਉਸ ਨੇ ਇਸ ਸੇਵਾ ਤੇ ਬਹੁਤ ਪ੍ਰਸੰਨਤਾ ਪ੍ਰਗਟ ਕੀਤੀ ਅਤੇ ਗੁਰੂ ਜੀ ਦੇ ਕਹਿਣ ਤੇ ਪੰਜਾਬ ਭਰ ਦੇ ਕਿਸਾਨਾਂ ਦਾ ਮਾਮਲਾ ਮਾਫ ਕਰ ਦਿਤਾ। ਲਾਹੌਰ ਡੱਬੀ ਬਜ਼ਾਰ ਵਿਚ ਆਪ ਜੀ ਨੇ ਬਉਲੀ ਸਾਹਿਬ ਦੀ ਵੀ ਉਸਾਰੀ ਕੀਤੀ।

ਆਪ ਜੀ ਦੀ ਸਭ ਤੋਂ ਸ੍ਰੇਸ਼ਠ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਹੈ ਜੋ ਸਿੱਖ ਸੰਗਤਾਂ ਦੀ ਭਗਤੀ ਭਾਵਨਾ ਦਾ ਕੇਂਦਰ ਸਿੱਧ ਹੋਇਆ। 6000 ਸ਼ਬਦਾਂ ਦੇ ਇਸ ਸੰਗ੍ਰਹਿ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁਟ, ਪੰਦਰਾਂ ਵੱਖ-ਵੱਖ ਮੱਤ ਮਤਾਂਤਰਾਂ ਦੇ ਭਗਤਾਂ ਅਤੇ ਮੁਸਲਿਮ ਸੂਫੀ ਫਕੀਰ ਬਾਬਾ ਫਰੀਦ ਦੀ ਬਾਣੀ ਸ਼ਾਮਲ ਕੀਤੀ ਗਈ। (ਬਾਅਦ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਵੀ ਸੰਮਿਲਤ ਕੀਤੀ ਗਈ) ਇਹ ਸਰਬ ਸਾਂਝੀਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਸੀ। ਇਸ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮੱਧ ਕਾਲੀਨ ਭਾਰਤੀ ਧਾਰਮਿਕ ਸਾਹਿਤ ਦੇ ਪ੍ਰਮੁੱਖ ਗਿਆਤਾ ਸਨ ਅਤੇ ਵੱਖ-ਵੱਖ ਸੰਸਕ੍ਰਿਤੀਆਂ, ਲੋਕ ਧਾਰਾਵਾਂ, ਪਰੰਪਰਾਵਾਂ ਅਤੇ ਵੱਖ-ਵੱਖ ਭਾਸ਼ਾਵਾਂ ਦਾ ਵੀ ਪੂਰਾ ਗਿਆਨ ਰਖਦੇ ਸਨ। 16 ਅਗਸਤ, 1604 ਨੂੰ ਬੜੀ ਸ਼ਾਨ ਸ਼ੌਕਤ ਨਾਲ ਗੁਰਦਵਾਰਾ ਰਾਮਸਰ ਤੋਂ ਦਰਬਾਰ ਸਾਹਿਬ ਵਿਖੇ ਸਜੀ ਹੋਈ ਪਾਲਕੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਲਿਜਾਇਆ ਗਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਹੋਇਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ ਅਤੇ ਗੁਰੂ ਮਹਾਰਾਜ ਆਪ ਚੌਰ ਕਰਦੇ ਰਹੇ। ਪ੍ਰਕਾਸ਼ ਕਰਨ ਤੇ ਪਹਿਲਾ ਹੁਕਮਨਾਮਾ ਇਹ ਬਖਸ਼ਿਸ਼ ਹੋਇਆ -

*ਸੂਹੀ ਮਹਲਾ ੫ ॥*
*ਸੰਤਾ ਕੇ ਕਾਰਜਿ ਆਪਿ ਖਲੋਇਆ*

*ਹਰਿ ਕੰਮੁ ਕਰਾਵਣਿ ਆਇਆ ਰਾਮ ॥*
*ਧਰਤਿ ਸੁਹਾਵੀ ਤਾਲੁ ਸੁਹਾਵਾ*
*ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ*
*ਸਗਲ ਮਨੋਰਥ ਪੂਰੇ ॥*
*ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥*
*ਪੂਰਨ ਪੁਰਖ ਅਚੁਤ ਅਬਿਨਾਸੀ*
*ਜਸੁ ਵੇਦ ਪੁਰਾਣੀ ਗਾਇਆ ॥*
*ਅਪਨਾ ਬਿਰਦੁ ਰਖਿਆ ਪਰਮੇਸਰਿ*
*ਨਾਨਕ ਨਾਮੁ ਧਿਆਇਆ ॥ ਅੰਗ - ੭੮੩*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਫਕੀਰਾਂ ਦੀ ਬਾਣੀ ਸੰਮਿਲਤ ਹੋਣੀ ਪਰੰਪਰਾਈ ਲੋਕਾਂ ਲਈ ਇਕ ਅਜੀਬ ਘਟਨਾ ਸੀ। ਇਥੋਂ ਤਕ ਮੁਗਲ ਸੁਲਤਾਨ ਅਕਬਰ ਪਾਸ ਸ਼ਿਕਾਇਤ ਕੀਤੀ ਗਈ ਕਿ ਇਸ ਗ੍ਰੰਥ ਵਿਚ ਦੂਜੇ ਧਰਮਾਂ ਦੀ ਤੌਹੀਨ ਕੀਤੀ ਗਈ ਹੈ। ਬਾਦਸ਼ਾਹ ਉਸ ਸਮੇਂ ਬਟਾਲੇ ਵਿਖੇ ਠਹਿਰਿਆ ਹੋਇਆ ਸੀ ਅਤੇ ਉਸ ਨੇ ਗੁਰੂ ਜੀ ਪਾਸੋਂ ਇਸ ਬਾਰੇ ਪੁੱਛ ਭੇਜੀ। ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਰਸ਼ਨਾਂ ਹਿਤ ਭੇਜੀ। ਬੀੜ ਖੋਲ੍ਹੀ ਗਈ ਅਤੇ ਬਾਦਸ਼ਾਹ ਅਕਬਰ ਦੇ ਇਸ਼ਾਰੇ ਤੇ ਵੱਖ-ਵੱਖ ਪੰਨਿਆਂ ਤੋਂ ਸ਼ਬਦ ਪੜ੍ਹੇ ਗਏ। ਹਰ ਸ਼ਬਦ ਵਿਚ ਪ੍ਰਮਾਤਮਾ ਦੀ ਸਿਫਤ ਸਾਲਾਹ ਦਾ ਹੀ ਪ੍ਰਸੰਗ ਸੁਣ ਕੇ ਅਕਬਰ ਬਹੁਤ ਖੁਸ਼ ਹੋਇਆ ਤੇ ਉਸ ਨੇ 51 ਮੋਹਰਾਂ ਮੱਥਾ ਟੇਕਿਆ। ਉਸ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਖਿਲਤਾਂ ਦਿਤੀਆਂ ਅਤੇ ਗੁਰੂ ਜੀ ਲਈ ਆਦਰ ਵਜੋਂ ਖਿਲਤ ਭੇਜੀ। ਇਸ ਤੋਂ ਪਹਿਲਾਂ 1598 ਈ ਵਿਚ ਅਕਬਰ ਗੋਇੰਦਵਾਲ ਸਾਹਿਬ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਤੋਂ ਆਤਮਕ ਸੇਧ ਪ੍ਰਾਪਤ ਕਰਨ ਆਇਆ ਸੀ। ਜਦ ਅਕਬਰ ਨੇ ਗੁਰੂ ਜੀ ਦੀ ਸੇਵਾ ਦਾ ਖਿਆਲ ਪ੍ਰਗਟ ਕੀਤਾ ਤਾਂ ਆਪ ਨੇ ਪੰਜਾਬ ਦਾ ਮਾਲੀਆ ਮਾਫ ਕਰਨ ਲਈ ਕਿਹਾ ਜੋ 10-12 ਫੀ ਸਦੀ ਮਾਫ ਕਰ ਦਿਤਾ ਗਿਆ।

ਗੁਰੂ ਜੀ ਆਪ ਹਰ ਸਮੇਂ ਰੱਬੀ ਮਿਹਰ ਅਤੇ ਰੱਬੀ ਪਿਆਰ ਵਿਚ ਮਖਮੂਰ ਰਹਿੰਦੇ ਸਨ। ਇਹ ਗੱਲ ਉਨ੍ਹਾਂ ਦੀ ਬਾਣੀ ਤੋਂ ਭਲੀਭਾਂਤ ਪ੍ਰਗਟ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੱਗ ਭੱਗ ਤੀਜਾ ਭਾਗ, 2000 ਸ਼ਬਦ ਆਪ ਜੀ ਦੀ ਰਚਨਾ ਹਨ ਜਿਨ੍ਹਾਂ ਵਿਚ ਪ੍ਰਭੂ ਪਿਆਰ ਦੀਆਂ ਤਰੰਗਾਂ, ਪ੍ਰਭੂ ਮਿਲਾਪ ਦੇ ਅਨੂਠੇ ਅਨੁਭਵ, ਪ੍ਰਭੂ ਦਰਸ਼ਨ ਦੀ ਵਿਆਕੁਲਤਾ, ਗੁਰੂ ਅਤੇ ਸਿੱਖ ਦਾ ਪਰਸਪਰ ਪਿਆਰ ਛਲਕਾਂ ਮਾਰਦਾ ਹੈ। ਇਹ ਬਾਣੀ ਸਰਬ ਮਨੁੱਖਤਾ ਨੂੰ ਪ੍ਰਭੂ ਪਿਆਰ ਨਾਲ ਜੋੜਦੀ ਹੈ ਅਤੇ ਸਨੇਹ ਭਰੇ ਨਵੇਂ ਮਨੁੱਖੀ ਭਾਈਚਾਰੇ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਕੋਈ ਊਚ ਨੀਚ, ਜਾਤ ਪਾਤ, ਅਮੀਰੀ ਗਰੀਬੀ, ਰੰਗ ਰੂਪ ਦਾ ਭੇਦ ਨਹੀਂ ਜੋ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥' ਦੀ ਭਾਵਨਾ ਦ੍ਰਿੜ੍ਹ ਕਰਵਾਉਂਦੀ ਹੈ। ਆਪ ਦੀ ਸੁ-ਪ੍ਰਸਿੱਧ ਰਚਨਾ ਸੁਖਮਨੀ ਸਾਹਿਬ ਨੂੰ ਸੰਸਾਰ ਦੀਆਂ ਅਨੇਕਾਂ ਬੋਲੀਆਂ ਵਿਚ ਤਰਜਮਾਇਆ ਗਿਆ ਹੈ ਅਤੇ ਇਸ ਨੂੰ ਸੰਸਾਰ ਦੀ ਸਰਵੋਤਮ ਸ੍ਰੇਸ਼ਠ ਬਾਣੀ ਮੰਨਿਆ ਗਿਆ ਹੈ।

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਰਬ ਮਨੁੱਖਤਾ ਹਿਤ ਪਿਆਰ ਅਤੇ ਸੇਵਾ ਕਾਰਨ ਸਿੱਖ ਲਹਿਰ ਗੁਰੂ ਮਹਾਰਾਜ ਦੇ ਸਮੇਂ ਵਿਚ ਬਹੁਤ ਪ੍ਰਫੁੱਲਤ ਹੋਈ। ਫਾਰਸੀ ਰਚਨਾ ਦਬਸਤਾਨੇ-ਮਜ਼ਾਹਬ ਵਿਚ ਲਿਖਿਆ ਹੈ ਕਿ ਹਰ ਗੁਰੂ ਸਾਹਿਬ ਪੰਗਤ ਸੰਗਤ ਉਤੇ ਬਾਣੀ ਰਾਹੀਂ ਸਿੱਖੀ ਵਿਚ ਵਾਧਾ ਕਰਦੇ ਰਹੇ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਕੋਈ ਐਸਾ ਸ਼ਹਿਰ ਨਹੀਂ ਸੀ ਜਿਥੇ ਸਿੱਖ ਸੰਗਤ ਨਾ ਹੋਵੇ। ਬਾਅਦ ਵਿਚ ਆਪ ਜੀ ਦੀ ਹਰਮਨ ਪਿਆਰਤਾ ਹੀ ਆਪ ਜੀ ਦੀ ਸ਼ਹੀਦੀ ਦਾ ਕਾਰਨ ਬਣੀ।

ਜਿੰਨੀ ਮਹਾਨ ਅਤੇ ਸੱਚੀ ਦੀ ਸ਼ਖਸੀਅਤ ਹੁੰਦੀ ਹੈ, ਓਨਾਂ ਵਧੇਰੇ ਹੀ ਉਸ ਸ਼ਖਸੀਅਤ ਦੀ ਕੁਰਬਾਨੀ ਦਾ ਲੋਕ ਮਨਾਂ ਤੇ ਪ੍ਰਤੀਕਰਮ ਹੁੰਦਾ ਹੈ। ਸ੍ਰੀ ਅਰਜਨ ਦੇਵ ਜੀ ਆਪ ਪ੍ਰਮਾਤਮ ਸਰੂਪ ਸਨ, ਆਪ ਜੀ ਸੇਵਾ, ਸਿਮਰਨ, ਸਹਿਨਸ਼ੀਲਤਾ ਅਤੇ ਰੱਬੀ ਭਾਣੇ ਦੀ ਮੂਰਤ ਸਨ, ਆਪ ਜੀ ਨੇ ਸਰਬ ਮਨੁੱਖਤਾ ਨੂੰ ਸੱਚਾ ਜੀਵਨ ਜੀਉਣ ਦਾ ਮਾਰਗ ਦੱਸਿਆ ਅਤੇ ਆਪਣੀ ਸ਼ਹੀਦੀ ਰਾਹੀਂ ਸੱਚ ਲਈ ਸ਼ਹੀਦ ਹੋਣ ਦੇ ਪੂਰਨੇ ਪਾਏ। ਭਾਈ ਗੁਰਦਾਸ ਜੀ ਆਪ ਜੀ ਦੀ ਸ਼ਖਸੀਅਤ ਨੂੰ ਨਿਮਨ ਪਉੜੀ ਵਿਚ ਬਿਆਨ ਕਰਦੇ ਹਨ -

*ਰਹਿਦੇ ਗੁਰੁ ਦਰੀਆਉ ਵਿਚਿ*
*ਮੀਨ ਕੁਲੀਨ ਹੇਤੁ ਨਿਰਬਾਣੀ।*
*ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।*
*ਸਬਦੁ ਸੁਰਤਿ ਲਿਵ ਮਿਰਗ ਜਿਉ*

*(ਬਾਕੀ ਪੰਨਾ 48 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

ਸਿਰੀਰਾਗੁ ਮਹਲਾ ੪ ਘਰੁ ੨ ਛੰਤ
ੴ ਸਤਿਗੁਰ ਪ੍ਰਸਾਦਿ ॥

੧=ਅਦੁੱਤੀ ੴ=ਸਰਬ ਦਾ ਪ੍ਰਕਾਸ਼ਕ ਸਤਿ=ਨਾਸ ਤੋਂ ਰਹਿਤ ਗੁਰ=ਚੇਤਨ ਸਰੂਪ ਪ੍ਰਸਾਦਿ=ਅਨੰਦ ਸਰੂਪ ਵਾ: ਸਤਿਗੁਰਾਂ ਦੀ ਪ੍ਰਸਾਦਿ=ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਮੁੰਧ ਇਆਣੀ ਪੇਈਅੜੈ
ਕਿਉ ਕਰਿ ਹਰਿ ਦਰਸਨੁ ਪਿਖੈ ॥

ਜਗਿਆਸੂ ਸਿੱਖ ਨੇ ਪ੍ਰਸ਼ਨ ਕੀਤਾ ਕਿ ਜੀਵ ਰੂਪੀ ਇਆਣੀ=ਅਗਿਆਤ ਮੁੰਧ=ਇਸਤਰੀ ਇਸ ਮਾਤ ਲੋਕ ਰੂਪੀ ਪੇਈਅਵੈ=ਪੇਕੇ ਘਰ ਵਿਚ, ਬੇ-ਸਮਝ ਹੈ, ਭਾਵ ਇਸ ਨੂੰ ਨਿਜ ਸਰੂਪ ਦੀ ਵਿਚਾਰ ਨਹੀਂ, ਪਰੰਤੂ ਪ੍ਰਾਪਤੀ ਦਾ ਸ਼ੌਕ ਰਖਦੀ ਹੈ, ਇਸ ਲਈ ਇਹ ਕਿਉ=ਕਿਸ ਪ੍ਰਕਾਰ ਹਰਿ=ਪਰਮੇਸਰ ਦੇ ਦਰਸਨੁ=ਦੀਦਾਰ ਨੂੰ ਪਿਖੈ=ਦੇਖਣਾ ਕਰੇਗੀ? ਮਾਤ ਲੋਕ ਰੂਪੀ ਵਾ: ਇਆਣੀ=ਅਗਿਆਨ ਦੇ ਸਹਿਤ ਹੈ। ਭਾਵੇਂ ਸ਼ੌਕ ਤਾਂ ਹੈ ਪਰ ਅਗਿਆਨ ਹੋਣ ਕਰਕੇ ਗਿਆਨ ਤੋਂ ਹੀਣੀ ਹੋਣ ਦੇ ਕਾਰਨ ਜਿਨ ਸਰੂਪ ਅਕਾਲ ਪੁਰਖ ਪਰਮੇਸ਼ਰ ਪਤੀ ਦੀ ਪ੍ਰਾਪਤੀ ਨਹੀਂ ਕਰ ਸਕਦੀ। ਸ਼ਾਸਤਰ ਸੰਸਕਾਰਾਂ ਤੋਂ ਇਆਣੀ=ਬੇਸਮਝ ਹੈ। ਕਿਸ ਪ੍ਰਕਾਰ ਦਰਸ਼ਨਾਂ ਨੂੰ ਪਿਖੈ=ਦੇਖ ਸਕੇਗੀ? ਤਾਂ ਸਤਿਗੁਰੂ ਪਾਤਸ਼ਾਹ ਜੀ ਨੇ ਐਸਾ ਉਪਦੇਸ਼ ਭਾਵ ਉੱਤਰ ਦਿਤਾ-

ਹਰਿ ਹਰਿ ਅਪਨੀ ਕਿਰਪਾ ਕਰੇ
ਗੁਰਮੁਖਿ ਸਾਹੁਰੜੈ ਕੰਮ ਸਿਖੈ ॥

ਹੇ ਭਾਈ ਪਾਰੋ ਜੀ! ਜਦੋਂ ਸਾਰਿਆਂ ਨੂੰ ਹਰਿ=ਹਰੇ ਭਰੇ ਕਰਨ ਵਾਲਾ ਹਰਿ=ਹਰੀ ਪਰਮੇਸ਼ਰ ਆਪਣੀ ਕਿਰਪਾ=ਦਇਆ ਦ੍ਰਿਸ਼ਟੀ ਕਰ ਦੇਵੇ ਤਾਂ ਜਗਿਆਸੂ ਜੀਵ ਰੂਪ ਇਸਤਰੀ ਗੁਰਾਂ ਦੁਆਰਾ ਗੁਰਮੁਖ ਬਣ ਕੇ ਪ੍ਰਲੋਕ ਰੂਪੀ ਸਾਹੁਰੜੈ=ਸਹੁਰੇ ਘਰ ਵਿਚ ਜਾਣ ਦਾ ਕੰਮ=ਕਾਰਜ ਸਿਖੈ=ਸਿੱਖ ਲੈਂਦੀ ਹੈ।

ਸਾਹੁਰੜੈ ਕੰਮ ਸਿਖੈ ਗੁਰਮੁਖਿ
ਹਰਿ ਹਰਿ ਸਦਾ ਧਿਆਏ ॥

ਨਿਸ਼ਕਾਮ ਹੋ ਕਰਕੇ ਸੇਵਾ ਦੁਆਰਾ ਗੁਰਮੁਖਾਂ ਵਾਲੀ ਅਵਸਥਾ ਨੂੰ ਪਾ ਕੇ ਇਉਂ ਪ੍ਰਲੋਕ ਰੂਪੀ ਸਾਹੁਰੜੈ=ਸਹੁਰੇ ਘਰ ਭਾਵ ਪਰਮੇਸ਼ਰ ਦੇ ਘਰ ਦੀ ਪ੍ਰਾਪਤੀ ਦਾ ਕੰਮ ਸਿਖੈ=ਸਿਖ ਲੈਣਾ ਕਰੇ ਵਾ: ਭਗਤੀ ਰੂਪੀ, ਆਤਮਾ ਕਾਰ ਬਿਰਤੀ ਕਰਨ ਰੂਪ ਆਦਿ ਕੰਮ=ਕਾਰਜ ਸਿਖ ਲਵੇ। ਹਰਿ=ਹਰ ਵਕਤ, ਸਤਿਗੁਰੂ ਦੇ ਉਪਦੇਸ਼ ਦੇ ਤਾਈਂ ਹਰਿ=ਪਰਮੇਸ਼ਰ ਦੇ ਨਾਮ ਨੂੰ ਮਨ, ਬਾਣੀ ਅਤੇ ਸਰੀਰ ਕਰਕੇ ਸਦਾ=ਹਮੇਸ਼ਾ ਧਿਆਏ=ਧਿਆਉਣਾ ਕਰੇ।

ਸਹੀਆ ਵਿਚਿ ਫਿਰੈ ਸੁਹੇਲੀ
ਹਰਿ ਦਰਗਹ ਬਾਹ ਲੁਡਾਏ ॥

ਉਹ ਸ਼ਰਧਾਵਾਨ ਜਗਿਆਸੂ ਰੂਪ ਇਸਤਰੀ ਮਹਾਤਮਾ, ਤੱਤ ਬੇਤੇ, ਬ੍ਰਹਮ ਗਿਆਨੀ ਰੂਪ ਸਹੀਆ=ਸਖੀਆਂ ਵਿਚ ਆਤਮ ਰਸ ਵਿਚ ਸੁਹੇਲੀ=ਸੁਖਾਲੀ, ਸੁਖ ਪੂਰਬਕ ਫਿਰੈ=ਫਿਰਦੀ ਹੈ। ਹਰਿ=ਪਰਮੇਸ਼ਰ ਦੀ ਦਰਗਹ=ਸੱਚਖੰਡ ਰੂਪ ਸਹੁਰੇ ਘਰ ਵਿਚ ਬਾਹ=ਭੁਜਾ ਨੂੰ ਸ਼ੁਭ ਗੁਣਾਂ ਦੇ ਸਹਿਤ ਲੁਭਾਏ=ਹਿਲਾ ਕੇ ਅਨੰਦ ਸਹਿਤ ਚਲਦੀ ਹੈ ਅਥਵਾ ਬਿਰਤੀ ਰੂਪ ਭੁਜਾ ਦੇ ਤਾਈਂ ਹਰੀ ਦੇ ਦਰ=ਅੰਦਰ ਗਹ=ਤੁਰੀਆ ਅਨੰਦ ਸਹਿਤ ਚਲਦੀ ਹੈ ਅਥਵਾ ਬਿਰਤੀ ਰੂਪ ਭੁਜਾ ਦੇ ਤਾਈਂ ਹਰੀ ਦੇ ਦਰ=ਅੰਦਰ ਗਹ=ਤੁਰੀਆ ਪਦ ਦੀ ਜਗ੍ਹਾ ਵਿਚ ਬਿਰਤੀ ਨੂੰ ਬ੍ਰਹਮਾਕਾਰ ਕਰਕੇ ਬੇਪਰਵਾਹੀ ਭਾਵ ਬੇਫਿਕਰੀ ਨਾਲ ਹਿਲਾ ਕੇ ਚਲਦੀ ਹੈ।

ਲੇਖਾ ਧਰਮ ਰਾਇ ਕੀ ਬਾਕੀ
ਜਪਿ ਹਰਿ ਹਰਿ ਨਾਮੁ ਕਿਰਖੈ ॥

ਜਨਮਾਂ ਜਨਮਾਂਤਰਾਂ ਦਾ ਸੰਚਤ ਕਰਮਾਂ ਰੂਪ ਲੇਖਾ=ਹਿਸਾਬ ਕਿਤਾਬ ਹੈ। ਉਹ ਧਰਮ ਰਾਜੇ ਦਾ ਬਾਕੀ=ਬਕਾਇਆ ਹੈ। ਉਸ ਬਕਾਏ ਰੂਪ ਨਿਕੰਮੇ ਘਾਹ ਨੂੰ ਹਿਰਦੇ ਰੂਪ ਧਰਤੀ ਵਿਚੋਂ ਤੇ ਦੈਵੀ ਗੁਣਾਂ ਦੀ ਖੇਤੀ ਵਿਚੋਂ ਹਰਿ=ਜੋ ਸਾਰਿਆਂ ਨੂੰ ਹਰੇ-ਭਰੇ ਕਰਨ ਵਾਲੇ ਹਰਿ=ਹਰੀ ਪਰਮੇਸ਼ਰ ਦੇ ਨਾਮ ਨੂੰ ਜਪ ਕੇ ਵਿਚਾਰ ਰੂਪ ਖੁਰਪੇ ਨਾਲ ਕਿਰਖੈ=ਪੁੱਟ ਦੇਵੇ ਵਾ:

ਵਿਕਾਰਾਂ ਰੂਪੀ ਨਿਕੰਮੇ ਨਦੀਣ ਨੂੰ ਪੁੱਟਣਾ ਕਰੇ।

ਮੁੰਧ ਇਆਣੀ ਪੇਈਅੜੈ
ਗੁਰਮੁਖਿ ਹਰਿ ਦਰਸਨੁ ਦਿਖੈ ॥੧॥

ਜਿਸ ਜੀਵ ਰੂਪੀ ਮੁੰਧ=ਇਸਤਰੀ ਨੇ ਪੇਈਅੜੈ=ਮਾਤ ਲੋਕ ਰੂਪੀ ਪੇਕੇ ਘਰ ਵਿਚ ਸੰਸਕਾਰਾਂ ਤੋਂ ਇਆਣੀ=ਅਗਿਆਤ ਹੋਣ ਕਰਕੇ ਸੰਸਾਰਾਕਾਰ ਬਿਰਤੀ ਨੂੰ ਧਾਰਨ ਕੀਤਾ ਹੋਇਆ ਹੈ। ਉਹ ਗੁਰਾਂ ਦੁਆਰਾ ਗੁਰਮੁਖ ਬਣ ਕੇ ਹਰਿ=ਹਰੀ ਪਰਮੇਸ਼ਰ ਦੇ ਦਰਸ਼ਨ ਦਿਖੈ=ਦੇਖ ਲੈਂਦੀ ਹੈ।

ਵੀਆਹੁ ਹੋਆ ਮੇਰੇ ਬਾਬੁਲਾ
ਗੁਰਮੁਖੇ ਹਰਿ ਪਾਇਆ ॥

ਹੇ ਮੇਰੇ ਬਾਬੁਲਾ=ਪਿਤਾ ਰੂਪ ਭਾਈ ਪਾਰੋ ਜੀ! ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਸਾਡਾ ਪਰਮੇਸ਼ਰ ਦੀ ਪ੍ਰਾਪਤੀ ਰੂਪ ਵੀਆਹੁ=ਵਿਆਹ ਹੋਆ=ਹੋਇਆ ਹੈ ਵਾ: (ਵੀ+ਆਹੁ) ਵੀ=ਪੂਰਬ ਜੋ ਪਤੀ ਪਰਮੇਸ਼ਰ ਦੀ ਆਹੁ=ਪ੍ਰਾਪਤੀ ਹੋਣੀ ਹੈ, ਇਹ ਸਾਡਾ ਵਿਆਹ ਹੋਇਆ ਹੈ। ਮੁਖੀ ਗੁਰੂ ਦੁਆਰਾ ਹਰਿ=ਹਰੀ ਪਰਮੇਸ਼ਰ ਰੂਪ ਪਤੀ ਨੂੰ ਪਾਇਆ=ਪ੍ਰਾਪਤ ਕੀਤਾ ਹੈ। ਜਿਵੇਂ ਵਿਆਹ ਵੇਲੇ ਹਨ੍ਹੇਰਾ ਦੂਰ ਕਰਨ ਲਈ ਰੋਸ਼ਨੀ ਕੀਤੀ ਜਾਂਦੀ ਹੈ, ਅੱਗ ਆਦਿ ਬਾਲੀ ਜਾਂਦੀ ਹੈ। ਇਸੇ ਪ੍ਰਕਾਰ -

ਅਗਿਆਨੁ ਅੰਧੇਰਾ ਕਟਿਆ
ਗੁਰ ਗਿਆਨੁ ਪ੍ਰਚੰਡੁ ਬਲਾਇਆ ॥

ਸਤਿਗੁਰੂ ਨੇ ਸਾਡਾ ਅਗਿਆਨ ਰੂਪੀ ਅੰਧੇਰਾ=ਹਨ੍ਹੇਰਾ ਕਟਿਆ=ਨਾਸ਼ ਭਾਵ ਖਤਮ ਕਰ ਦਿਤਾ ਹੈ। ਸੱਚੇ ਗੁਰ=ਸਤਿਗੁਰੂ ਜੀ ਨੇ ਅਗਿਆਨ ਦਾ ਹਨ੍ਹੇਰਾ ਮੇਟਣ ਵਾਸਤੇ ਪ੍ਰਚੰਡ=ਤਿੱਖਾ ਬ੍ਰਹਮ ਗਿਆਨ ਰੂਪੀ ਅਪਰੋਖ ਗਿਆਨ ਬਲਾਇਆ=ਪ੍ਰਕਾਸ਼ਿਆ ਭਾਵ ਜਗਾਉਣਾ ਕੀਤਾ ਹੈ।

ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ
ਹਰਿ ਰਤਨੁ ਪਦਾਰਥੁ ਲਾਧਾ ॥

ਗੁਰੂ ਸਾਹਿਬ ਜੀ ਦਾ ਬਖਸ਼ਿਸ਼ ਕੀਤਾ ਗਿਆਨ ਜਦੋਂ ਬਲਿਆ=ਪ੍ਰਕਾਸ਼ ਹੋਇਆ ਤਾਂ ਅਗਿਆਨ ਰੂਪ ਅੰਧੇਰਾ=ਹਨੇਰੇ ਦਾ ਬਿਨਸਿਆ=ਨਾਸ਼ ਹੋ ਗਿਆ। ਦੁਨੀਆਂ ਦੇ ਸਮੁੱਚੇ ਪਦਾਰਥਾਂ ਤੋਂ ਜੋ ਉੱਤਮ ਪਦਾਰਥ ਹੈ, ਉਹ ਕੇਵਲ ਹਰਿ=ਹਰੀ ਪਰਮੇਸ਼ਰ ਦਾ ਨਾਮ ਜੋ ਰਤਨ ਰੂਪ ਹੈ, ਉਹ ਸਾਨੂੰ ਲਾਧਾ=ਲੱਭ ਗਿਆ ਹੈ ਵਾ: ਤੱਤ ਪਦ ਅਤੇ ਤ੍ਵੰ ਪਦ ਦੇ ਲਖਯ ਅਰਥ ਦੇ ਰੂਪ ਵਿਚ ਪ੍ਰਾਪਤ ਹੋ ਗਿਆ ਹੈ।

ਹਉਮੈ ਰੋਗੁ ਗਇਆ ਦੁਖੁ ਲਾਥਾ
ਆਪੁ ਆਪੈ ਗੁਰਮਤਿ ਖਾਧਾ ॥

ਹਉਮੈ ਦਾ ਰੋਗੁ ਗਇਆ=ਖਤਮ ਹੋ ਗਿਆ ਅਤੇ ਜੰਮਣ ਮਰਨ ਦਾ ਦੁੱਖ ਲਾਥਾ=ਲਹਿ ਗਿਆ ਤੇ ਗੁਰਮਤਿ (ਗੁਰ+ਮਤਿ)=ਗੁਰੂ ਦੀ ਸਿੱਖਿਆ ਦੁਆਰਾ ਆਪਣੇ ਸਰੂਪ ਦੇ ਗਿਆਨ ਕਰਕੇ ਆਪਣੇ ਅੰਦਰੋਂ ਅਵਰਨ ਕਰਨ ਵਾਲੇ ਅਗਿਆਨ ਨੂੰ ਖਾਧਾ=ਖਾ ਲਿਆ ਭਾਵ ਮੇਟ ਲੈਣਾ ਕੀਤਾ ਅਥਵਾ ਗੁਰ ਸਿੱਖਿਆ ਦੁਆਰਾ ਆਪ ਆਪਣੇ ਅੰਤਹਕਰਣ ਦੇ ਅੰਦਰ ਤ੍ਵੰ ਪਦ ਦੇ ਲਖਯ ਅਰਥ ਨੂੰ ਜਾਣ ਕੇ ਤੱਤ ਪਦ ਦੇ ਲਖਯ ਅਰਥ ਦੁਆਰਾ ਆਪਣੇ ਨਿਜ ਸਰੂਪ ਦੇ ਅਨੰਦ ਨੂੰ ਖਾਧਾ=ਖਾ ਲਿਆ ਭਾਵ ਧਾਰਨ ਕੀਤਾ ਹੈ।

ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ
ਨਾ ਕਦੇ ਮਰੈ ਨ ਜਾਇਆ ॥

ਅਸੀਂ ਅਕਾਲ=ਕਾਲ ਤੋਂ ਰਹਿਤ ਮੂਰਤਿ=ਸਰੂਪ ਵਰੁ=ਪਤੀ ਪਰਮੇਸ਼ਰ, ਅਬਿਨਾਸੀ=ਜੋ ਨਾਸ ਤੋਂ ਰਹਿਤ ਹੈ, ਉਸ ਦੀ ਪ੍ਰਾਪਤੀ ਕੀਤੀ ਹੈ। ਉਹ ਅਕਾਲ ਪੁਰਖ ਪਰਮੇਸ਼ਰ ਦਾ ਐਸਾ ਸਰੂਪ ਹੈ ਉਹ ਨਾ ਕਦੇ=ਕਦਾਚਿਤ ਮਰੈ=ਮਰਦਾ ਹੈ ਅਤੇ ਨਾ ਹੀ ਛੱਡ ਕੇ ਕਿਤੇ ਜਾਇਆ=ਜਾਂਦਾ ਹੈ ਵਾ: ਨਾ ਹੀ ਜੂਨਾਂ ਵਿਚ ਜਾਇਆ=ਜਾਂਦਾ ਹੈ ਭਾਵ ਉਹ ਜੰਮਣ ਮਰਨ ਤੋਂ ਰਹਿਤ ਹੈ।

ਵੀਆਹੁ ਹੋਆ ਮੇਰੇ ਬਾਬੋਲਾ
ਗੁਰਮੁਖੇ ਹਰਿ ਪਾਇਆ ॥੨॥

ਹੇ ਮੇਰੇ ਬਾਬੋਲਾ=ਪਿਤਾ ਸਰੂਪ ਭਾਈ ਪਾਰੋ ਜੀ! ਜਦੋਂ ਦੀ ਸਤਿਗੁਰੂ ਅਮਰਦਾਸ ਸਾਹਿਬ ਜੀ ਦੀ ਪ੍ਰਾਪਤੀ ਹੋਈ ਹੈ, ਉਦੋਂ ਤੋਂ ਸਾਡਾ ਪਰਮੇਸ਼ਰ ਨਾਲ ਵੀ ਵੀਆਹੁ=ਮੇਲ ਹੋ ਗਿਆ ਹੈ, ਗੁਰਮੁਖੇ=ਮੁਖੀ ਗੁਰਾਂ ਦੁਆਰਾ ਅਕਾਲ ਪੁਰਖ ਪਰਮੇਸ਼ਰ ਨੂੰ ਪਾਇਆ=ਪਾ ਲੈਣਾ ਕੀਤਾ ਹੈ।

ਹਰਿ ਸਤਿ ਸਤੇ ਮੇਰੇ ਬਾਬੁਲਾ
ਹਰਿ ਜਨ ਮਿਲਿ ਜੰਞ ਸੁਹੰਦੀ ॥

ਹੇ ਹਰਿ=ਹਰੀ ਸਰੂਪ ਸਤਿ=ਸੱਚੇ ਸਤੇ=ਸੱਤ ਪ੍ਰਤੱਗੀ ਬਾਬੁਲਾ=ਮੇਰੇ ਪਿਤਾ ਸਰੂਪ ਭਾਈ ਪਾਰੋ ਜੀ, ਜੋ ਸੱਚੇ ਨਿਸਚੇ ਵਾਲੇ, ਅਕਾਲ ਪੁਰਖ ਦੇ ਸਿਮਰਨ

ਨੂੰ ਜਪਣ ਵਾਲੇ ਹਰੀ ਦੇ ਸੰਤ ਹਨ, ਜਿਨ੍ਹਾਂ ਨਾਲ ਮਿਲ ਕੇ ਭਾਵ ਉਨ੍ਹਾਂ ਦੀ ਸੰਗਤ ਕਰਕੇ ਵਾਹਿਗੁਰੂ ਦਾ ਸਿਮਰਨ ਸੁਣ ਕੇ ਮਨ ਟਿਕਾਅ ਵਿਚ ਆਇਆ, ਐਸੇ ਸਤਿ ਪ੍ਰਤੱਗੀ, ਬ੍ਰਹਮ ਗਿਆਨੀ, ਤੱਤ ਬੇਤੇ ਸਾਡੀ ਜੰਞ ਵਿਚ ਸੁਹੰਦੀ=ਸ਼ੋਭਨੀਕ ਹੋ ਰਹੇ ਸਨ।

ਪੇਵਕੜੈ ਹਰਿ ਜਪਿ ਸੁਹੇਲੀ
ਵਿਚਿ ਸਾਹੁਰੜੈ ਖਰੀ ਸੋਹੰਦੀ ॥

ਪੇਵਕੜੈ=ਮਾਤ ਲੋਕ ਰੂਪੀ ਪੇਕੇ ਘਰ ਵਿਚ ਸਾਡੀ ਬਿਰਤੀ ਹਰਿ=ਪਰਮੇਸ਼ਰ ਦਾ ਜਪਿ=ਸਿਮਰਨ ਕਰ ਕੇ ਸੁਹੇਲੀ=ਸੁਖੀ ਹੋ ਰਹੀ ਹੈ। ਸਾਹੁਰੜੈ=ਪਰਲੋਕ ਰੂਪੀ ਸਹੁਰੇ ਘਰ ਵਿਚ ਸਾਡੀ ਬਿਰਤੀ ਖਰੀ=ਚੰਗੀ ਸੋਹੰਦੀ=ਸ਼ੋਭਨੀਕ ਹੋਵੇਗੀ ਵਾ: ਆਤਮਾਕਾਰ ਬਿਰਤੀ ਹੋਣ ਕਰਕੇ ਖਰੀ=ਚੰਗੀ ਸੋਹੰਦੀ=ਸ਼ੋਭਨੀਕ ਹੋ ਰਹੀ ਹੈ। ਪੇਵਕੜੈ=ਸੰਸਾਰ ਰੂਪੀ ਪੇਕੇ ਘਰ ਵਿਚ ਸੰਸਾਰਕਾਰ ਬਿਰਤੀ ਹੁੰਦੀ ਹੋਈ ਵੀ ਸੰਗਤ ਵਿਚ ਮਿਲ ਕੇ ਭਾਵ ਨਾਮ ਜਪ ਕੇ ਸੁਹੇਲੀ=ਸੁਖੀ ਹੁੰਦੀ ਹੈ, ਸਾਹੁਰੜੈ=ਸਹੁਰੇ ਘਰ ਵਿਚ ਭਾਵ ਨਿਜ ਸਰੂਪੀ ਘਰ ਵਿਚ ਆਤਮਾਕਾਰ ਬਿਰਤੀ ਹੋ ਕੇ, ਖਰੀ=ਚੰਗੀ, ਸੋਹੰਦੀ=ਸ਼ੋਭਨੀਕ ਹੋਈ ਹੈ।

ਸਾਹੁਰੜੈ ਵਿਚਿ ਖਰੀ ਸੋਹੰਦੀ
ਜਿਨਿ ਪੇਵਕੜੈ ਨਾਮੁ ਸਮਾਲਿਆ ॥

ਉਸ ਦੀ ਆਤਮਾਕਾਰ ਬਿਰਤੀ ਹੋਣ ਕਰਕੇ ਪਰਲੋਕ ਰੂਪ ਸਾਹੁਰੜੈ=ਸਹੁਰੇ ਘਰ ਵਿਚ ਖਰੀ=ਚੰਗੀ ਸੋਹੰਦੀ=ਸ਼ੋਭਨੀਕ ਹੁੰਦੀ ਹੈ। ਜਿਸ ਜਗਿਆਸੂ ਰੂਪ ਇਸਤਰੀ ਨੇ ਪੇਵਕੜੈ=ਪੇਕੇ ਘਰ ਵਿਚ ਰਹਿੰਦਿਆਂ ਹੋਇਆਂ ਆਪਣੇ ਪਤੀ ਨੂੰ ਸਮਾਲਿਆ=ਚੇਤੇ ਕੀਤਾ ਹੈ ਅਥਵਾ ਜਿਨ੍ਹਾਂ ਜੀਵ ਰੂਪੀ ਇਸਤਰੀਆਂ ਨੇ ਪੇਵਕੜੈ=ਸੰਸਾਰ ਰੂਪੀ ਪੇਕੇ ਘਰ ਵਿਚ ਰਹਿ ਕੇ ਸੰਸਾਰਕਾਰ ਬਿਰਤੀ ਹੁੰਦੇ ਹੋਏ ਖਾਂਦਿਆ, ਪੀਂਦਿਆਂ ਆਦਿ ਵਿਚ ਪਤੀ ਰੂਪ ਪਰਮੇਸ਼ਰ ਦੇ ਨਾਮ ਨੂੰ ਸਮਾਲਿਆ=ਯਾਦ ਕੀਤਾ ਹੈ।

ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ
ਜਿਨਾ ਮਨੁ ਜਿਣਿ ਪਾਸਾ ਢਾਲਿਆ ॥

ਤਿਨਾ=ਉਨ੍ਹਾਂ ਗੁਰਮੁਖਾਂ ਦਾ ਸਭੁ=ਸਾਰਾ ਮਨੁੱਖਾ ਜਨਮ ਸਫਲਿਓ=ਸਹਿਤ ਗਿਆਨ ਫਲ ਦੇ ਹੈ। ਜਿਨ੍ਹਾਂ ਨੇ ਆਪਣੇ ਮਨ ਨੂੰ ਕਾਮ, ਕ੍ਰੋਧ ਆਦਿ ਵਿਕਾਰਾਂ ਤੋਂ ਜਿਣਿ=ਜਿੱਤ ਕਰਕੇ ਪਰਮੇਸ਼ਰ ਵਲ ਪਾਸਾ ਢਾਲਿਆ=ਢਾਲ ਲਿਆ ਹੈ ਵਾ: ਤਿੰਨਾਂ ਗੁਣਾਂ ਤੋਂ ਅਤੀਤ ਹੋ ਕੇ ਸ੍ਰਵਨ, ਮੰਨਣ, ਨਿਧਿਆਸਣ ਵਲ ਜਾ ਸਤ ਚਿਤ ਅਨੰਦ ਸਰੂਪ ਵਲ ਪਾਸਾ ਢਾਲ ਲਿਆ ਹੈ।

ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ
ਵਰੁ ਪਾਇਆ ਪੁਰਖੁ ਅਨੰਦੀ ॥

ਹਰਿ=ਪਰਮੇਸ਼ਰ ਦੇ ਸੰਤ ਜਨਾਂ ਨਾਲ ਮਿਲ ਕੇ ਸਾਡਾ ਪਤੀ ਪਰਮੇਸ਼ਰ ਦੀ ਪ੍ਰਾਪਤੀ ਵਾਲਾ ਕਾਰਜ ਸੋਹਿਆ=ਸ਼ੋਭਨੀਕ ਹੋਇਆ ਹੈ ਅਤੇ ਪੁਰਖੁ=ਪੂਰਨ ਅਨੰਦੀ=ਅਨੰਦ ਸਰੂਪ ਵਰੁ=ਪਤੀ ਪਰਮੇਸ਼ਰ ਨੂੰ ਪਾਇਆ=ਪਾ ਲਿਆ ਹੈ।

ਹਰਿ ਸਤਿ ਸਤਿ ਮੇਰੇ ਬਾਬੋਲਾ
ਹਰਿ ਜਨ ਮਿਲਿ ਜੰਞ ਸੁੋਹੰਦੀ ॥ ੩ ॥

ਹੇ ਮੇਰੇ ਬਾਬੋਲਾ=ਪਿਤਾ ਸਰੂਪ ਭਾਈ ਪਾਰੋ ਜੀ! ਉਹ ਹਰਿ=ਹਰੀ ਪਰਮੇਸ਼ਰ ਸਤਿ=ਨਿਸਚੇ ਕਰ ਕੇ ਸਤਿ ਸਰੂਪ ਹੈ। ਉਹ ਹਰੀ ਦੇ ਜਨਾਂ ਨਾਲ ਮਿਲ ਕੇ ਸਾਡੀ ਜੰਞ ਸੋਹੰਦੀ=ਸ਼ੋਭਨੀਕ ਹੋਈ।

ਹਰਿ ਪ੍ਰਭੁ ਮੇਰੇ ਬਾਬੁਲਾ
ਹਰਿ ਦੇਵਹੁ ਦਾਨੁ ਮੈ ਦਾਜੋ ॥

ਹਰਿ=ਹਰੀ ਪ੍ਰਭੂ=ਸੁਆਮੀ ਅਕਾਲ ਪੁਰਖ ਦਾ ਸਰੂਪ ਮੇਰੇ ਬਾਬੁਲਾ=ਪਿਤਾ ਸਤਿਗੁਰੂ ਜੀ ਨੂੰ ਅਸੀਂ ਇਹੋ ਹੀ ਬੇਨਤੀ ਕੀਤੀ ਕਿ ਮੈ=ਮੈਨੂੰ ਹਰਿ=ਹਰੀ ਦੀ ਪ੍ਰਾਪਤੀ ਦਾ ਦਾਨ, ਨਾਮ ਦਾ ਦਾਨ, ਬ੍ਰਹਮ ਗਿਆਨ ਦਾ ਦਾਨ ਆਦਿ ਐਸਾ ਦਾਜੋ=ਦਹੇਜ ਦੇਵਹੁ=ਦੇਣਾ ਕਰੋ। ਵਾ: ਜਿਵੇਂ ਲੜਕੀਆਂ ਨੂੰ ਵਿਆਹ ਸਮੇਂ ਭਾਂਡੇ, ਗਹਿਣੇ, ਬਸਤਰ ਆਦਿ ਦਿਤੇ ਜਾਂਦੇ ਹਨ। ਇਸੇ ਤਰ੍ਹਾਂ ਸਾਨੂੰ ਸ੍ਰਵਣ ਰੂਪੀ ਭਾਂਡੇ, ਪ੍ਰੇਮ ਰੂਪੀ ਬਸਤਰ, ਮੰਨਣ ਰੂਪੀ ਭੂਖਣ ਦਿਓ ਜੀ।

ਹਰਿ ਕਪੜੋ ਹਰਿ ਸੋਭਾ ਦੇਵਹੁ
ਜਿਤੁ ਸਵਰੈ ਮੇਰਾ ਕਾਜੋ ॥

ਹੇ ਸਤਿਗੁਰੂ ਜੀ! ਹਰਿ=ਪਰਮੇਸ਼ਰ ਦਾ ਨਾਮ ਰੂਪੀ ਕਪੜੋ=ਬਸਤਰ, ਹਰਿ=ਪਰਮੇਸ਼ਰ ਦੀ ਸੋਭਾ=ਉਸਤਤ ਕਰਨੀ, ਦੇਵਹੁ=ਦੇਣਾ ਕਰੋ ਜਿਤੁ=ਜਿਸ ਕਰਕੇ ਮੇਰਾ ਲੋਕ ਪ੍ਰਲੋਕ ਦਾ ਕਾਜੋ=ਕਾਰਜ ਸਵਰੈ=ਸੁਧਰ ਜਾਵੇ।

ਹਰਿ ਹਰਿ ਭਗਤੀ ਕਾਜੁ ਸੁਹੇਲਾ

ਗੁਰਿ ਸਤਿਗੁਰਿ ਦਾਨੁ ਦਿਵਾਇਆ ॥

ਹੇ ਭਾਈ! ਜਿਨ੍ਹਾਂ ਨੇ ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਹਰਿ=ਪਰਮੇਸ਼ਰ ਦੀ ਭਗਤੀ ਕੀਤੀ ਹੈ, ਉਨ੍ਹਾਂ ਦਾ ਮੁਕਤੀ ਰੂਪ ਕਾਜੁ=ਕਾਰਜ ਸੁਹੇਲਾ=ਸ਼ੋਭਨੀਕ ਹੋ ਗਿਆ ਹੈ। ਗੁਰ=ਚੇਤਨ ਸਰੂਪ ਸਤਿਗੁਰਿ=ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਵਾਹਿਗੁਰੂ ਪਾਸੋਂ ਬ੍ਰਹਮ ਗਿਆਨ ਦਾ ਦਾਨ ਦਿਵਾਇਆ=ਦਿਵਾਉਣਾ ਕੀਤਾ ਭਾਵ ਪ੍ਰਾਪਤ ਕਰਵਾਉਣਾ ਕੀਤਾ ਹੈ।

ਖੰਡਿ ਵਰਭੰਡਿ ਹਰਿ ਸੋਭਾ ਹੋਈ
ਇਹੁ ਦਾਨੁ ਨ ਰਲੈ ਰਲਾਇਆ ॥

ਹਰਿ=ਪਰਮੇਸ਼ਰ ਦਾ ਨਾਮ ਜਪਣ ਕਰਕੇ ਨੌਂ ਖੰਡਾਂ ਅਤੇ ਇੱਕੀ ਪੁਰੀਆ ਵਾਲੇ ਵਰਭੰਡਿ=ਬ੍ਰਹਿਮੰਡ ਵਿਚ ਸੋਭਾ=ਵਡਿਆਈ ਪ੍ਰਾਪਤੀ ਹੋਈ ਹੈ, ਸਤਿਗੁਰਾਂ ਦਾ ਦਿਤਾ ਹੋਇਆ ਇਹ ਨਾਮ ਰੂਪੀ ਦਾਨ ਵਿਹਾਰਕ ਦਾਨਾਂ ਨਾਲ ਰਲਾਇਆ ਹੋਇਆ ਰਲ ਨਹੀਂ ਸਕਦਾ।

ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ
ਸੁ ਕੂੜੁ ਅਹੰਕਾਰੁ ਕਚੁ ਪਾਜੋ ॥

ਮਨਮੁਖ ਲੋਕ ਵਿਆਹ ਦੇ ਸਮੇਂ ਲੜਕੀ ਦੇ ਪਰਿਵਾਰ ਤੋਂ ਰੁਪਏ ਪੈਸੇ ਆਦਿ ਦਾਜ ਲੈਣਾ ਕਰਦੇ ਹਨ ਕਿ ਅਸੀਂ ਉਤਨਾ ਚਿਰ ਲੜਕੀ ਨਹੀਂ ਵਿਆਹੁਣੀ। ਦੂਸਰੇ ਪਾਸੇ ਲੜਕੀ ਦੇ ਪਰਿਵਾਰ ਵਾਲੇ ਵੀ ਦਾਜ ਦਹੇਜ ਰੱਖ-ਰੱਖ ਕੇ ਭਾਵ ਕਿ ਲੋਕਾਂ ਵਿਚ ਗੱਲ ਫੈਲ ਜਾਵੇ ਕਿ ਫਲਾਣੇ ਨੇ ਆਪਣੀ ਲੜਕੀ ਨੂੰ ਇਤਨਾ ਦਾਜ ਦਿਤਾ ਹੈ। ਲਾਗੀਆਂ ਨੂੰ ਭੇਜ-ਭੇਜ ਕੇ ਦੱਸਣਾ ਕਿ ਭਾਵੇਂ ਲੜਕੀ ਨੂੰ ਸਾਰਿਆਂ ਨੇ ਦਾਜ ਦਹੇਜ ਦੇਣਾ ਹੈ ਪਰੰਤੂ ਮਨਮੁਖ ਲੋਕ ਇਸ ਤਰ੍ਹਾਂ ਦਿਖਾਵਾ ਕਰਕੇ ਦਾਜ ਨੂੰ ਰੱਖ-ਰੱਖ ਕੇ ਦਿਖਾਉਂਦੇ ਹਨ ਅਥਵਾ ਜੋ ਮਨਮੁਖ ਲੋਕ ਹਨ ਉਹ ਸੰਸਾਰ ਨੂੰ ਗਿਆਨ ਤੋਂ ਹੀਣੇ ਪਾਖੰਡ ਰੂਪ ਦਾਜ ਦਾ ਦਿਖਾਵਾ ਕਰਦੇ ਹਨ ਕਿ ਅਸੀਂ ਇਤਨੀ ਕਮਾਈ ਕੀਤੀ ਹੈ। ਮੈਨੂੰ ਸ਼ੁਭ ਇਛਾਵਾਂ ਦੀ ਪ੍ਰਾਪਤੀ ਹੋਈ ਹੈ। ਇਉਂ ਅਵਸਥਾ ਰੂਪ ਦਾਜ ਰੱਖ-ਰੱਖ ਦਿਖਾਉਂਦੇ ਹਨ। ਸੁ=ਉਹ ਕੂੜੁ=ਝੂਠ, ਅਹੰਕਾਰ ਦਾ ਕਚੁ=ਕਚਿਆਈ ਵਾਲਾ ਨਿਰਾ ਪਾਜੋ=ਪਾਖੰਡ ਹੈ ਵਾ: ਜਿਹੜੇ ਮਨਮੁਖ ਲੋਕ ਹਨ, ਉਹ ਅਵਸਥਾ ਰੂਪ ਦਾਜ ਰੱਖ ਕੇ ਭਾਵ ਕਿ ਇਹ ਤੁਰੀਆ ਪਦ ਅਵਸਥਾ ਦੀ ਚੌਥੀ ਭੂਮਿਕਾ ਦੀ ਸ਼ੁਭ ਇੱਛਾ ਦੀ ਪ੍ਰਾਪਤੀ ਹੈ। ਇਉਂ ਅਵਸਥਾ ਰੂਪੀ ਦਾਜ ਰੱਖ-ਰੱਖ ਕੇ ਵਿਖਾਉਂਦੇ ਹਨ। ਉਨ੍ਹਾਂ ਦਾ ਝੂਠ ਝੱਟ ਹੀ ਲੋਭ ਕਰਕੇ, ਵਿਕਾਰ ਕਰਕੇ ਮਿਟ ਜਾਂਦਾ ਹੈ।

ਹਰਿ ਪ੍ਰਭ ਮੇਰੇ ਬਾਬੁਲਾ
ਹਰਿ ਦੇਵਹੁ ਦਾਨੁ ਮੈ ਦਾਜੋ ॥੪॥

ਹੇ ਮੇਰੇ ਬਾਬੁਲਾ=ਪਿਤਾ ਸਰੂਪ ਹਰਿ=ਪਰਮੇਸ਼ਰ ਪ੍ਰਭ=ਸੁਆਮੀ ਅਕਾਲ ਪੁਰਖ ਦਾ ਰੂਪ ਸਤਿਗੁਰੂ ਜੀ! ਸਾਨੂੰ ਹਰੀ ਦੀ ਪ੍ਰਾਪਤੀ ਵਾਲਾ ਦਾਜੋ=ਦਾਜ ਅਤੇ ਬ੍ਰਹਮ ਗਿਆਨ ਰੂਪੀ ਨਾਮ ਦਾ ਦਾਨ ਦੇਵਹੁ=ਦੇਣਾ ਕਰੋ ਭਾਵ ਬਖਸ਼ਿਸ਼ ਕਰੋ।

ਹਰਿ ਰਾਮ ਰਾਮ ਮੇਰੇ ਬਾਬੋਲਾ
ਪਿਰ ਮਿਲਿ ਧਨ ਵੇਲ ਵਧੰਦੀ ॥

ਹੇ ਮੇਰੇ ਬਾਬੋਲਾ=ਪਿਤਾ ਸਮਾਨ ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਰਾਮ=ਰਮੇ ਹੋਏ ਰਾਮ=ਪਰਮੇਸ਼ਰ ਰੂਪ ਗੁਰੂ ਜੀ! ਤੁਹਾਨੂੰ ਮੇਰੀ ਮਨ, ਬਾਣੀ, ਸਰੀਰ ਕਰਕੇ ਨਮਸ਼ਕਾਰ ਹੈ ਕਿਉਂਕਿ ਤੁਹਾਡੇ ਦੁਆਰਾ ਪਿਰ=ਪਤੀ ਅਕਾਲ ਪੁਰਖ ਨਾਲ ਮਿਲ ਕਰਕੇ ਮੇਰੀ ਜਗਿਆਸੂ ਰੂਪ ਧਨ-ਇਸਤਰੀ ਦੀ ਸ਼ੁਭ ਗੁਣਾਂ ਦੀ ਕਰੁਣਾ, ਮੈਤਰੀ, ਮੁਦਤਾ, ਅਪੇਖਿਆ ਆਦਿ ਵੇਲ ਵਧੰਦੀ=ਵਧੀ ਹੈ ਵਾ: ਸਿੱਖਾਂ ਤੋਂ ਹੋਰ ਸਿੱਖ ਬਣਨ ਰੂਪ ਵੇਲ ਵਧਦੀ ਹੈ।

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ
ਸਦ ਪੀੜੀ ਗੁਰੂ ਚਲੰਦੀ ॥

ਜਿਹੜਾ ਹਰਿ=ਪਰਮੇਸ਼ਰ ਜੁਗਹ=ਸਤਿਜੁਗ, ਜੁਗੋ=ਤ੍ਰੇਤੇ, ਜੁਗ=ਦੁਆਪਰ ਅਤੇ ਜੁਗਹ=ਕਲਿਜੁਗ ਵਿਚ ਹਾਜ਼ਰ ਭਾਵ ਵਿਆਪਕ ਹੈ, ਉਸ ਪਰਮੇਸ਼ਰ ਵਿਚ ਜੁਗੋ=ਜੁੜੀ ਹੋਈ ਸਦ=ਹਮੇਸ਼ਾ ਹੀ ਗੁਰੂ ਦੀ ਪੀੜ੍ਹੀ ਦਰ ਪੀੜ੍ਹੀ ਚਲੰਦੀ=ਚੱਲੀ ਆ ਰਹੀ ਹੈ।

ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ
ਜਿਨੀ ਗੁਰਮੁਖਿ ਨਾਮੁ ਧਿਆਇਆ ॥

ਜਿਨ੍ਹਾਂ ਗੁਰਮੁਖਾਂ ਨੇ ਨਾਮ ਧਿਆਇਆ=ਧਿਆਉਣਾ ਕੀਤਾ ਹੈ, ਇਹ ਜੁਗਿ ਜੁਗਿ=ਜੁੱਗਾਂ ਜੁੱਗਾਂ ਵਿਚ ਸਤਿਗੁਰਾਂ ਦੀ ਨਾਦੀ ਬੰਸ ਚੱਲੀ ਆ ਰਹੀ ਹੈ ਵਾ: ਜੁਗਿ=ਦੋ ਅਤੇ ਜੁਗਿ=ਦੋ ਭਾਵ ਚਾਰ ਅਰਥਾਤ ਸਤਿਗੁਰੂ ਜੀ ਦੀ ਚਾਰ ਪ੍ਰਕਾਰ (ਬੇਦੀ, ਤ੍ਰੇਹਣ, ਭੱਲੇ ਅਤੇ

ਸੋਢੀਆਂ) ਦੀ ਬਿੰਦੀ ਬੰਸ ਚੱਲੀ ਆ ਰਹੀ ਹੈ।

ਹਰਿ ਪੁਰਖੁ ਨ ਕਬ ਹੀ ਬਿਨਸੈ ਜਾਵੈ
ਨਿਤ ਦੇਵੈ ਚੜੈ ਸਵਾਇਆ ॥

ਹਰਿ=ਹਰੀ ਪਰਮੇਸ਼ਰ ਐਸਾ ਪੂਰਨ ਪੁਰਖ ਹੈ ਜੋ ਕਿ ਕਬ ਹੀ=ਕਦੇ ਵੀ ਬਿਨਸੈ=ਨਾਸ਼ ਨਹੀਂ ਹੁੰਦਾ ਅਤੇ ਨਾ ਹੀ ਕਿਸੇ ਜੂਨਾਂ ਵਿਚ ਜਾਵੈ=ਜਾਂਦਾ ਹੈ। ਨਿਤ=ਨਿਤਾਪ੍ਰਤੀ ਦਿਤਾ ਹੋਇਆ ਆਪ ਜੀ ਦੇ ਨਾਮ ਦਾ ਅਤੇ ਬ੍ਰਹਮ ਗਿਆਨ ਦਾ ਦਾਨ, ਤੁਰੀਆ ਪਦ ਪਦਵੀਆਂ ਦੀ ਪ੍ਰਾਪਤੀ ਰੂਪ ਦਾਨ ਸਵਾਇਆ=ਬਹੁਤਾ ਭਾਵ ਦੂਣਾ ਚੌਣਾ ਹੋਇਆ ਚੜੈ=ਚੜ੍ਹਦਾ ਜਾਂਦਾ ਹੈ।

ਨਾਨਕ ਸੰਤ ਸੰਤ ਹਰਿ ਏਕੋ
ਜਪਿ ਹਰਿ ਹਰਿ ਨਾਮੁ ਸੋਹੰਦੀ ॥

ਧੰਨ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਸੰਤ=ਉੱਤਮ (ਸ੍ਰੇਸ਼ਟ) ਮਹਾਤਮਾ ਜਨ ਹਰਿ=ਹਰੀ ਵਾਹਿਗੁਰੂ ਦਾ ਸਰੂਪ ਹਨ ਅਤੇ ਹਰੀ ਵਾਹਿਗੁਰੂ ਸੰਤ=ਸ਼ਾਂਤ ਆਤਮਾ ਮਹਾਂਪੁਰਖ ਦਾ ਸਰੂਪ ਹੈ, ਦੋਨੋਂ ਏਕੋ=ਇੱਕੋ ਹੀ ਅਭੇਦ ਰੂਪ ਹਨ। ਵਾ: ਸ੍ਰੀ ਗੁਰੂ ਨਾਨਕ ਦੇਵ ਜੀ ਸੰਤ=ਸ਼ਾਂਤ ਸਰੂਪ ਹਰੀ ਵਾਹਿਗੁਰੂ ਦਾ ਰੂਪ ਹਨ ਅਤੇ ਹਰੀ ਸੰਤ=ਸ਼ਾਂਤ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਹੈ। ਭਾਵ ਦੋਨੋਂ ਇੱਕੋ ਸਰੂਪ ਹਨ। ਤਿੰਨਾਂ ਸੰਤਾਂ ਦੇ ਦੁਆਰੇ ਭਾਵ ਸਤਿਸੰਗਤ ਦੇ ਵਿਚ ਹਰਿ ਹਰਿ ਪਰਮੇਸ਼ਰ ਦੇ ਨਾਮ ਨੂੰ ਜਪ ਕਰ ਕੇ ਮੈਂ ਸੋਹੰਦੀ=ਸ਼ੋਭਨੀਕ ਹੋਈ ਹਾਂ।

ਹਰਿ ਰਾਮ ਰਾਮ ਮੇਰੇ ਬਾਬੁਲਾ
ਪਿਰ ਮਿਲਿ ਧਨ ਵੇਲ ਵਧੰਦੀ ॥੫॥੧॥

ਹੇ ਮੇਰੇ ਬਾਬੁਲਾ=ਪਿਤਾ ਸਮਾਨ ਹਰਿ=ਸਾਰਿਆਂ ਨੂੰ ਹਰੇ ਭਰੇ ਕਰਨ ਵਾਲੇ ਰਾਮ=ਰਮੇ ਹੋਏ ਰਾਮ=ਪਰਮੇਸ਼ਰ ਦਾ ਰੂਪ ਸਤਿਗੁਰੂ ਜੀ! ਆਪ ਜੀ ਦੇ ਉਪਦੇਸ਼ ਦੁਆਰਾ ਮੇਰੀ ਜਗਿਆਸੂ ਰੂਪ ਧਨ=ਇਸਤਰੀ ਦੀ ਅਭਾਸ ਬਿਰਤੀ ਦੀ ਸਾਖੀ ਚੇਤਨ ਪਿਰ=ਪਤੀ ਨਾਲ ਮਿਲ ਕੇ ਸੰਪਰਦਾ ਰੂਪੀ, ਭਗਤੀ ਰੂਪੀ ਵੇਲ ਵਧੰਦੀ=ਵਧਦੀ ਹੈ। ਇਹ ਪੰਜ ਪਉੜੀਆਂ ਵਾਲਾ ਸ਼ਬਦ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਭਾਈ ਪਾਰੋ ਜੀ ਦੇ ਪਰਖਣਾ ਕਰਨ ਤੋਂ ਉਚਾਰਨ ਕੀਤਾ।

*'ਚਲਦਾ........।'*

*(ਪੰਨਾ 43 ਦੀ ਬਾਕੀ)*

*ਭੀੜ ਪਈ ਚਿਤਿ ਅਵਰੁ ਨ ਆਣੀ।*
*ਚਰਣ ਕਵਲ ਮਿਲਿ ਭਵਰ ਜਿਉ*
*ਸੁਖ ਸੰਪਟ ਵਿਚਿ ਰੈਣਿ ਵਿਹਾਣੀ।*
*ਗੁਰ ਉਪਦੇਸ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।*
*ਗੁਰਮੁਖਿ ਸੁਖ ਫਲੁ ਪਿਰਮ ਰਸੁ*
*ਸਹਜ ਸਮਾਧਿ ਸਾਧ ਸੰਗਿ ਜਾਣੀ।*
*ਗੁਰ ਅਰਜਨ ਵਿਟਹੁ ਕੁਰਬਾਣੀ।*

*ਭਾਈ ਗੁਰਦਾਸ ਜੀ ੨੪/੨੩*

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਹਾਨ ਸ਼ਖਸੀਅਤ ਅਤੇ ਮਹਾਨ ਕਾਰਨਾਮਿਆਂ ਕਾਰਨ ਸਿਖ ਲਹਿਰ ਨੂੰ ਲੋਕ ਲਹਿਰ, ਸਰਬ-ਪ੍ਰਿਆ ਤੇ ਸਰਬ ਪਰਵਾਨਿਤ ਲਹਿਰ ਹੋਣ ਦਾ ਮਾਣ ਮਿਲਿਆ। ਇਹੀ ਕਾਰਨ ਹੈ ਕਿ ਬਹੁਤ ਸਾਰੇ ਮੁਸਲਮਾਨ ਵੀ ਗੁਰੂ ਘਰ ਨਾਲ ਜੁੜ ਗਏ। ਅਕਬਰ ਨੂੰ ਇਸ ਲਹਿਰ ਵਿਚ ਦੀਨੇ-ਇਲਾਹੀ ਦਾ ਸੰਕਲਪ ਪੂਰਾ ਹੁੰਦਾ ਦਿਸਦਾ ਸੀ ਪ੍ਰੰਤੂ ਕੱਟੜਵਾਦੀ ਵਿਚ ਦੀਨੇ-ਇਲਾਹੀ ਦਾ ਸੰਕਲਪ ਪੂਰਾ ਹੁੰਦਾ ਦਿਸਦਾ ਸੀ ਪ੍ਰੰਤੂ ਕੱਟੜਵਾਦੀ ਸ਼ਰਈ ਮੁਸਲਮਾਨਾਂ ਨੂੰ ਇਹ ਨਹੀਂ ਸੀ ਭਾਉਂਦਾ। ਪਰ ਅਕਬਰ ਕਾਲ ਵਿਚ ਕਿਸੇ ਨੂੰ ਇਸ ਲਹਿਰ ਦੀ ਵਿਰੋਧਤਾ ਦੀ ਜੁਰੱਅਤ ਨਾ ਪਈ। ਕੁਝ ਸੰਕੀਰਣ ਦ੍ਰਿਸ਼ਟੀ ਵਾਲੇ ਕੱਟੜਵਾਦੀ ਇਸ ਮੌਕੇ ਦੀ ਤਲਾਸ਼ ਵਿਚ ਸਨ ਕਿ ਇਸ ਲਹਿਰ ਨੂੰ ਦਬਾਇਆ ਜਾਵੇ। ਅਕਬਰ ਦੇ ਮਰਨ ਉਪਰੰਤ ਕੱਟੜਵਾਦੀਆਂ ਨੂੰ ਇਹ ਮੌਕਾ ਮਿਲ ਗਿਆ। ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਨੇ ਜਹਾਂਗੀਰ ਦੀ ਗੱਦੀ ਨਸ਼ੀਨੀ ਵਿਚ ਵਿਸ਼ੇਸ਼ ਸਹਾਇਤਾ ਕੀਤੀ। ਜਹਾਂਗੀਰ ਨੂੰ ਵੀ ਹਰ ਤਰ੍ਹਾਂ ਦੀ ਮਦਦ ਦੀ ਲੋੜ ਸੀ। ਉਨ੍ਹਾਂ ਨੇ ਜਹਾਂਗੀਰ ਤੋਂ ਇਹ ਪਰਣ ਲੈ ਲਿਆ ਕਿ ਰਾਜ ਹਾਸਲ ਕਰਨ ਉਪਰੰਤ ਉਹ ਇਸਲਾਮ ਦੀ ਬੜੌਤਰੀ ਲਈ ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕਰੇਗਾ। ਖੁਸਰੋ ਦੀ ਬਗਾਵਤ ਸਮੇਂ ਸੰਕੀਰਣ ਦ੍ਰਿਸ਼ਟੀ ਵਾਲਿਆਂ ਨੂੰ ਸਿੱਖ ਲਹਿਰ ਨੂੰ ਕੁਚਲਣ ਦਾ ਬਹਾਨਾ ਮਿਲ ਗਿਆ। ਜਹਾਂਗੀਰ ਗੁਰੂ ਘਰ ਦੇ ਵਿਰੁੱਧ ਨਹੀਂ ਸੀ ਕਿਉਂਕਿ ਉਸ ਨੇ ਆਪਣੇ ਪਿਤਾ ਨੂੰ ਗੁਰੂ ਘਰ ਦਾ ਸਤਿਕਾਰ ਕਰਦਿਆਂ ਡਿੱਠਾ ਸੀ ਪਰ ਉਹ ਤਖਤ ਨਸ਼ੀਨੀ ਦੇ ਝਗੜਿਆਂ ਕਾਰਨ ਇਸ ਸ਼ੜਯੰਤਰ ਦਾ ਸ਼ਿਕਾਰ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਜ਼ਿਕਰ ਤੁਜ਼ਕਿ ਜਹਾਂਗੀਰੀ ਵਿਚ ਪ੍ਰਾਪਤ ਹੈ ਜਿਸ ਵਿਚ ਜਹਾਂਗੀਰ ਨੇ ਸ਼ਹਾਦਤ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ।

*'ਚਲਦਾ..............।'*

# ਜਨ ਪਰਉਪਕਾਰੀ ਆਏ

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-55)*

## 2. ਬੀਜੀ ਦਾ ਬਚਪਨ ਤੇ ਬ੍ਰਹਮ ਗਿਆਨੀ ਪਿਤਾ ਜੀ

ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ, ਰਤਵਾੜਾ ਸਾਹਿਬ ਦੇ ਬਾਨੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੇ ਧਰਮ ਸੁਪਤਨੀ, ਜਿਨ੍ਹਾਂ ਨੂੰ ਸਾਰੀ ਸੰਗਤ ਪਿਆਰ ਨਾਲ 'ਬੀਜੀ' ਦੇ ਨਾਮ ਨਾਲ ਸੰਬੋਧਨ ਕਰਦੀ ਹੈ।

ਜਦੋਂ ਡੋਗਰਿਆਂ ਦੀ ਸਿੱਖ ਰਾਜ ਮਾਰੂ ਨੀਤੀ ਕਾਰਨ, ਸਿੱਖ ਰਾਜ ਦਾ ਸੂਰਜ ਡੁੱਬਿਆ ਉਸ ਵੇਲੇ ਲਾਰਡ ਡਲਹੌਜੀ ਨੇ ਬ੍ਰਿਟਿਸ਼ ਰਾਜ ਦੀਆਂ ਹੱਦਾਂ ਅੰਦਰ ਪੰਜਾਬ ਨੂੰ ਵੀ ਸ਼ਾਮਿਲ ਕਰ ਲਿਆ। ਉਸ ਵੇਲੇ ਪੰਜ ਪਿੰਡ (ਦਾਉਦਪੁਰ ਲਿਬੜਾ, ਕੌੜੀ, ਭੱਟੀਆਂ, ਬਾਹੋਮਾਜਰਾ) ਹੋਂਦ ਵਿਚ ਆਏ ਜਿਨ੍ਹਾਂ ਵਿਚੋਂ ਇਕ ਪਿੰਡ ਦਾਉਦਪੁਰ ਸੀ। ਇਥੇ ਬਾਬਾ ਨਰ ਸਿੰਘ ਜੀ ਦੇ ਦੋ ਸਪੁੱਤਰ ਬਾਬਾ ਹੀਰਾ ਸਿੰਘ ਤੇ ਬਾਬਾ ਪ੍ਰਤਾਪ ਸਿੰਘ ਜੀ ਸਨ।

ਬੀਜੀ ਦਾ ਬਚਪਨ ਦਾ ਨਾਮ ਉਦਮ ਕੌਰ ਸੀ, ਆਪ ਦਾ ਜਨਮ ਪਿੰਡ ਦਾਉਦਪੁਰ ਨੇੜੇ ਖੰਨਾ, ਜ਼ਿਲਾ ਲੁਧਿਆਣਾ ਵਿਖੇ ਬਾਬਾ ਹੀਰਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਹਰਨਾਮ ਕੌਰ ਜੀ ਦੀ ਕੁੱਖੋਂ 8 ਅਗਸਤ, ਸੰਨ 1918 ਵਿਚ ਹੋਇਆ। ਵੱਡੇ ਭਰਾਵਾਂ ਦੇ ਨਾਮ ਭਾਈ ਅਮਰ ਸਿੰਘ, ਤਾਰਾ ਸਿੰਘ, ਭਾਈ ਮਾਨ ਸਿੰਘ ਤੇ ਵੱਡੀ ਭੈਣ ਦਾ ਨਾਮ ਬੀਬੀ ਨਿਰੰਜਨ ਕੌਰ ਸੀ ਅਤੇ ਦਾਦਾ ਜੀ ਦਾ ਨਾਮ ਬਾਬਾ ਨਰ ਸਿੰਘ ਜੀ, ਜੋ ਕਿ ਬਹੁਤ ਗੁਰਮੁਖ ਪਿਆਰੇ, ਪੂਰਨ ਗੁਰਸਿੱਖ ਸਨ।

ਬੀਜੀ ਦੇ ਮਾਤਾ ਜੀ ਹਰਨਾਮ ਕੌਰ ਜੀ, ਦਇਆ ਦੀ ਮੂਰਤ ਸਨ ਜਿਨ੍ਹਾਂ ਦਾ ਸੁਭਾਅ ਬਹੁਤ ਸਰਲ ਤੇ ਨਿਸ਼ਕਪਟ ਸੀ। ਉਨ੍ਹਾਂ ਦੇ ਦਗ-ਦਗ ਕਰਦੇ ਚਿਹਰੇ ਤੋਂ ਮੁਸਕਰਾਹਟ ਭਰੇ ਬੁਲ੍ਹ ਹਰ ਵਕਤ ਹਿਲਦੇ ਰਹਿੰਦੇ ਤੇ 'ਵਾਹਿਗੁਰੂ' ਮੰਤਰ ਦਾ ਜਾਪ ਹਰ ਵੇਲੇ ਚਲਦਾ ਰਹਿੰਦਾ ਸੀ। ਮਾਤਾ ਜੀ ਭਾਵੇਂ ਅਨਪੜ੍ਹ ਸਨ ਪਰ ਉਨ੍ਹਾਂ ਨੂੰ ਬਹੁਤ ਸਾਰੇ ਗੁਰਬਾਣੀ ਸ਼ਬਦਾਂ ਤੋਂ ਇਲਾਵਾ ਨਿਤਨੇਮ ਸਮੇਤ ਨੌਂ ਬਾਣੀਆਂ ਜ਼ੁਬਾਨੀ ਕੰਠ ਸਨ। ਆਪ ਜੀ ਗੱਲਬਾਤ ਬਹੁਤ ਘੱਟ ਕਰਦੇ ਤੇ ਅੰਮ੍ਰਿਤ ਵੇਲੇ ਜਦੋਂ ਬਾਹਰ ਖੇਤਾਂ ਵਲ ਜਾਂਦੇ ਤਾਂ ਉਚੀ-ਉਚੀ ਤੇ ਮਿੱਠੀ ਧੁਨ ਵਿਚ ਗੁਰਬਾਣੀ ਦਾ ਪਾਠ ਕਰਦੇ ਜਾਇਆ ਕਰਦੇ ਸਨ, ਜਿਸ ਨੂੰ ਸੁਣ ਕੇ ਪਿੰਡ ਦੇ ਲੋਕ ਬੀਬੀਆਂ ਅਤੇ ਭਾਈ ਵੀ ਉਠ ਕੇ ਘਰਾਂ ਤੇ ਖੇਤਾਂ ਦੇ ਕੰਮਾ ਕਾਰਾਂ ਲਈ ਸਾਵਧਾਨ ਹੋ ਜਾਂਦੇ ਸਨ। ਉਨ੍ਹਾਂ ਦਾ ਸੁਭਾਅ ਬਹੁਤ ਦਿਆਲੂ ਸੀ, ਬਾਜ਼ਾਰੋਂ ਕੋਈ ਵਸਤੂ ਦੁਕਾਨਦਾਰ ਤੋਂ ਲੈਣੀ, ਜੇ ਉਸ ਨੇ ਮੁੱਲ ਘੱਟ ਦੱਸਣਾ ਤਾਂ ਮਾਤਾ ਜੀ ਨੇ ਕਹਿਣਾ ਭਾਈ! ਤੈਨੂੰ ਘਾਟਾ ਨਾ ਪੈ ਜਾਵੇ, ਤੂੰ ਘੱਟ ਪੈਸੇ ਲੈ ਕੇ ਗੁਜ਼ਾਰਾ ਕਿਵੇਂ ਕਰੇਂਗਾ, ਆਪਣਾ ਟੱਬਰ ਕਿਵੇਂ ਪਾਲੇਂਗਾ? ਦਾਨੀ ਸੁਭਾਅ ਸੀ ਇਸ ਲਈ ਉਸ ਨੂੰ ਵੱਧ ਪੈਸੇ ਦਿਆ ਕਰਦੇ ਸਨ। ਇਕ ਵੇਰਾਂ ਦਾ ਜ਼ਿਕਰ ਹੈ ਕਿ ਉਨ੍ਹਾਂ ਨੇ ਜੋੜਾ (ਜੁੱਤੀ) ਖਰੀਦ ਲਈ ਤੇ ਦੋ ਮੀਲ ਚਲ ਕੇ ਫੇਰ ਵਾਪਿਸ ਆ ਗਏ ਤੇ ਉਸ ਨੂੰ ਕਿਹਾ ਭਾਈ! ਜੁੱਤੀ ਤਾਂ ਬਹੁਤ ਸੁਹਣੀ ਹੈ ਪਰ ਤੂੰ ਪੈਸੇ ਬਹੁਤ ਘੱਟ ਲਏ ਹਨ। ਉਸ ਨੂੰ ਹੋਰ ਵੱਧ ਪੈਸੇ ਦੇ ਕੇ ਫੇਰ ਪਿੰਡ ਵਲ ਪਰਤੇ। ਮਾਤਾ ਜੀ ਵੀ ਐਸੇ ਦਿਆਲੂ, ਸਾਧੂ ਸੁਭਾਅ ਦੇ ਮਾਲਕ ਅਤੇ ਬੰਦਗੀ ਵਾਲੇ ਸਨ। ਮਾਤਾ ਜੀ ਦ੍ਰਿੜ੍ਹ ਨਿਸਚੇ ਵਾਲੇ ਅਤੇ ਗੁਰੂ ਪਿਆਰ ਵਾਲੇ ਸਨ ਅਤੇ ਸ੍ਰੀ ਹਜ਼ੂਰ ਸਾਹਿਬ ਜੀ (ਨਾਂਦੇੜ) ਦੀ ਯਾਤਰਾ ਪੈਦਲ ਕਰਕੇ ਆਏ। ਕਹਿੰਦੇ, ਜਦੋਂ ਸਰੀਰ ਛੱਡਣਾ ਸੀ ਤਾ ਆਪ ਹੀ ਇਸ਼ਨਾਨ ਕਰਕੇ, ਨਵੇਂ ਵਸਤਰ ਪਾਏ ਅਤੇ ਕਹਿਣ ਲੱਗੇ ਕਿ ਜਦੋਂ ਜਪੁਜੀ ਸਾਹਿਬ ਦਾ ਸਲੋਕ ਪੂਰਾ ਹੋਵੇਗਾ ਉਸ ਵੇਲੇ ਸਰੀਰ ਛੱਡ ਜਾਣਾ ਹੈ ਅਤੇ ਇਸੇ ਤਰ੍ਹਾ ਨਾਲ ਆਪ ਜੀ ਸੱਚਖੰਡ ਬਿਰਾਜ ਗਏ ਸਨ। ਸਾਧੂ ਸੰਤਾਂ ਤੇ ਗੁਰਮੁਖ ਪਿਆਰਿਆਂ ਨਾਮ ਜਪਣ ਵਾਲੀਆ ਰੂਹਾਂ ਨਾਲ ਪ੍ਰੇਮ ਹੋਣ ਕਰਕੇ ਘਰ ਵਿਚ

ਇਨ੍ਹਾ ਦੀ ਆਵਾਜਾਈ ਲੱਗੀ ਰਹਿੰਦੀ ਸੀ। ਨਾਮ ਜਪਣ ਬਾਰੇ ਗੋਸ਼ਟੀਆਂ ਤੇ ਵਿਚਾਰਾਂ ਚਲਦੀਆਂ ਰਹਿੰਦੀਆਂ ਸਨ। ਮਾਨੋ ਸੇਵਾ ਤੇ ਸਿਮਰਨ ਦਾ ਕੁੰਭ ਲੱਗਾ ਰਹਿੰਦਾ ਸੀ। ਮਾਤਾ ਹੀ ਹਰ ਵਕਤ ਘਰ ਦੇ ਕੰਮ-ਕਾਰ ਵਿਚ ਰੁਝੇ ਰਹਿੰਦੇ ਅਤੇ ਇਨ੍ਹਾਂ ਸੰਤ-ਪਰਾਹੁਣੇ ਗੁਰਮੁਖਾਂ ਦੇ ਲੰਗਰ ਪਾਣੀ ਦੀ ਸੇਵਾ ਸੰਭਾਲ ਵੀ ਖਿੜੇ ਮੱਥੇ ਕਰਿਆ ਕਰਦੇ ਸਨ।

ਆਪ ਜੀ (ਬੀਜੀ) ਪਰਿਵਾਰ ਅੰਦਰ ਪੰਜ ਭੈਣਾਂ-ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਪੁਸ਼ਤਾਂ ਤੋਂ ਪਰਿਵਾਰ ਸਿੱਖੀ ਰੰਗਤ ਨਾਲ ਰੰਗਿਆ ਹੋਣ ਕਰਕੇ ਆਪ ਵੀ ਬਚਪਨ ਤੋਂ ਹੀ ਸਿੱਖੀ ਦੀ ਰਹਿਤ ਮਰਿਯਾਦਾ ਨਾਲ ਜੁੜੇ ਹੋਏ ਸਨ। ਆਪ ਜੀ ਦੇ ਪਿਤਾ ਪੂਰਨ ਗੁਰਸਿੱਖ, ਨਾਮਰਸੀਏ, ਗੁਰਮਤਿ ਰਹਿਤ ਮਰਯਾਦਾ ਵਿਚ ਪਰਪੱਕ, ਗੁਰੂ ਘਰ, ਗੁਰਸਿੱਖੀ ਨਾਲ ਪਿਆਰ ਕਰਨ ਵਾਲੇ, ਤਿਆਗ ਬਿਰਤੀ ਰੱਖਣ ਵਾਲੇ ਅਤੇ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ੀ ਹਕੂਮਤ ਸਮੇਂ ਜੇਲ੍ਹਾਂ ਕੱਟਣ ਵਾਲੇ, ਆਮ ਸਾਧਾਰਨ ਜੀਵਨ ਬਤੀਤ ਕਰਨ ਵਾਲੇ ਮਹਾਂਪੁਰਸ਼ ਸਨ। ਉਨ੍ਹਾਂ ਦਾ 'ਅਖੰਡ ਕੀਰਤਨੀ ਜੱਥੇ' ਦੇ ਬਾਨੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਰੰਗਵਾਲ ਵਾਲਿਆਂ ਨਾਲ, ਸਖਾ-ਮਿਤਰ ਦੀ ਤਰ੍ਹਾਂ ਅਤੁੱਟ ਅਤੇ ਅਥਾਹ ਪ੍ਰੇਮ ਸੀ।

ਬਾਬਾ ਹੀਰਾ ਸਿੰਘ ਜੀ ਦੀ ਉਚੀ ਆਤਮਿਕ ਅਵਸਥਾ ਦਾ ਜ਼ਿਕਰ ਕਰਦਿਆਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਪੁਸਤਕ 'ਰੰਗਲੇ ਸੱਜਣ' ਵਿਚ ਇਨ੍ਹਾਂ ਨੂੰ ਸੰਤ ਦੀ ਉਪਾਧੀ ਨਾਲ ਨਿਵਾਜਿਆ ਹੈ। ਬੀਜੀ ਦੇ ਬ੍ਰਹਮ ਗਿਆਨੀ ਪਿਤਾ ਜੀ ਬਾਰੇ ਉਹ ਇੰਜ ਲਿਖਦੇ ਹਨ -

## ਸੰਤ ਬਾਬਾ ਹੀਰਾ ਸਿੰਘ ਜੀ

"ਮੁੱਢ ਜਨਮ ਤੋਂ ਹੀ ਇਹ ਗੁਰਮੁਖ ਸੱਜਣ ਸੀਲ, ਸੁਭਾਵੀ ਸੰਤ ਸਰੂਪ ਸਨ। ਖੰਡੇ ਦਾ ਅੰਮ੍ਰਿਤ ਛਕਣ ਤੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਭਜਨ ਅਭਿਆਸ ਵਿਚ ਐਸੇ ਅਰੂੜ੍ਹ ਹੋਏ ਕਿ ਸਾਰੀ-ਸਾਰੀ ਰਾਤ ਦੋਇ ਕਰ ਜੋੜ ਗਲ ਵਿਚ ਪੱਲਾ ਪਾ ਕੇ ਅਤੇ ਇਕ ਟੰਗ ਖੜ੍ਹੇ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਖੰਡਕਾਰ ਬਿਰਤੀ ਵਿਚ ਸਾਵਧਾਨ ਹੋ ਕੇ ਅਨਿੰਨ ਅਭਿਆਸ ਕਮਾਈਆਂ, ਇਨ੍ਹਾਂ ਦਾ ਨਿਤ ਦਾ ਗੁਰਮਤਿ ਉਦਮੀ ਸੁਕਰਮ ਸੀ। ਅਕਾਲ ਪੁਰਖ ਦੀ ਜੋਤਿ ਪ੍ਰਕਾਸ਼ ਦੇ ਦਰਸ਼ਨਾਂ ਦਾ ਜੋ ਚਾਉ ਉਮਾਹ ਇਨ੍ਹਾਂ ਦੇ ਹਿਰਦੇ ਅੰਦਰ ਸੀ, ਉਹ ਵਿਰਲਿਆਂ ਹੀ ਅਭਿਆਸੀ ਜਨਾਂ ਦੇ ਅੰਦਰ ਦੇਖਿਆ ਪਾਖਿਆ ਗਿਆ ਹੈ। ਘੰਟਿਆਂ ਬੱਧੀ ਵੈਰਾਗ ਅੰਦਰ ਪੂਰਤ ਹੋ ਕੇ ਇਕਾਂਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਰਹਿਣਾ। ਪਾਠ ਕਰਦਿਆਂ ਅੰਤਰੀਵੀ ਜੋਦੜੀਆਂ ਜੋਤਿ ਵਿਗਾਸੀ ਦਰਸ਼ਨਾਂ ਦੀਆਂ ਹੀ ਰੋਮ-ਰੋਮ ਹੁੰਦੀਆਂ ਰਹਿਣੀਆਂ। ਸ੍ਰੀ ਭਾਈ ਸੰਤ ਹੀਰਾ ਸਿੰਘ ਜੀ ਬੜੇ ਉਤਮ ਅਤੇ ਸ਼ੁਧ ਅਖੰਡ ਪਾਠੀ ਹੁੰਦੇ ਸਨ। ਸ਼ੁਧ ਪਾਠ ਤੇ ਅਖੰਡ ਪਾਠ ਕਰਦਿਆਂ ਹੋਇਆਂ ਨਾਲੋ ਨਾਲ ਹੀ ਅਖੰਡ ਭਜਨ ਅਭਿਆਸ ਲਗਾਤਾਰੀ ਲਿਵ ਅਭਿਆਸ ਵਿਚ ਹੀ ਹੁੰਦਿਆਂ ਰਹਿਣਾ।"

ਇਨ੍ਹਾਂ ਦੇ ਹੀ ਪਰਿਵਾਰ ਵਿਚ ਇਕ ਬੀਬੀ ਹਰਬੰਸ ਕੌਰ ਜੀ ਵੀ ਹੋਏ ਹਨ ਜੋ ਕਿ ਸਿੱਖੀ ਵਿਚ ਬਹੁਤ ਪਰਪੱਕ ਰਹਿਤ ਮਰਯਾਦਾ ਦੇ ਪੂਰੇ ਸਨ ਜੋ ਕਿ ਬੀਜੀ ਰਣਜੀਤ ਕੌਰ ਜੀ ਦੇ ਭੂਆ ਜੀ ਲਗਦੇ ਸਨ। ਉਨ੍ਹਾਂ ਬਾਰੇ ਵੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਪੁਸਤਕ 'ਰੰਗਲੇ ਸੱਜਣ' ਵਿਚ ਇਸ ਪ੍ਰਕਾਰ ਲਿਖਦੇ ਹਨ - "ਇਹ ਬੀਬੀ ਦਾਉਦਪੁਰ ਵਿਖੇ ਪੁਸ਼ਤੋ ਪੁਸ਼ਤੀ ਸਿੱਖ ਘਰਾਣੇ ਵਿਚ ਪੈਦਾ ਹੋਈ। ਇਨ੍ਹਾਂ ਦੇ ਚਾਚਾ ਸ੍ਰੀ ਮਾਨ ਸੰਤ ਹੀਰਾ ਸਿੰਘ ਜੀ, ਜੋ ਜਥੇ ਦੇ ਧਰਮੱਗ ਰੁਕਨ ਰਹੇ ਹਨ, ਬੜੇ ਹੀ ਉਚ ਕਮਾਈਆਂ ਵਾਲੇ, ਗੁਰਮਤਿ ਭਗਤੀ ਭਾਉ ਦੇ ਖਾਸ ਨਮੂਨੇ ਸਨ। ਉਨ੍ਹਾਂ ਦੇ ਹੱਥਾਂ ਵਿਚ ਹੀ ਇਹ ਹੋਣਹਾਰ ਭੁਝੰਗਣ ਜਨਮੀ, ਪਲੀ ਤੇ ਉਨ੍ਹਾਂ ਦੀ ਧਾਰਮਿਕ ਜੀਵਨੀ ਦਾ ਆਤਮ ਔਜੀ ਸਤਿਸੰਗ ਵਾਲਾ ਗੂੜ੍ਹਾ ਅਸਰ ਬਚਪਨ ਤੋਂ ਹੀ ਇਸ ਭੁਝੰਗਣ ਦੇ ਜੀਵਨ ਤੇ ਪੈਂਦਾ ਰਿਹਾ। ਭੁਝੰਗਣ ਦੇ ਜਨਮ ਲੈਣ ਸਾਰ ਹੀ ਸੰਤ ਸਰੂਪ ਇਸੇ ਭਾਈ ਹੀਰਾ ਸਿੰਘ ਜੀ ਦੇ ਮੁਖਾਰਬਿੰਦ ਤੋਂ ਸੁਤੇ ਸੁਭਾਅ ਹੀ ਇਹ ਬਚਨ ਸਫੁਰਨ ਹੋਇਆ, "ਇਹ ਬੱਚੀ ਬੜੇ ਹੀ ਧਰਮੱਗ ਜੀਵਨ ਵਾਲੀ ਹੋਵੇਗੀ ਤੇ ਸਿੱਖੀ ਸਿਦਕ ਦਾ ਖਾਸ ਨਮੂਨਾ ਹੋਵੇਗੀ।"

ਸਿਰੀ ਬੀਬੀ ਹਰਬੰਸ ਕੌਰ ਜੀ ਨੇ ਗੁਰਮਤਿ ਸੰਜੋਗੀ ਜੀਵਨ ਧਾਰਨ ਕਰਨ ਸਾਰ ਹੀ ਹਰ ਪ੍ਰਕਾਰ ਘਰੋਗੀ ਪ੍ਰਬੰਧ ਨੂੰ ਐਸਾ ਸੰਭਾਲਿਆ ਕਿ ਦਿਨਾਂ ਵਿਚ ਨੌਨਿਧਾਂ, ਬਾਰਾਂ ਸਿਧਾਂ ਹੋ ਗਈਆਂ। ਸਕੀਮੀ ਤੇ

ਗਰੀਬੀ ਪਲਟ ਕੇ ਰਾਜ ਭਾਗ ਦੀ ਲਹਿਰ ਬਹਿਰ ਵਰਤ ਗਈ। ਇਨ੍ਹਾਂ ਦਿਨਾਂ ਵਿਚ ਇਨ੍ਹਾਂ ਦੇ ਪਤੀ ਜੋਗਿੰਦਰ ਸਿੰਘ ਜੀ ਵੱਡੇ-ਵੱਡੇ ਅਹੁਦਿਆਂ ਤੇ ਮੁਮਤਾਜ਼ ਰਹੇ। ਮਾਇਕ ਗਰੀਬੀ ਭਾਵੇਂ ਦੂਰ ਹੋ ਗਈ ਪਰੰਤੂ ਦਿਲ ਦੀ ਗਰੀਬੀ "ਗੁਰਮੁਖਿ ਰਿਦੈ ਗਰੀਬੀ ਆਵੈ" ਦੇ ਮਹਾਂਵਾਕ ਅਨੁਸਾਰ ਐਸ਼ਵਰਜ ਦੇ ਹੁੰਦਿਆਂ ਵੀ ਕਾਇਮ ਰਹੀ। ਸਿਰੀ ਭੈਣ ਹਰਬੰਸ ਕੌਰ ਜੀ ਰਹਿਤ ਬਹਿਤ ਗੁਰਸਿੱਖੀ ਵਾਲੀ ਕਹਿਣੀ ਕਰਨੀ ਵਾਲੀ ਰਹਿਣੀ, ਕਹਿਣੀ ਦੇ ਖਾਸ ਨਮੂਨੇ ਸਨ। ਸੀਸ ਉਤੇ ਸੁਰਮਈ ਰੰਗ ਦੀ ਦਸਤਾਰ ਸਜਾਉਣ ਦਾ ਭਰੋਸਾ ਭਰਿਆ ਸਿਦਕ ਨਮੂਨਾ, ਸਾਰੀਆਂ ਸੰਗਤਾਂ ਵਿਚ ਉਨ੍ਹਾਂ ਦਾ ਪ੍ਰਸਿੱਧ ਸੀ। ਸਰੀਰਕ ਡੌਲ ਰਿਸ਼ਟ ਪੁਸ਼ਟ ਸਿੰਘਣੀਆਂ ਵਾਲੀ ਸੀ, ਸੀਸ-ਸੋਭ-ਸਜੀ ਦਸਤਾਰ ਨਾਲ ਉਨ੍ਹਾਂ ਦਾ ਖਾਲਸਈ ਰੁਹਬ ਵਾਲਾ ਚਿਹਰਾ ਉਚ ਧਰਮੱਗਤਾ ਦਾ ਨਜ਼ਾਰਾ ਪੇਸ਼ ਕਰਦਾ ਸੀ।

ਸਿਰੀ ਬੀਬੀ ਹਰਬੰਸ ਕੌਰ ਜੀ ਐਸੀ ਮਹੱਤਤਾ ਵਾਲੀ ਜਬਰ ਜੰਗ ਸਿੰਘਣੀ ਹੋ ਚੁਕੀ ਹੈ ਕਿ ਉਨ੍ਹਾਂ ਦੇ ਧਾਰਮਿਕ ਰੋਹਬ ਦਾਬ ਦਾ ਸਿੱਕਾ ਪਟਿਆਲਾ ਨਿਵਾਸੀ ਸਮੂੰਹ ਅਹਿਲਕਾਰਨੀ ਸਰਦਾਨੀਆਂ ਦੇ ਉਪਰ ਬੜੀ ਪ੍ਰਭਤਾ ਨਾਲ ਬੈਠਾ ਹੋਇਆ ਸੀ, ਵਜ਼ੀਰਾਂ ਕਬੀਰਾਂ ਦੀਆਂ ਵਜ਼ੀਰਨੀਆਂ ਤੇ ਰਾਜ ਮਹਿਲਾਂ ਦੀਆਂ ਰਾਣੀਆਂ ਸਭ ਇਨ੍ਹਾ ਤੋਂ (ਸਿਰੀ ਬੀਬੀ ਹਰਬੰਸ ਕੌਰ ਜੀ) ਕਾਂਪ ਖਾਂਦੀਆਂ ਸਨ। ਹੋਰ ਸਭ ਸਰਦਾਨੀਆਂ ਨੂੰ ਮਹਿਲਾਂ ਵਿਚ ਬੁਲਾ ਲੈਂਦੀਆਂ ਸਨ, ਪਰੰਤੂ ਸਿਰੀ ਬੀਬੀ ਹਰਬੰਸ ਕੌਰ ਜੀ ਨੂੰ ਸੱਦਾ ਭੇਜਣ ਦੀ ਕਿਸੇ ਦੀ ਜੁਅਰਤ ਨਹੀਂ ਪੈਂਦੀ ਸੀ। ਪਤੀਵਰਤਾ ਨੂੰ ਨਿਭਾਉਣ ਵਿਚ ਇਹ ਭੈਣ ਹਰਬੰਸ ਕੌਰ ਲਾਸਾਨੀ ਸੀ।

ਇਕ ਵੇਰਾਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਨਾਲ ਖਾਲਸਾ ਹਾਈ ਸਕੂਲ ਵਿਚ ਅੰਮ੍ਰਿਤ ਛਕਾ ਰਹੇ ਸਨ ਤਾਂ ਫਲੇਵਾਲ ਦੇ ਇਕ ਵਿਦਿਆਰਥੀ ਨੂੰ ਪੂਰੇ ਤੇਜ ਨਾਲ ਅੰਮ੍ਰਿਤ ਦਾ ਛੱਟਾ ਮਾਰ ਦਿਤਾ ਤਾਂ ਉਸ ਦੀ 56 ਘੰਟੇ ਦੀ ਸਮਾਧੀ ਲਗ ਗਈ। ਜਦੋਂ ਸਮਾਧੀ ਤੋਂ ਉਥਾਨ ਹੋਇਆ ਤਾਂ ਸੰਗਤ ਉਤੋਂ ਦੀ ਮੱਛੀ ਵਾਂਗੂੰ ਤੈਰਦਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਡੰਡਵਤ ਹੋ ਕੇ ਲੇਟ ਗਿਆ। ਉਸ ਵੇਲੇ ਬਾਬਾ ਹੀਰਾ ਸਿੰਘ ਜੀ ਦੇ ਕਹਿਣ ਤੇ ਲਾਵਾਂ ਦੇ ਪਾਠ ਉਪਰੰਤ ਇਸ ਦੀ ਸਮਾਧੀ ਖੁਲ੍ਹੀ ਤੇ ਇਸ ਵਿਦਿਆਰਥੀ ਨੂੰ ਉਚੀ ਆਤਮਿਕ ਅਵਸਥਾ ਪ੍ਰਾਪਤ ਹੋਈ।

ਇਕ ਦਿਨ ਦਾ ਜ਼ਿਕਰ ਹੈ ਕਿ ਗੁਰਦੁਆਰੇ ਦੇ ਸਾਰੇ ਬੂਹੇ ਅੰਦਰੋਂ ਬੰਦ ਕਰਕੇ ਸਿਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਬੈਠਦਿਆਂ ਨੂੰ ਹੀ ਉਹ ਅਗੰਮੀ ਝਰਨਾਹਟ ਭਜਨ-ਪਿਆਰ ਦੀ ਛਿੜੀ ਕਿ ਉਨ੍ਹਾਂ ਨੂੰ ਕੋਈ ਸੁਧ ਬੁਧ ਨਾ ਰਹੀ। ਛੇਤੀ ਆਪਣਾ ਆਪ ਸੰਭਾਲ ਕੇ ਗੁਪਤ ਅਰਦਾਸ ਵਿਚ ਜੁਟ ਗਏ। ਅਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੁਮਾਲਾ ਉਤਾਰ ਕੇ ਪਾਠ ਕਰਨਾ ਹੀ ਆਰੰਭਿਆ ਸੀ ਕਿ ਇਕ ਦਮ ਹੀ ਅੰਤਰ-ਆਤਮੇ ਜੋਤਿ ਵਿਗਾਸ ਦਾ ਉਘਾੜ ਹੋ ਗਿਆ, ਜੋ ਉਨ੍ਹਾਂ ਤੋਂ ਝੱਲਿਆ ਨਾ ਜਾਵੇ। ਸਾਰਾ ਸਰੀਰ ਹਲਕਾ ਫੁਲਕਾ ਅਮਿਓ ਰਸਾਇਣੀ ਲਿਵ ਵਿਚ ਮਗਨਾਰ ਹੋ ਕੇ ਨਾਭੀ ਵਿਚ ਨਾਮ ਅਭਿਆਸੀ ਖੰਡੇ ਨੂੰ ਜਦੋਂ ਦਬਾਇਆ ਤਾਂ ਦੂਜੀ ਛਿਨ ਵਿਚ ਸਹਿਜ ਸੁਭਾਅ ਤਾਬਿਆਂ ਵਿਚ ਬੈਠੇ ਐਸੇ ਉਛਲੇ ਕਿ ਸਰੀ ਸਰੀ ਸੇਤ ਗੁਰਦੁਆਰਾ ਸਾਹਿਬ ਦੀ ਛੱਤ ਨੂੰ ਜਾ ਲੱਗੇ। ਅਜਰ ਨੂੰ ਜਰਨ ਦੀ ਸ਼ਕਤੀ ਸੁਤੇ ਸੁਭਾਵ ਹੀ ਗੁਰਮੁਖ ਪਿਆਰੇ ਸੰਤ ਭਾਈ ਹੀਰਾ ਸਿੰਘ ਜੀ ਨੂੰ ਗੁਰੂ ਵੱਲੋਂ ਪ੍ਰਦਾਨ ਸੀ। ਬੜੀ ਸੁਚੇਚਤਾ ਸਹਿਤ ਅਜਰ ਸਾਵਧਾਨਤਾ ਵਾਲੀਆਂ ਅਰਦਾਸਾਂ ਬੇਨਤੀਆਂ ਵਿਚ ਲੀਨ ਹੋ ਗਏ। ਬੜੀ ਹੀ ਸਹਿਜ ਆਤਮ ਉਮਕਾਰ ਦੀ ਰਫਤਾਰ ਵਿਚ ਸਣੇ-ਸਣੇ ਹੇਠਾਂ ਉਤਰ ਆਏ ਜਿਵੇਂ ਕੋਈ ਉਡਣ ਪੰਖੇਰੂ ਉਤਰਿਆ ਕਰਦਾ ਹੈ। ਉਤਰਨ ਸਾਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਡੰਡਉਤ ਪਰਨੇ ਲੰਮੇ ਪੈ ਗਏ। ਤਕੜਾ ਚਿਰ ਪਏ-ਪਏ ਹੀ ਬੇਨਤੀਆਂ ਵਿਚ ਜੁਟੇ ਰਹੇ, "ਹੇ ਪਾਤਸ਼ਾਹ, ਇਸ ਅਜਰ ਨੂੰ ਆਪ ਹੀ ਜਰਾਈਂ।" ਗੁਰੂ ਦੀ ਕ੍ਰਿਪਾ ਅਨੁਸਾਰ ਓਦੋਂ ਪਿਛੋਂ ਐਸਾ ਅਜਰ ਜਰਿਆ, ਕਿਸੇ ਨੂੰ ਲਖਾਇਆ ਨਹੀਂ। ਨਾਮ-ਵਿਗਾਸੀ-ਲਿਵ-ਮਗਨ ਦਸ਼ਾ ਵਿਚ ਸੰਗਤਾਂ ਵਿਚ ਵਿਚਰਦੇ ਰਹੇ। ਅਜਿਹੇ ਰੰਗ-ਰਤੜੇ ਗੁਰਮੁਖ ਸੱਜਣਾਂ ਨੂੰ ਹੀ ਅੰਮ੍ਰਿਤ ਸੰਚਾਰ ਸਮੇਂ ਪੰਜਾਂ ਪਿਆਰਿਆਂ ਵਿਚ ਲਿਆ ਜਾਂਦਾ ਸੀ। ਇਹ ਇਸ ਜਥੇ ਦਾ ਸਦੀਵੀ ਬਿਰਦ ਰਿਹਾ ਹੈ।

ਹੁਕਮ ਅੰਦਰ, ਪਿੰਡ ਦਾਉਦਪੁਰ ਜ਼ਿਲਾ ਲੁਧਿਆਣਾ ਤੋਂ 'ਨਕਿ ਨਥ ਖਸਮ ਹਥ' (ਅੰਗ-653)

ਦੀ ਕਾਰ ਅਨੁਸਾਰ ਵਿਦਾ ਹੋ ਕੇ 361 ਚੱਕ, ਜ਼ਿਲਾ ਲਾਇਲਪੁਰ ਵਿਖੇ ਵਸਨੀਕ ਹੋਏ, ਜਿਥੇ ਉਨ੍ਹਾਂ ਨੂੰ ਮੁਰੱਬੇ ਮਿਲੇ ਹੋਏ ਸਨ। 361 ਚੱਕ ਅੰਦਰ ਜਾਣ ਦੀ ਦੇਰ ਹੀ ਸੀ ਕਿ ਇਸ ਗੁਰਮੁਖ ਹੌਸਲੇ ਵੀਰ ਸੰਤ ਭਾਈ ਹੀਰਾ ਸਿੰਘ ਜੀ ਦੀ ਸੰਗਤ ਦੇ ਪ੍ਰਭਾਵ ਕਰਕੇ ਅਨੇਕਾਂ ਅਧਿਕਾਰੀ ਜਨ ਜੀਵੜਿਆਂ ਦੇ ਘਟਾਂ ਅੰਦਰ ਜੋਤਿ ਜਗਮਗੀ ਦੀਵੜੇ ਲਟ ਬਲ ਉਠੇ। 361 ਚੱਕ ਲਗਭੱਗ ਸਾਰਾ ਹੀ ਇਸ ਲਹਿਰ ਨਾਲ ਰੁਮਕ ਉਠਿਆ। ਅੰਮ੍ਰਿਤਧਾਰੀ ਜੋਤਿ ਵਿਗਾਸੀਆਂ ਦਾ ਇਕ ਅਨੂਪਮ ਖੇੜਾ ਖਿੜ ਉਠਿਆ। ਸਾਰੇ ਗੁਰਮੁਖ ਜਨ ਖੇਤੀ ਬਾੜੀ ਦੀ ਕਾਰ ਭੀ ਕਰਨ ਅਤੇ ਨਾਮ ਅਭਿਆਸ ਦੀ ਸੱਚੀ ਕਾਰ ਵਿਚ ਹਮਾਤਨ ਹੋ ਕੇ ਜੁਟੇ ਰਹਿਣ। ਸਾਰਿਆਂ ਨੂੰ ਐਸਾ ਪ੍ਰਤੀਤ ਹੋਵੇ ਕਿ ਸਭ ਦੇ ਕਾਰਜ ਸਤਿਗੁਰ ਆਪ ਹੀ ਸਵਾਰ ਰਿਹਾ ਹੈ। ਇਹ ਕਦੇ ਅੱਕਣ ਥੱਕਣ ਹੀ ਨਾ। ਖੇਤੀ ਬੀਜਦੇ ਹੋਏ, ਗੁਡਦੇ ਹੋਏ, ਗੁਡਾਈ ਕਰਦੇ ਹੋਏ, ਬੜੀ ਸੁਬਕਤਾ ਤੇ ਸੁਗਮਤਾ ਸਹਿਤ ਸਾਰੇ ਕਾਰਜ ਨਿਭਾਈ ਜਾਣ, ਸਹਿਜੇ ਹੀ ਨਿਭਾਈ ਜਾਣ। ਵਢਾਈ ਕਰਦੇ ਹਨ ਤਾ ਪਹਿਰ-ਪਹਿਰ ਕਰਦੇ ਹੀ ਰਹਿਣ, ਕੋਈ ਅਗੰਮੀ ਕਲਾ ਉਨ੍ਹਾਂ ਤੋਂ ਇਹ ਕਾਰ ਕਰਾਂਦੀ ਸੀ। ਢੁਆਈ ਕਰਦੇ ਹਨ ਤਾਂ ਸੀਸ ਉਪਰ ਭਰੀਆਂ ਲੈ ਕੇ ਘਰਾਂ ਨੂੰ ਇਉਂ ਉੜੇ ਜਾਂਦੇ ਹਨ ਜਿਵੇਂ ਉਨ੍ਹਾਂ ਦੇ ਪੈਰ ਧਰਤੀ ਤੇ ਲਗਦੇ ਹੀ ਨਹੀਂ। ਕਈ ਦਾਨੇ ਬੀਨੇ ਸੱਜਣਾਂ ਨੇ ਆਪਣੇ ਅੱਖੀਂ ਵੇਖ ਕੇ ਇਹ ਸ਼ਾਹਦੀ ਦਿਤੀ ਕਿ ਭਾਰ ਦੀਆਂ ਭਰੀਆਂ ਗੁਰਮੁਖ ਸਿੰਘਾਂ ਦੇ ਸਿਰਾਂ ਤੋਂ ਦੋ-ਦੋ ਗਿੱਠ ਉਚੀਆਂ ਰਹਿੰਦੀਆਂ ਸਨ।

361 ਚੱਕ ਵਿਚ ਜਥੇ ਵਲੋਂ ਕਈ ਵਾਰ ਅਖੰਡ ਪਾਠ ਸਮਾਗਮ ਹੋਏ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਏ ਜਿਨ੍ਹਾਂ ਅੰਦਰ ਐਸੇ ਕੌਤਕ ਵਰਤੇ ਕਿ ਵਰਨਣ ਨਹੀਂ ਕੀਤੇ ਜਾ ਸਕਦੇ। 361 ਚੱਕ ਨਿਵਾਸੀ ਗੁਰਮੁਖ ਸਿੰਘ ਅਕਸਰ ਇਕ ਮੰਡਲੀ ਵਿਚ ਹੀ ਇਕੱਤਰ ਹੋ ਕੇ ਅਭਿਆਸ ਕਰਿਆ ਕਰਦੇ ਸਨ। ਨਾਮ ਦੇ ਖੰਡੇ ਦੀਆਂ ਗੁੰਜਾਰਾਂ ਐਸੀਆਂ ਪੈਣੀਆਂ ਕਿ ਸਾਰਾ ਨਗਰ ਹੀ ਵਜਦ ਵਿਚ ਆ ਜਾਣਾ। ਇਕ ਦਿਨ ਗੰਗਾ ਸਿੰਘ ਨਾਮੇ ਮਸਖਰਾ ਪੁਰਸ਼, ਮਸਖਰੀ ਵਜੋਂ, ਇਕ ਦਿਨ ਅਭਿਆਸ ਮੰਡਲ ਦੇ ਬੂਹੇ ਅੱਗੇ ਆ ਖਲੋਤਾ। ਕੀ ਵੇਖਦਾ ਹੈ ਕਿ ਦਰਜਨਾਂ ਸਿੰਘ ਅਭਿਆਸੀ ਜਨ ਮਿਲ ਕੇ ਜ਼ੋਰ-ਜ਼ੋਰ ਦੀ ਅਭਿਆਸ ਕਰ ਰਹੇ ਹਨ। ਉਨ੍ਹਾਂ ਦੇ ਹੱਥਾਂ ਵਿਚ ਸਰਬ ਲੋਹ ਦੀ ਮਾਲਾ, ਸਿਮਰਨੇ ਸਸ਼ੋਭਿਤ ਹਨ। ਉਨ੍ਹਾਂ ਉਚੀ-ਉਚੀ ਅਭਿਆਸ ਕਰਦਿਆਂ ਸਿੰਘਾਂ ਦੀ ਨਕਲ ਕਰਨ ਲਈ ਉਸ ਮਸਖਰੇ ਪੁਰਸ਼ ਨੇ ਸਣ ਸੂਬੀ ਨੂੰ ਗੰਢਾਂ ਦੇ ਕੇ ਮਾਲਾ ਬਣਾ ਲਈ ਅਤੇ ਬੂਹੇ ਅੱਗੇ ਖੜ੍ਹਾ ਹੋ ਕੇ ਉਸ ਨਕਲੀ ਮਾਲਾ ਨੂੰ ਫੇਰਨ ਲੱਗਾ ਅਤੇ ਅਸਲੀ ਅਭਿਆਸੀ ਜਨਾਂ ਦੀ ਨਕਲ ਵਿਚ ਉਚੀ-ਉਚੀ ਅਭਿਆਸ ਕਰਨ ਲੱਗ ਪਿਆ। 15 ਮਿੰਟ ਹੀ ਮਸਾਂ ਇਸ ਨਕਲੀ ਰੀਸ ਨੂੰ ਕਰਦਿਆਂ ਹੋਏ ਸਨ ਕਿ ਕਰਦਾ-ਕਰਦਾ ਧੜੰਮ ਧਰਤੀ 'ਤੇ ਜਾ ਡਿੱਗਾ। ਉਸ ਦੀਆਂ ਕਿਲਕਾਰੀਆਂ ਨਿਕਲ ਗਈਆਂ। ਜ਼ੋਰ-ਜ਼ੋਰ ਨਾਲ ਦੁਹਾਈਆਂ ਦੇਣ ਲੱਗਾ, ਸੁਣ ਕੇ ਸਾਰਾ ਪਿੰਡ ਇਕੱਠਾ ਹੋ ਗਿਆ। ਦੁਹਾਈਆਂ ਸੁਣ ਕੇ ਆਏ ਕਈ ਪ੍ਰਤਿਸ਼ਟੇ ਪੁਰਸ਼ਾਂ ਨੇ ਪੁਛਿਆ, "ਓ ਗੰਗਾ ਸਿੰਘ! ਤੈਨੂੰ ਕੀ ਹੋਇਐ? ਉਤਰ ਵਿਚ ਬਹੁੜੀਆਂ ਪਾ ਕੇ ਪੁਕਾਰਨ ਲੱਗਾ, ਮੈਂ ਪਾਪੀ ਨੂੰ ਇਨ੍ਹਾਂ ਤੋਂ ਬਖਸ਼ਾ ਦੇਵੋ। ਨਾਲੇ ਧਰਤੀ 'ਤੇ ਲੇਟੀ ਜਾਵੇ, ਨਾਲੇ ਲੇਲੜੀਆਂ ਕੱਢੇ। ਅਭਿਆਸ ਮੰਡਲੀ ਅੰਦਰਲੇ ਗੁਰਮੁਖ ਜਨਾਂ ਨੇ ਸੁਚੇਤ ਸਾਵਧਾਨ ਹੋ ਕੇ ਉਸ ਹਾਲੋਂ ਬੇਹਾਲ ਹੋਏ ਧਰਤੀ ਨਾਲ ਸਿਰ ਪਟਕਦੇ ਗੰਗਾ ਸਿੰਘ ਨੂੰ ਚੁੱਕਿਆ, ਓਸੇ ਦਿਨ ਹੀ ਸੰਗਤ ਅੱਗੇ ਪ੍ਰਾਸਚਿਤ ਕਰਕੇ ਗੰਗਾ ਸਿੰਘ ਨੇ ਆਪਣੀਆਂ ਬਜਰ ਪਾਪਾਂ ਮਈ ਭੁੱਲਾਂ ਬਖਸ਼ਵਾਈਆਂ ਅਤੇ ਅੰਮ੍ਰਿਤ ਛਕ ਕੇ ਜਰਨ ਵਾਲਾ ਤਿਆਰ ਬਰ ਤਿਆਰ ਸਿੰਘ ਸਜ ਗਿਆ। ਇਸ ਪਿਆਰੇ ਗੰਗਾ ਸਿੰਘ ਨੇ ਪ੍ਰੇਮ ਪੁਲਕਤਾਂ ਵਾਲੇ ਸੁਰ-ਸਾਜ ਰਾਗ ਵਿਚ ਜ਼ਾਰੋ ਕਤਾਰ ਹੋ ਕੇ ਖੁਦ ਸਾਨੂੰ ਆਪਣੀ ਨਿਜ ਬੀਤੀ, ਹੱਡਬੀਤੀ ਸੁਣਾਈ ਹੈ। ਬਰਸਾਂ ਬੱਧੀ 361 ਚੱਕ ਨਾਮੇ ਨਗਰੀ ਅੰਦਰ ਇਸ ਅਨੰਦ ਭਗਤੀ ਦੀ ਇਹ ਅਗੰਮੀ ਲਹਿਰ ਐਸੀ ਚੱਲੀ ਕਿ ਕਈ ਹੋਰ ਚੱਕ ਵੀ ਤਿਆਰ ਬਰ ਤਿਆਰ ਸਿੰਘ ਸਜ ਗਏ।

ਜਿਹੜਾ ਵੀ ਨਾਮ ਜਪਣ ਵਾਲੇ ਗੁਰਸਿੱਖਾਂ-ਭਗਤਾਂ ਦੀ ਖਿਲੀ ਉਡਾਉਂਦਾ ਹੈ ਉਹ ਡੁੱਬ ਜਾਇਆ ਕਰਦਾ ਹੈ ਜਿਵੇਂ ਕਿ ਸਿਆਣੇ ਵਿਦਵਾਨ ਪੁਰਸ਼ਾਂ ਦਾ ਕਥਨ ਹੈ, 'ਸੰਤਨ ਸੇਤੀ ਮਸਖਰੀ ਇਹ ਡੂਬਨ ਕੀ ਰੀਤ।' ਇਸ ਲਈ ਸਾਧੂ-ਮਹਾਂਪੁਰਸ਼ਾਂ ਦਾ ਮਖੌਲ ਉਡਾਉਣਾ ਠੀਕ ਨਹੀਂ ਹੁੰਦਾ, ਸਾਵਧਾਨੀ ਰੱਖਣੀ ਚਾਹੀਦੀ ਹੈ।

*'ਚਲਦਾ.....।'*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-52)*

### 46. ਬੁੱਢਣਸ਼ਾਹ

ਅਸਚਰਜ ਹੈ, ਕਾਲੀ ਬੋਲੀ ਰਾਤ ਕਿੱਧਰ ਗਈ? ਇਹ ਚਿੱਟਾ ਚਾਨਣਾ ਕਿਧਰੋਂ ਆ ਗਿਆ? ਵਾਹਵਾ! ਵਿਸਮਾਦ ਹੈ, ਹੈਂ ਇਹ ਪੂਰੇ ਵਲੋਂ ਲਾਲੀ ਭਖ ਕੇਹੀ? ਏਸ ਨੀਲੇ ਸਰਪੋਸ਼ ਨੂੰ ਕੌਣ ਸੁਨਹਿਰੀ ਕਰ ਗਿਆ? ਅਹਾ ਹਾ, ਕਿਆ ਸੁਆਦਦਾਰ ਤੇ ਸ਼ਾਨਦਾਰ ਨਜ਼ਾਰਾ ਹੈ, ਵਾਹ ਵਾ! ਅਦਭੁੱਤ ਹੈ, ਕੇਹੀ ਗੋਲ-ਗੋਲ ਚਾਨਣੇ ਦੀ ਡਲ੍ਹਕਦੀ ਟਿਕੀ ਅਸਮਾਨ ਤੇ ਧਰਤੀ ਦੀ ਸੰਨ੍ਹ ਵਿਚੋਂ ਨਿਕਲ ਰਹੀ ਹੈ, ਕੈਸਾ ਅਦਭੁੱਤ ਦਰਸ਼ਨ ਹੈ, ਰੰਗ ਹੈ, ਰੂਪ ਹੈ, ਤੇਜ ਹੈ, ਮਸਤੀ ਦੀ ਫੁਹਾਰ ਹੈ, ਸੁਹੱਪਣ ਦਾ ਫੁਟਾਲਾ ਹੈ, ਵਾਹ ਵਾ! ਪਰਮ ਅਦਭੁੱਤ ਹੈ। ਟਿੱਕੀ ਦਾ ਕਿਵੇਂ ਤੇਜ ਵਧ ਗਿਆ ਤੇ ਪੰਘਰੇ ਹੋਏ ਸੋਨੇ ਦੀਆਂ ਡਲ੍ਹਕਾਂ ਵਾਲੀ ਟਿੱਕੀ ਹੈ ਕਿ ਪ੍ਰਕਾਸ਼ ਦਾ ਲਹਿਰਾਉ ਹੈ, ਅਚਰਜੋ ਅਚਰਜ ਵਧ ਗਏ, ਅਸਚਰਜ ਦਾ ਅਨੂਠਾ ਚੜ੍ਹਦ ਜੋਬਨ ਹੈ, ਡਲ੍ਹਕ ਦਰ ਡਲ੍ਹਕ ਲਿਸ਼ਕਾਰ ਦਰ ਲਿਸ਼ਕਾਰ, ਵਾਹ ਵਾ! ਪਰਮ ਪਰਮਾਦਭੁਤ ਹੈ।

ਚਾਨਣੇ, ਤੇਜ, ਗਰਮੀ, ਸੁਹਾਉ ਡਲ੍ਹਕ ਦਰ ਡਲ੍ਹਕ ਵਿਚੋਂ ਲਾਸਾਂ ਛੁੱਟੀਆਂ, ਅਚਰਜ ਹੱਦੋਂ ਟੱਪ ਗਿਆ। ਕਿਰਨਾਂ ਖਿਲਰੀਆਂ, ਜਗ ਮਗ ਕਿਰਨਾਂ ਫੈਲੀਆਂ, ਆਕਾਸ਼, ਧਰਤ ਪੁਲਾੜ ਨੂਰ ਨਾਲ ਭਰ ਗਏ, ਕਿਸ ਗੰਭੀਰਤਾ ਨਾਲ ਕਿਸ ਗਜ ਗਮਨੀ ਚਾਲ ਨਾਲ, ਲਾਲ-ਲਾਲ ਡਲ੍ਹਕ ਦਾਰ, ਝਲਕਦਾਰ, ਆਬਦਾਰ, ਨਸ਼ੇਦਾਰ, ਨਖਰੇਦਾਰ ਢਾਲ ਨਾਲ ਟਿੱਕੀ ਉੱਚੀ ਚੜ੍ਹੀ ਆਉਂਦੀ ਹੈ। ਪਰਮ ਅਦਭੁੱਤ ਤੋਂ ਪਰਮਾਦਭੁਤ ਹੋ ਗਿਆ। ਵਾਹ ਵਾਹ, ਵਿਸਮਾਦ ਦਾ ਸੁਆਦ ਆ ਗਿਆ, ਦਰਸ਼ਨ ਹੈ ਕਿ ਨਿਰਾ ਬਿਸਮਾਦ ਹੈ।

ਹਾਂ, ਭਈ 'ਬਿਮਾਦ' ਜਦ ਝਲਕਾਰਾ ਮਾਰੇ ਤਾਂ ਇਹੋ ਕੁਛ ਕਰ ਦੇਂਦਾ ਹੈ। ਦੇਖੋ ਭਾਈ ਗੁਰਦਾਸ ਜੀ ਨੂੰ ਬਿਸਮਾਦ ਨੇ ਲਿਸ਼ਕਾਰਾ ਮਾਰਿਆ ਮਸਤ ਹੋ ਗਏ, ਅਮਸਤ ਹੋ ਗਏ, ਮਗਨ ਹੋ ਗਏ, ਅਮਗਨ ਹੋ ਗਏ। ਫੇਰ ਓਸ ਦਾ ਪਤਾ ਐਉਂ ਦਿਤਾ 'ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ, ਬੁਧ ਕੀ ਨ ਬੁਧ ਰਹੀ ਮਤਿ ਮੇ ਨ ਮਤਿ ਹੈ। ਸੁਰਤਿ ਮੈਂ ਨ ਸੁਰਤਿ ਔ ਧਯਾਨ ਮੈ ਨ ਧਯਾਨ ਰਹਯੋ ਗਯਾਨ ਮੈਂ ਨ ਗਯਾਨ ਰਹਯੋ ਗਤਿ ਮੇ ਨ ਗਤਿ ਹੈ। ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ, ਰਤਿ ਮੇਂ ਨ ਰਤਿ ਰਹੀ ਪਤਿ ਰਤਿ ਪਤਿ ਹੈ। ਅਦਭੁੱਤ ਪਰਮਦਭੁਤ ਬਿਸਮੈ ਬਿਸਮ, ਅਸਚਰਜੈ ਅਸਚਰਜ ਅਤਿ ਅਤਿ ਹੈ।

ਭਾਈ ਗੁਰਦਾਸ ਜੀ ਦਾ ਦਰਸ਼ਨ ਬੜਾ ਉੱਚਾ ਹੈ, ਬਿਸਮਾਦ ਦਾ ਰੂਪ ਜੋ ਆਪ ਨੇ ਕਥਨ ਕੀਤਾ ਹੈ, ਪੂਰਨ ਬਿਸਮਾਦ ਦਾ ਹੈ, ਜੋ ਇਲਾਹੀ ਸੁੰਦਰਤਾ ਦੇ ਜਲਵੇ ਤੋਂ ਉਹਨਾਂ ਉਤੇ ਪਿਆ। ਸੁੰਦਰਤਾ ਦਾ ਇਕ ਝਲਕਾ ਜੋ ਮਾਰ ਕਰ ਸਕਦਾ ਹੈ ਉਸ ਦੇ ਸੁਆਦਲੇ ਘਾਉ, ਰਸ ਭਰੇ ਅਰ ਤੇ ਮਗਨਤਾਈਆਂ ਦਾ ਵਰਣਨ ਇਹੋ ਹੈ।

ਜੇ ਕੋਈ ਪੁੱਛੇ ਕਿ ਸੂਰਜ ਤਾਂ ਰੋਜ਼ ਚੜ੍ਹਦਾ ਹੈ, ਸੂਰਜ ਚੜ੍ਹੇ ਤੇ ਕੀ ਬਿਸਮਾਦ? ਠੀਕ ਹੈ, ਸੱਜਣਾ! ਜਮਾਂਦਰੂ ਹਨ੍ਹੇਰੀ ਕੋਠੜੀ ਵਿਚ ਪਲਦੈਂ, ਜੁਆਨ ਕਰਕੇ ਤੜਕਸਾਰ ਪੂਰੇ ਵਲ ਮੂੰਹ ਕਰਕੇ ਤੈਨੂੰ ਖੜਾ ਕਰ ਦਿਤਾ ਜਾਂਦਾ, ਫੇਰ ਜੇ ਸੂਰਜ ਦਾ ਹੀ ਦਰਸਨ ਬਿਸਮਾਦ ਵਿਚ ਬੇਸੁਧ ਨਾ ਕਰ ਦੇਂਦਾ ਤਾਂ ਪੁੱਛਦੇ। ਜਾਂ ਭਾਈ, ਪੁਛ ਸ੍ਰਿਸ਼ਟੀ ਦੇ ਸਭ ਤੋਂ ਪਹਿਲੇ ਮਨੁੱਖ ਨੂੰ ਕਿ ਸੂਰਜ ਪ੍ਰਕਾਸ਼ ਦੇ ਪਹਿਲੇ ਦਰਸ਼ਨ ਨੇ ਉਸ ਨੂੰ ਕੀ ਲਹਿਰਾ ਦਿਤਾ ਸੀ।

ਹੁਣ ਮਨੁੱਖ ਸਿਆਣਾ ਹੋ ਗਿਆ, ਅਕਲੱਈਆ ਹੋ ਗਿਆ, ਗਿੱਝ ਗਿਆ। ਖਿੜੀ ਰਾਤ ਦੇ ਅੰਬਰ ਦਾ ਅਸਚਰਜ ਨੀਲ-ਉਸ ਦੇ ਦਿਲ ਉਤੇ ਅਚਰਜਤਾ ਦੀ ਸੱਟ ਨਹੀਂ ਮਾਰਦਾ, ਛੁਟਕੀ ਤਾਰਿਆਂ ਜੜੀ ਰਾਤ ਹੈਰਾਨੀ ਵਿਚ ਨਹੀਂ ਲੈ ਉਡਦੀ, ਚਾਂਦਨੀ ਉਸ ਨੂੰ ਸਿਫਤ ਸਲਾਹ ਵਿਚ ਨਹੀਂ ਡੋਬਦੀ, ਸੂਰਜ ਦਾ ਉਦੈ ਹੋਣ ਉਸ ਨੂੰ ਬਿਸਮਾਦ ਵਿਚ ਨਹੀਂ ਪਾਉਂਦਾ, ਬਿਜਲੀ ਦੀ ਲਿਸ਼ਕ ਤੇ ਕੜਕ ਉਸ ਨੂੰ ਮਨਹਰਨੇ ਅਦਭੁੱਤ

ਵਿਚ ਨਹੀਂ ਲੈ ਜਾਂਦੀ। ਅੱਗ ਰੋਜ਼ ਬਾਲਦਾ ਹੈ, ਪਰ ਕਦੇ ਹੈਰਤ ਵਿਚ ਨਹੀਂ ਆਇਆ ਕਿ ਇਹ ਕੀ ਹੈ? ਚਲਦੇ ਪਾਣੀ, ਡਿੱਗਦੇ ਪਾਣੀ, ਅਡੋਲ ਸ਼ਾਂਤ ਖੜ੍ਹੇ ਪਾਣੀ, ਉਬਲਦੇ ਪਾਣੀ ਉਸ ਨੂੰ ਭਚਿੱਤ੍ਰੀ (ਅਚਰਜ) ਵਿਚ ਨਹੀਂ ਪਾਉਂਦੇ। ਕਿਉਂ? ਮਨੁੱਖ ਦਾਨ ਹੋ ਗਿਆ ਹੈ, ਪੜ੍ਹਾਕੂ ਹੋ ਗਿਆ ਹੈ? ਖੋਜੀ ਹੋ ਗਿਆ ਹੈ, ਮਨੁੱਖ ਹਰ ਗਲ ਦਾ ਕਾਰਨ ਲੱਭਦਾ ਹੈ। ਬਿਸਮਾਦ ਉਦੈ ਕਰਨ ਵਾਲੀਆਂ ਅਕਹਿ ਸ਼ਕਤੀਆਂ ਦੇ ਨਾਉਂ ਧਰਦਾ ਹੈ ਤੇ ਥੋੜ੍ਹੀ ਜਿਹੀ ਪੜਚੋਲ ਕਰਕੇ ਉਸ ਦਾ ਲਾਲ ਬੁਝੱਕੜ ਬਣਦਾ ਹੈ, ਇਉਂ ਕਰਕੇ ਉਸ ਦੇ ਵਿਸਮਾਦ ਰਸ ਤੋਂ ਟੁੱਟ ਕੇ ਉਸ ਦਾ ਗਿਆਤਾ ਬਣ ਬੈਠਦਾ ਹੈ। ਆਹੋ ਜੀ, ਮਨੁੱਖ ਹਿਸਾਬੀ ਹੋ ਗਿਆ, ਲੇਖੇਦਾਰ ਹੋ ਗਿਆ, ਗਿਣਤੀਆਂ ਵਾਲਾ ਹੋ ਗਿਆ, ਪਰ ਮਾਰਿਆਂ ਗੇਣਤੀਆਂ ਨੇ, ਗਿਣਦਾ ਗਿਣਦਾ ਆਪ ਗੇਣਤੀ ਹੀ ਹੋ ਗਿਆ, ਰਸ ਤੋਂ ਹੀਨ ਆਰਸੀਆਂ ਹੋ ਗਿਆ, ਸੁਆਦ ਤੋਂ ਵਾਂਝਿਆ ਗਿਆ, ਬੇਖੁਦੀ ਦੀ ਲਹਿਰ ਤੋਂ ਸੱਖਣਾ ਹੋ ਗਿਆ ਕਿਉਂਕਿ ਇਹ ਨੇਮ ਹੈ ਕਿ –

*ਗੇਣਤੀ ਆਈ ਰਸ ਸੁਆਦ ਗਏ।*
*ਬਿਸਮਾਦ ਆਯਾ ਰਸਾਂ ਦੇ ਕੜ ਪਾਟ ਪਏ।*

ਭਲਾ, ਮਨੁੱਖ ਸਚਮੁੱਚ ਜਾਣ ਗਿਆ ਹੈ? ਬਈ ਵੱਡੇ ਤੋਂ ਵੱਡੇ ਸੰਸਾਰ ਦੇ ਦਾਨੇ ਨੂੰ ਪੁੱਛੋ ਕਿ ਅੱਗ ਕਿਉਂ ਚਮਕਦੀ ਹੈ, ਕਿਉਂ ਸਾੜਦੀ ਹੈ? ਬਿਜਲੀ ਕੀ ਹੈ? ਇਸ ਦੀਆਂ ਲਹਿਰਾਂ ਕਿਉਂ ਐਦਾਂ ਪੈਂਦੀਆਂ ਹਨ? ਕੋਈ ਨਾ ਦਸ ਸਕੇਗਾ। ਅਜੇ ਤੱਕ ਮਨੁੱਖ ਅਣਜਾਣ ਹੈ, ਇਸ ਨੇ ਬਹੁਤ ਕੁਛ ਜਾਨਿਆ ਹੈ, ਪਰ ਜੋ ਇਸ ਨੇ ਜਾਨਿਆ ਹੈ ਉਸ ਨੇ ਅਜੇ ਇਸ ਨੂੰ ਅਜਾਣ ਹੀ ਰਖਿਆ ਹੈ। ਅਜੇ ਏਸ ਨੂੰ ਅਸਲ ਕਾਰਨਾਂ ਦੇ ਕਾਰਣ ਦਾ ਪਤਾ ਨਹੀਂ ਤੇ ਵਿਸਮਾਦ ਦੇ ਮਗਰ ਬੈਠੇ ਦਾ ਥਹੁ ਨਹੀਂ। ਏਸ ਤਾਂ ਗੇਣਤੀਆਂ ਵਿਚ ਪੈ ਕੇ ਕੁਛ ਕੁਦਰਤ ਦੇ ਭੇਤ ਕੱਢ ਕੇ ਕੁਛ ਜਾਨਿਆ ਹੈ, ਪਰ ਲਾਲ ਬੁਝੱਕੜ ਬਣ ਕੇ ਵਿਸਮਾਦ ਰੰਗ ਗੁਆ ਕੇ ਮਾਨੋ ਆਪਣੇ ਅਦਨ ਦੇ ਬਾਗ਼ ਵਿਚੋਂ ਧੱਕਾ ਖਾਧਾ ਹੈ, ਬੈਕੁੰਠ ਤੋਂ ਗਿੜਾਉ ਪਾਇਆ ਹੈ।

ਹੁਣ ਬਿਸਮਾਦ ਇਨਸਾਨ ਨੂੰ ਕਿਵੇਂ ਬਿਸਮਾਦ ਕਰੇ? ਸੋਚ ਵਿਚ ਜੁ ਦਿਨ ਰਾਤ ਫਸ ਗਿਆ। ਕੁਦਰਤ ਦੇ ਚਮਤਕਾਰ ਰੋਜ਼ ਤੱਕੀਦੇ ਹਨ, ਬਿਸਮਾਦ ਕਦੇ ਨਹੀਂ ਹੁੰਦਾ, ਪਰ ਵੇਖੋ ਉਹ ਜੀਉਂਦਾ ਤੇ ਜਿੰਦ ਦਾਤਾ ਦਿਲ, ਜੋ ਕਦੇ ਗੇਣਤੀਆਂ ਨਾਲ ਨਹੀਂ ਢੱਠਾ, ਸਗੋਂ ਢੱਲਿਆਂ ਨੂੰ ਤੁਲ੍ਹਾ ਦੇਂਦਾ ਹੈ, ਜੋ ਦਿਲਾਂ ਦਾ ਸਰਦਾਰ ਦੇ ਹਰ ਚਮਤਕਾਰ ਵਿਚ ਵੇਖਦਾ ਤੇ ਸਾਨੂੰ ਦਸਦਾ ਹੈ –

*ਵਿਸਮਾਦੁ ਨਾਦ ਵਿਸਮਾਦੁ ਵੇਦ ॥*
*ਵਿਸਮਾਦੁ ਜੀਅ ਵਿਸਮਾਦੁ ਭੇਦ ॥*
*ਵਿਸਮਾਦੁ ਰੂਪ ਵਿਸਮਾਦੁ ਰੰਗ ॥*
*ਵਿਸਮਾਦੁ ਨਾਗੇ ਫਿਰਹਿ ਜੰਤ ॥*
*ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥*
*ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥*
*ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥*
*ਵਿਸਮਾਦੁ ਸਾਦਿ ਲਗਹਿ ਪਰਾਣੀ ॥*
*ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥*
*ਵਿਸਮਾਦੁ ਭੁਖ ਵਿਸਮਾਦੁ ਭੋਗੁ ॥*
*ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥*
*ਵਿਸਮਾਦੁ ਉਝੜ ਵਿਸਮਾਦੁ ਰਾਹ ॥*
*ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥*
*ਵਿਸਮਾਦੁ ਦੇਖੈ ਹਾਜਰਾ ਹਜੂਰਿ ॥*
*ਵੇਖਿ ਵਿਡਾਣੁ ਰਹਿਆ ਵਿਸਮਾਦੁ ॥*
*ਨਾਨਕ ਬੁਝਣੁ ਪੂਰੈ ਭਾਗਿ ॥ ੧ ॥* *ਅੰਗ – ੪੬੪*

ਹਾਂ ਜੀ, ਇਹ ਸੁੱਚੇ, ਉੱਚੇ, ਸੱਚੇ ਨੇਤ੍ਰਾਂ ਵਾਲਾ ਇਸ ਕੁਦਰਤ ਦੇ ਚਮਤਕਾਰ ਨੂੰ ਵਿਡਾਣ (ਅਚਰਜੋ ਅਚਰਜ) ਵੇਖ ਕੇ ਵਿਸਮਾਦ ਹੋ ਰਿਹਾ ਹੈ। ਹਾਂ ਜੀ, ਤੇ ਇਸ ਵਿਡਾਣ ਨੂੰ ਵਿਸਮਾਦ ਕਰਕੇ ਦੇਖਣਾ, ਇਸ ਵਿਸਮਾਦ ਦੇ ਉੱਚੇ ਰੰਗ ਨੂੰ ਸਮਝਣਾ ਭਾਗ ਭਰੀ ਨਿਸ਼ਾਨੀ ਸਾਨੂੰ ਦਸਦਾ ਹੈ।

ਉਹ ਦਿਲ ਸੋਚ, ਗੇਣਤੀ, ਫਿਕਰ ਦੇ ਭਾਵ ਤੋਂ ਸੁਤੰਤਰ ਹੈ, ਜਿਸ ਨੂੰ ਇਹ ਕੁਦਰਤ ਦੇ ਨਜ਼ਾਰੇ ਵੇਖ ਕੇ ਵਿਡਾਣ ਹੋ ਜਾਏ। ਓਹ ਸੁਭਾਗ ਹੈ ਜਿਸ ਨੇ ਦਰਸ਼ਨ ਪਾਏ ਸੁੰਦਰਤਾ ਦੇ ਝਾਕੇ ਲਏ ਤੇ ਵਿਸਮਾਦ ਵਿਚ ਰਹਿ ਗਿਆ।

ਸਰੀਰ ਦੇ ਅੰਦਰ ਲੁਕੇ ਬੈਠੇ ਦੇਖਣ ਹਾਰ ਦਾ ਇਸ (ਦਿਸਣਹਾਰ) ਚਮਤਕਾਰਿਆਂ ਵਿਚ ਲੁਕੀ ਬੈਠੀ ਸੁੰਦਰਤਾ ਦਾ ਕੋਈ ਗੁੱਝਾ ਮੇਲ ਹੈ। ਸੁੰਦਰਤਾ ਨੇ ਝਲਕਾ ਮਾਰਿਆ, ਦੇਖਣਹਾਰ ਨੂੰ ਵਿਸਮਾਦ ਦਾ ਚੱਕਰ ਆਇਆ ਕਿ ਆਪੇ ਵਿਚ ਮਗਨ। ਮਗਨਤਾ ਆਈ ਕਿ 'ਦ੍ਰਿਸ਼ਟਮਾਨ' ਨਾਲ ਨੇਹੁ ਟੁੱਟਾ। ਦ੍ਰਿਸ਼ਟਮਾਨ ਦਾ ਨੇਹੁ ਟੁੱਟਾ ਕਿ ਆਪਾ ਆਪੇ ਵਿਚ ਤੇ ਅਨੰਤ ਦੀ ਗੋਦ ਵਿਚ ਛਾਲ ਮਾਰਨ ਨੂੰ ਤਿਆਰ ਯਾ ਛਾਲ ਵੱਜ ਹੀ ਗਈ।

ਹਾਂ ਜੀ, ਇਹੋ ਸਮਾਧੀ ਜੇ, ਜਿਸ ਦੇ ਮਗਰ ਜੋਗੀਆਂ ਦੇ ਜੁੱਗ ਗਲ ਗਏ ਤੇ ਤਪੀਆਂ ਹੱਠੀਆਂ ਦੇ

ਕਲਪ ਲੰਘ ਗਏ। 'ਸੋਚ' ਨੇ ਗਿਆਨੀ, ਤਿਆਗੀ ਵੈਰਾਗੀ, ਜਪੀ, ਤਪੀ ਕਈ ਰੂਪ ਧਾਰੇ, ਕਈ ਹੱਥ ਪੈਰ ਮਾਰੇ, ਪਰ ਇਸ ਨੂੰ ਆਪਣੇ ਆਪ ਵਿਚ, 'ਆਪੇ' ਨੂੰ 'ਆਪਾ' ਕਰਨੇ ਵਾਲੀ ਰੰਗਣ ਨਾ ਚੜ੍ਹੀ ਪਰ ਨਾ ਚੜ੍ਹੀ, ਇਹ ਤਾਂ 'ਰਸ' ਦੀ ਸ਼ੈ ਸੀ 'ਸੋਚ' ਦੀ ਸ਼ੈ ਨਹੀਂ ਸੀ, 'ਸੱਚ' ਰਸ ਨੂੰ ਤੋੜ ਕੇ ਗੇਣਤੀ ਵਿਚ ਪਾਉਂਦੀ ਹੈ, ਫੇਰ ਲੋੜਾਂ ਤੇ ਸਰੀਰਕ ਭੁੱਖਾਂ ਲਾਲਚ ਵਿਚ ਲੈ ਤੁਰਦੀਆਂ ਹਨ। ਫੇਰ ਲਾਲਚ ਵਿਚ ਪੈ ਗਿਆ, ਲੈ ਲੈਣ ਦੀ ਬਿਰਤੀ ਵਿਚ ਲੋਭ ਦਾ ਸੁਆਦ ਆਉਂਦਾ ਹੈ। ਹੁਣ ਇਸ ਹਾਲਤ ਵਿਚ ਜੇ ਕਦੇ ਮਨ ਉਤੇ ਸੁੰਦਰਤਾ ਨੇ ਝਲਕਾ ਮਾਰਿਆ ਬੀ ਤਾਂ ਜਿਉਂ ਹੀ ਕਿ ਬਿਸਮੈ ਭਾਵ ਉਦੇ ਹੋਣ ਲੱਗਾ ਝੱਟ ਸੋਚ ਨੇ ਅੰਦਰੋਂ ਕਿਹਾ, ਜਿਸ ਵਿਚੋਂ ਇਹ ਸੁੰਦਰਤਾ ਪ੍ਰਗਟੀ ਹੈ, ਇਹ ਸੁਹਣਾ ਹੈ, ਇਸ ਨੂੰ ਪੜ ਲਓ, ਲੈ ਲਓ, ਆਪਣੇ ਕਾਬੂ ਵਿਚ ਕਰੋ, ਇਹ ਲੈ ਲੈਣ ਦੀ ਤ੍ਰਿਸ਼ਨਾ ਬਿਸਮੈ ਭਾਵ ਵਿਚ ਜਾਣ ਵਾਲੀ ਬਿਰਤੀ ਨੂੰ ਮੋਟਿਆਂ ਕਰਦੀ ਹੈ। ਲੋਭ ਲਹਿਰ ਆਈ, ਸੋਚ ਮੋਟੀ ਹੋ ਗਈ, ਵਿਸਮ ਭਾਵ ਪੰਘਰ ਕੇ ਤਿਲਕਿਆ ਤੇ ਤਿਲਕਦਿਆਂ ਤਿਲਕਦਿਆਂ ਮਾਨੋਂ ਭਾਫ ਬਣ ਕੇ ਉੱਡ ਗਿਆ। ਐਉਂ ਜਗਤ ਦਾਨਾ ਜਗਤ, ਸੋਚ ਵਾਲਾ ਜਗਤ-ਵਿਸਮਾਦ ਨਹੀਂ ਹੁੰਦਾ, ਵਿਸਮਾਦ ਨਹੀਂ ਰਹਿ ਜਾਂਦਾ, ਵਿਡਾਣ ਵੇਖਦਾ ਹੈ ਪਰ ਵਿਸਮਾਦ ਵਿਚ ਨਹੀਂ ਜਾਂਦਾ। ਸੋਚ ਇਸ ਵਿਚ ਨਹੀਂ ਜਾਣ ਦੇਂਦੀ, ਤ੍ਰਿਸ਼ਨਾਂ ਇਸ ਵਿਚ ਜਾਂਦੇ ਨੂੰ ਬਾਹੋਂ ਫੜ ਲੈਂਦੀ ਹੈ।

## ਸੇਲ੍ਹੀਆਂ ਵਾਲਾ ਗੁਰੂ ਨਾਨਕ

ਕਿਹੀ ਸੁਹਣੀ ਨਿੱਕੀ ਜਿਹੀ ਪਹਾੜੀ ਹੈ, ਪਹਾੜੀ ਹੈ, ਪੱਬੀ ਹੈ ਕਿ ਟਿੱਬੀ ਹੈ। ਮੀਂਹ ਪੈ ਹਟੇ ਹਨ, ਹਰਾ-ਹਰਾ ਘਾਹ ਮਖਮਲ ਵਾਂਗੂੰ ਚਮਕ ਰਿਹਾ ਹੈ ਵਿਚ ਨਾਨਾ ਤਰ੍ਹਾਂ ਦੇ ਬੂਟੇ ਬੂਟੀਆਂ ਹਨ। ਉੱਪਰ ਆਕਾਸ਼ ਨੇ ਸਰਪੋਸ਼ ਉਠਾ ਰਖਿਆ ਹੈ, ਰਾਤ ਨੇ ਘਸਮੈਲੜਾ ਰੰਗ ਵਰਤਾ ਦਿਤਾ ਹੈ, ਪਰ ਇਸ ਵਿਚ ਲੱਖਾਂ ਤੇ ਕ੍ਰੋੜਾਂ ਨਿੱਕੇ ਫਾਨੂਜ ਅਤੇ ਇਕ ਵੱਡਾ ਝਾੜ ਲਟਕ ਰਿਹਾ ਹੈ ਤੇ ਚੁੱਪ ਸ਼ਾਂਤ ਦਾ ਠੰਢਕਦਾਰ ਰੰਗ ਫੈਲ ਰਿਹਾ ਹੈ। ਮਲਕੜੇ ਜਿਹੇ ਵਿਡਾਣ ਨੇ ਹੋਰ ਰੂਪ ਧਾਰਿਆ। ਚੰਦ ਤਾਰੇ ਫਿੱਕੇ ਪੈ ਗਏ, ਪੂਰੇ ਤੋਂ ਮਿੱਠਾ ਪ੍ਰਕਾਸ਼ ਆ ਗਿਆ, ਪੱਛੋਂ ਵਲੋਂ ਠੰਢੀ-ਠੰਢੀ ਪੌਣ ਰੁਮਕ ਪਈ, ਇਸ ਆਪਣੇ ਨੇੜੇ ਤੇੜਿਆਂ ਨਾਲੋਂ ਸਭ ਤੋਂ ਉਚੀ ਥਾਂ ਤੋਂ ਅਚਰਜ ਦਰਸ਼ਨ ਹੁੰਦੇ ਹਨ, ਦੂਰ-ਦੂਰ ਦੇ ਪਹਾੜਾਂ ਦੇ ਉੱਪਰ ਸੁਨਹਿਰੀ ਕਿੰਗਰੀ ਫਿਰ ਗਈ ਹੈ ਔਹ ਤੱਕੋ ਕਿ ਪੂਰੇ ਤੋਂ ਹੁਣ ਨਿੱਘੇ ਪ੍ਰਕਾਸ਼ ਦਾ ਪ੍ਰਤਾਪੀ ਪਾਤਸ਼ਾਹ ਕਿਸ ਸ਼ਾਨ ਨਾਲ, ਕਿਸ ਸੁਹਾਉ ਨਾਲ ਦਮਕਾਂ ਮਾਰਦਾ ਆ ਨਿਕਲਿਆ ਹੈ? ਸਾਰੀ ਕੁਦਰਤ ਏਸੇ ਦੇ ਦਰਸ਼ਨਾਂ ਦੇ ਚਾਉ ਵਿਚ ਸੁਹਣੀ ਹੋ ਰਹੀ ਸੀ, ਪੰਛੀ ਏਸੇ ਦਾ, 'ਜੀ ਆਇਆ' ਦਾ ਗੀਤ ਗਾ ਰਹੇ ਸੀ।

ਇਸ ਵੇਲੇ ਇਸ ਚੜ੍ਹਦੀ ਸੁਹਾਉਣੀ ਕਿਰਨਾਂ ਵਾਲੀ ਨੂੰ ਦੇਖਣ ਵਾਲੇ ਪਸ਼ੂ ਪੰਛੀ ਹੀ ਨਹੀਂ ਪਰ ਇਕ ਚੰਗੀ ਉਮਰ ਦੇ ਮਨੁੱਖ ਬੀ ਹਨ, ਜਿਨ੍ਹਾਂ ਦੀ ਉਮਰਾ ਬਾਲਪਨ, ਜੁਆਨੀ ਦੋਏ ਅਵਸਥਾ ਤੱਕ ਚੁਕੀ ਹੈ। ਹੁਣ ਇਨ੍ਹਾਂ ਦਾ ਚਿਹਰਾ ਰਤਾ ਢਿੱਲਾ ਹੋ ਰਿਹਾ ਹੈ, ਰੂਪ ਰੰਗ ਕੁਝ-ਕੁਝ ਮੱਧਮ ਪੈ ਰਹੇ ਹਨ, ਦੇਹ ਕੁਛ ਨਿਰਬਲ ਵੀ ਹੈ। ਭਰ ਜੁਆਨੀ ਵਿਚ ਜੋ ਸੁੰਦਰਤਾ ਚਿਹਰਿਓਂ ਰੰਗ ਰੂਪ, ਜੋਬਨ ਦੇ ਆਸਰੇ ਲਿਸ਼ਕਾਰੇ ਮਾਰਿਆ ਕਰਦੀ ਹੈ, ਹੈ ਪਰ ਹੁਣ ਜ਼ੋਰਾਂ ਵਿਚ ਨਹੀਂ। ਹਾਂ, ਤੱਕੋ ਸੁੰਧਰਤਾ ਨਿਰੀ ਸਰੀਰ ਦੀ ਸ਼ੈ ਨਹੀਂ ਹੈ, ਇਹ ਤਾਂ ਆਤਮਾ ਦਾ ਰੰਗ ਹੈ, ਅਰਸ਼ਾਂ ਦੀ ਦੇਵੀ ਹੈ। ਏਸੇ ਦੇ ਸਰੀਰ ਵੱਲ ਤੱਕੋ ਜੁਆਨੀ ਢੱਲ ਗਈ, ਪਰ ਫੇਰ ਬੀ ਸੁੰਦਰ ਹੈ, ਅਰ ਇਹ ਜਦ ਤੁਸਾਂ ਵਲ ਆਪਣੀਆਂ ਅੱਖਾਂ ਨਾਲ ਭਰ ਕੇ ਤੱਕਦਾ ਹੈ ਤਾਂ ਸੁੰਦਰਤਾ ਅੱਖਾਂ ਵਿਚੋਂ ਲਿਸ਼ਕਾਰਾ ਮਾਰਦੀ ਹੈ ਤੇ ਚਿਹਰਾ ਬੀ ਸੁਹਣਾ ਲੱਗਦਾ ਹੈ। ਕਿਉਂ ਨਾ ਲੱਗੇ? ਇਸ ਨੇ ਆਪਣੀ ਰੂਹ ਨੂੰ ਮੈਲੀਆਂ ਲੀਰਾਂ ਵਿਚ ਨਹੀਂ ਲਪੇਟਿਆ, ਸਾਰੀ ਉਮਰ ਇਸੇ ਉਜਾੜ ਪਹਾੜੀ ਤੇ ਬੈਠਾ ਰਿਹਾ ਹੈ, ਕਠਨ ਤਪ ਕਰਦਾ ਤੇ ਮਨ ਨੂੰ ਮਾੜੇ ਕੰਮਾਂ ਅਤੇ ਮੰਦ ਵਾਸ਼ਨਾਂ ਤੋਂ ਰੋਕਦਾ ਰਿਹਾ ਹੈ। ਇਸੇ ਚਾਹ ਨਾਲ ਇਹ ਸੁਹਣਾ ਜਗਤ ਨਾਲ ਨਾਤਾ ਤੋੜ ਏਥੇ ਆ ਰਿਹਾ ਸੀ ਕਿ ਅਟੰਕ ਹੋ ਕੇ ਤਪ ਕਰਾਂ, ਜੱਫਰ ਜਾਲਾਂ ਜੋ ਘਾਲ ਤੇ ਰੁਝ ਕੇ ਸਾਂਈ ਮਿਲੇ। ਪੇਟ ਦੇ ਪੂਰਾ ਕਰਨ ਲਈ ਬੱਕਰੀਆਂ ਰੱਖ ਛੱਡੀਆਂ ਸਨ, ਜੋ ਸਾਰਾ ਦਿਨ ਖਾ ਪੀ ਚਰ ਚੁਗ ਕੇ ਸੁਹਣੇ ਪੁਰਖ ਨੂੰ ਦੋਏ ਵੇਲੇ ਦੁੱਧ ਦੇ ਦੇਂਦੀਆਂ ਸਨ। ਇਹੋ ਸਾਈਂ ਲੋਕ ਦੀ ਰੋਟੀ ਸੀ ਤੇ ਕਈ ਵੇਰ ਇਹੋ ਪਾਣੀ ਸੀ। ਜਿਸ ਨੇ ਉਮਰ ਤਪਾਂ ਹਠਾਂ ਵਿਚ ਕੱਟੀ ਹੋਵੇ, ਜਿਸ ਨੂੰ ਪਿਆਰੇ ਦੇ ਦਰਸ਼ਨਾਂ ਦੀ ਉਡੀਕ ਰਹੀ ਹੋਵੇ, ਓਸ਼ਦੇ ਢਲ ਰਹੇ ਸਰੀਰ ਵਿਚੋਂ ਸੁੰਦਰਤਾ ਕਿਵੇਂ ਨੱਠ ਜਾਵੇ?

ਅੱਜ ਆਪ ਉਦਾਸ ਹਨ, ਸੂਰਜ ਦੇ ਚੜ੍ਹਦੇ ਲਿਸ਼ਕਾਰੇ ਨੇ ਉਦਾਸੀ ਘਟਾਈ ਹੈ ਪਰ ਤਕੋ ਅਜੇ ਬੀ ਕਿਸੇ-ਕਿਸੇ ਵੇਲੇ ਨੈਣਾਂ ਵਿਚੋਂ ਛਮਾ-ਛਮਾ ਪਾਣੀ ਵਗ ਪੈਂਦਾ ਹੈ ਤੇ ਲੰਮਾ ਜਿਹਾ ਸਾਹ ਲੈ ਕੇ ਆਖਦੇ

ਹਨ, "ਮੌਲਾ ਤੇਰੀ ਰਜ਼ਾ! ਤੇਰੀ ਰਜ਼ਾ" ਫੇਰ ਸੂਰਜ ਵਲ ਪਿੱਠ ਕਰਕੇ ਬੈਠ ਗਏ, ਕਿਉਂ ਜੋ ਸੂਰਜ ਹੁਣ ਤਿੱਖਾ ਹੋ ਗਿਆ ਹੈ ਤੇ ਅੱਖਾਂ ਤੇਜ ਨੂੰ ਝੱਲ ਨਹੀਂ ਸਕਦੀਆਂ। ਪਿੱਠ ਨਿੱਘੀ ਹੋ ਗਈ ਤੇ ਅੱਖਾਂ ਨੂੰ ਨੀਂਦ ਆ ਗਓਂ, ਆਪ ਹੁਰੀਂ ਬੈਠੇ-ਬੈਠੇ ਸੌਂ ਗਏ।

ਇਸ ਪਹਾੜੀ ਤੇ ਕਦੇ-ਕਦੇ ਇਕ ਮੁਟਿਆਰ ਪਹਾੜਨ ਬੱਕਰੀਆਂ ਚਾਰਨ ਆਇਆ ਕਰਦੀ ਸੀ, ਅਰਬ ਬਾਬੇ ਨੂੰ ਕਦੇ ਨੇੜਿਓਂ ਕਦੇ ਦੂਰੋਂ ਮੱਥਾ ਟੇਕ ਜਾਇਆ ਕਰਦੀ ਸੀ। ਅੱਜ ਸਵੇਰੇ ਹੀ ਉਹ ਕੁੜੀ ਆ ਨਿਕਲੀ ਤੇ ਗਾਉਣ ਲਗ ਗਈ -

*ਨਹੀਂ ਬੋ ਭਰੋਸੋ ਏਸ ਜੀਣੇ ਦਾ,*
*ਨਹੀਂ ਬੋ ਭਰੋਸੋ ਏਸ ਜੀਣੇ ਦਾ,*
*ਦਮ ਆਵੇ ਨਾ ਆਵੇ।*

ਸਾਂਈਂ ਲੋਕ ਦੀ ਅੱਖ ਖੁੱਲ੍ਹ ਗਈ, ਇਕ ਠੰਢਾ ਸਾਹ ਭਰਿਆ, ਠੀਕ ਆਖਦੀ ਹੈ, ਇਸ ਮੁਟਿਆਰ ਨੂੰ ਜੀਉਣੇ ਦਾ ਭਰੋਸਾ ਨਹੀਂ, ਤਾਂ ਮੇਰੇ ਰੁਖੜੇ ਨਦੀ ਕਿਨਾਰੇ ਦੇ ਜੀਉਣੇ ਦਾ ਕੀ ਭਰੋਸਾ ਹੋ ਸਕਦਾ ਹੈ? ਪਰ ਮੈਂ ਹੋਰ ਕਰਾਂ ਬੀ ਕੀ? ਸਾਰੀ ਉਮਰ ਗੁਨਾਹ ਤੋਂ ਪਾਕ ਰਿਹਾ ਹਾਂ, ਦਿਨ ਰਾਤ ਤਪ ਕਰਦਾ ਰਿਹਾ ਹਾਂ, ਸਰੀਰ ਨੂੰ ਸਾਧ ਨਾਲ ਘਾਲਿਆ, ਕਿਸੇ ਸੁਆਦ ਰਸ ਦੇ ਅਧੀਨ ਹੋ ਕੇ ਸਰੀਰ ਦੇ ਆਖੇ ਨਹੀਂ ਲੱਗਾ। ਕਿਸੇ ਨਾਲ ਵਾਹ ਹੀ ਨਹੀਂ ਰਖਿਆ, ਮੰਦਾ ਤਾਂ ਕਿਸੇ ਦਾ ਕੀਹ ਕਰਨਾ ਸੀ, ਪਰ ਮੈਂ ਹਾਂ ਕਿ ਅਜੇ ਆਪਣੇ ਆਪ ਵਿਚ ਤਸੱਲੀ ਨਹੀਂ ਰੱਖਦਾ ਕਿ ਸੁਖੀ ਹਾਂ, ਖੁਸ਼ ਹਾਂ, ਸ਼ਾਂਤ ਹਾਂ। ਅਜੇ ਮੌਲਾ ਦੇ ਦੀਦਾਰ ਨਹੀਂ ਹੋਏ। ਮੁਰਸ਼ਿਦ ਕਹਿ ਗਿਆ ਸੀ ਕਿ ਰਸਤਾ ਏਹੋ ਹੈ ਕਰੀ ਜਾਹ। ਮੈਂ ਕਰੀ ਗਿਆ ਹਾਂ ਪਰ ਮੈਨੂੰ ਪਤਾ ਨਹੀਂ ਕਿ ਜੋ ਕੁਛ ਮੈਂ ਕੀਤਾ ਹੈ, ਦੁਰਸਤ ਹੈ? ਇਹੋ ਕਰਨਾ ਸੀ ਤੇ ਇਸ ਦਾ ਫਲ ਇਹੋ ਸੀ ਕਿ ਕਰੀ ਹੀ ਜਾਵਾਂ, ਜਾਂ ਕੁਛ ਹੋ ਕਰਨਾ ਸੀ? ਚੇਟਕ ਲਾਉਣ ਵਾਲਾ ਤਪ ਤਾਪਣ ਵਿਚ ਪਾ ਕੇ ਮੁੜ ਨਾ ਆਇਆ ਤੇ ਮੇਰੀ ਉਮਰਾ ਲੰਘ ਚੱਲੀ, ਕਿਸ ਨੂੰ ਪੁੱਛਾਂ ਕਿ ਭਾਈ ਮੈਂ ਪਾਤਸ਼ਾਹ ਦੇ ਮਹਿਲਾਂ ਨੂੰ ਠੀਕ ਛੱਡ ਕੇ ਜਾ ਰਿਹਾ ਹਾਂ ਕਿ ਨਹੀਂ।

*ਚਲਦਾ...........।'*

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਜੇਠਿ ਸੰਗਰਾਂਦ - 14 ਮਈ, ਦਿਨ ਬੁੱਧਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

### ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amout |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

### ਦਸਵੰਧ ਭੇਜਣ ਲਈ -

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
